# ਕੈਨੇਡਾ ਦਰਪਣ

ਅਪ੍ਰੈਲ 4, 1986

**April 4, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan

Punjabi Weekly Newspaper

Weekending April 4, 1986 Vol. 5 No. 13 Price 35¢ Out of Greater Vancouver 50¢ Ph. (604)581-4473

**ਅੰਦਰ ਪੜ੍ਹੋ : ਵਿਸ਼ੇਸ਼**

- ਉਜੱਲ ਦੁਸਾਂਝ ਦਾ ਲੇਖ — ਇੰਦਰਾ ਗਾਂਧੀ ਦਾ ਕਤਲ ਕਿਉਂ? ਇੰਦਰਾ ਗਾਂਧੀ ਦਾ ਕਤਲ ਕਿਸ ਤਰ੍ਹਾਂ? ਇੰਦਰਾ ਗਾਂਧੀ ਦਾ ਕਤਲ ਕਿਸ ਹੱਥੋਂ?

## ਹੋਲੇ ਮਹੱਲੇ ਦੇ ਮੌਕੇ ਉਤੇ

# ਆਨੰਦਪੁਰ ਸਾਹਿਬ ਗੋਲੀ ਚੱਲੀ - ਕਰਫਿਊ ਲਾਗੂ

ਆਨੰਦਪੁਰ ਸਾਹਿਬ — ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤੀ ਜਾ ਰਹੀ ਹੋਲਾ ਮਹੱਲਾ ਕਾਨਫਰੰਸ ਉਤੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਾਲਿਆਂ ਵਲੋਂ ਹਮਲਾ ਕੀਤੇ ਜਾਣ ਉਤੇ ਗੋਲੀ ਚਲਣ ਸਮੇਂ ਪੰਜ ਵਿਅਕਤੀ ਮਾਰੇ ਗਏ ਅਤੇ ਦੋ ਦਰਜਨ ਤੋਂ ਵੱਧ ਜ਼ਖਮੀ ਹੋ ਗਏ।

ਬੀ. ਬੀ. ਸੀ. ਦੀਆਂ ਖਬਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪੰਡਾਲ ਵਿਚ ਇਕ ਲੱਖ ਤੋਂ ਵੱਧ ਸਿਖ ਸੰਗਤਾਂ ਹਾਜ਼ਰ ਸਨ ਜਿਸ ਸਮੇਂ 2500 ਦੇ ਲਗਪਗ ਫੈਡਰੇਸ਼ਨੀਏ ਅਤੇ ਹੋਰ ਖਾੜਕੂ ਪੰਡਾਲ ਨੂੰ ਟੁੱਟ ਕੇ ਪੈ ਗਏ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਉਤੇ ਜਾ ਚੜ੍ਹੇ। ਕਾਨਫਰੰਸ ਦੀ ਸਟੇਜ ਉਤੇ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹੋਰ ਨੇਤਾਵਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਵੀ ਹਾਜ਼ਰ ਸਨ।

ਕਾਨਫਰੰਸ ਵਿਚ ਘਸੁੰਨ ਮੁੱਕੀ ਅਤੇ ਹਥਿਆਰਾਂ ਦੀ ਵਰਤੋਂ ਸ਼ਰੇਆਮ ਹੋਣ ਨਾਲ ਪੁਲਸ ਨੇ ਹੰਝੂ ਗੈਸ ਦੀ ਵਰਤੋਂ ਕੀਤੀ ਪਰ ਹਾਲਾਤ ਕਾਬੂ ਹੇਠ ਫਿਰ ਵੀ ਨਾ ਆਏ।

## ਪੁਲਸ ਵਲੋਂ ਗੋਲੀ ਚਲਾਈ ਗਈ

ਪੁਲਸ ਦਾ ਭਾਰਾ ਪ੍ਰਬੰਧ ਪਹਿਲਾਂ ਹੀ ਕੀਤਾ ਗਿਆ ਦੱਸਿਆ ਗਿਆ ਹੈ। ਪੁਲਸ ਵਲੋਂ ਲਾਠੀਚਾਰਜ ਵੀ ਕੀਤਾ ਗਿਆ ਅਤੇ ਰਬੜ ਗੋਲੀਆਂ ਦੀ ਵਰਤੋਂ ਵੀ ਖੁਲ੍ਹੇਆਮ ਕੀਤੀ ਗਈ। ਪੁਲਸ ਦੇ ਗੋਲੀ ਚਲਾਏ ਜਾਣ ਨਾਲ ਪੰਜ ਵਿਅਕਤੀ ਤਾਂ ਮੌਕੇ ਉਤੇ ਹੀ ਮਾਰੇ ਗਏ। ਜ਼ਖਮੀਆਂ ਵਿਚੋਂ ਪੰਜਾਂ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦ ਲਾਠੀਚਾਰਜ ਹੰਝੂ ਗੈਸ ਤੇ ਰਬੜ ਗੋਲੀਆਂ ਨਾਲ ਵੀ ਭੜਕੇ ਹੋਏ ਲੋਕ ਕਾਬੂ ਹੇਠ ਨਾ ਆਏ ਤਾਂ ਪੁਲਸ ਨੇ ਗੋਲੀ ਚਲਾਈ ਪਰ ਫੈਡਰੇਸ਼ਨ ਦੇ ਇਕ ਬੁਲਾਰੇ ਨੇ ਕਿਹਾ ਕਿ ਬਰਨਾਲਾ ਸਰਕਾਰ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ - ਇਸੇ ਕਾਰਨ ਪੁਲਸ ਦੀ ਵਰਤੋਂ ਕੀਤੀ ਗਈ।

ਸਿੱਖਾਂ ਦੇ ਇਤਿਹਾਸਕ ਸ਼ਹਿਰ ਦਾ ਇਹ ਹਸ਼ਰ ਦੇਖਕੇ ਆਮ ਲੋਕਾਂ ਵਿਚ ਗੁੱਸੇ ਦੀ ਲਹਿਰ ਦੌੜ ਰਹੀ ਹੈ। ਖਬਰਾਂ ਅਨੁਸਾਰ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨੇ ਕਈ ਦਿਨ ਪਹਿਲਾਂ ਹੀ ਉਸ ਅਸਥਾਨ ਉਤੇ ਕਬਜ਼ਾ ਕਰ ਲਿਆ ਸੀ ਜਿਥੇ ਅੱਗੇ ਤਲਵੰਡੀ ਦਲ ਆਪਣੀ ਕਾਨਫਰੰਸ ਕਰਦਾ ਸੀ। ਆਨੰਦਪੁਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਦੋਵਾਂ ਜਥੇਬੰਦੀਆਂ ਨੂੰ ਪੂਰਾ ਮਿਲਵਰਤਣ ਦੇਣ ਦੀ ਖਬਰਾਂ ਵੀ ਮਿਲੀਆਂ ਸਨ।

## ਆਨੰਦਪੁਰ ਸਾਹਿਬ ਵਿਚ ਕਰਫੀਊ

ਆਨੰਦਪੁਰ ਸਾਹਿਬ ਵਿਚ ਇਸ ਸਮੇਂ ਕਰਫੀਊ ਲਾਗੂ ਹੈ। ਆਨੰਦਪੁਰ ਸਾਹਿਬ ਤੋਂ ਬਿਨਾਂ ਨਕੋਦਰ, ਬਟਾਲਾ, ਜਲੰਧਰ ਆਦਿ ਵਿਚ ਵੀ ਅਜੇ ਕਰਫੀਊ ਲਾਗੂ ਹੈ।

## 10 ਦਿਨਾਂ ਵਿਚ 45 ਮੌਤਾਂ

ਪਿਛਲੇ ਦਸ ਦਿਨਾਂ ਅੰਦਰ ਪੰਜਾਬ ਵਿਚ ਹਿੰਸਾਤਮਕ ਘਟਨਾਵਾਂ ਵਿਚ 45 ਵਿਅਕਤੀ ਮਾਰੇ ਜਾ ਚੁਕੇ ਹਨ ਅਤੇ 100 ਤੋਂ ਵੱਧ ਜ਼ਖਮੀ ਹੋ ਚੁੱਕੇ ਹਨ।

## ਮੋਹਕਮ ਸਿੰਘ ਗ੍ਰਿਫਤਾਰ

ਦਮਦਮੀ ਟਕਸਾਲ ਦਾ ਬੁਲਾਰਾ ਮੋਹਕਮ ਸਿੰਘ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਤਿੰਨ ਹੋਰ ਆਗੂ ਵੀ ਗ੍ਰਿਫਤਾਰ ਕੀਤੇ ਜਾ ਚੁਕੇ ਹਨ। ਇਹ ਗ੍ਰਿਫਤਾਰੀਆਂ ਮੰਗਲਵਾਰ ਕੀਤੀਆਂ ਗਈਆਂ। ਸਤੰਬਰ 1985 ਤੋਂ ਪਿਛੋਂ ਇਹ ਪਹਿਲੀ ਵਾਰ ਹੈ ਕਿ ਦਮਦਮੀ ਟਕਸਾਲ ਜਾਂ ਫੈਡਰੇਸ਼ਨ ਦੇ ਲੀਡਰ ਗ੍ਰਿਫਤਾਰ ਕੀਤੇ ਗਏ ਹਨ।

## ਬਰਨਾਲਾ ਵਲੋਂ ਸਖਤੀ ਦੇ ਆਦੇਸ਼

ਚੰਡੀਗੜ੍ਹ ਤੋਂ ਸਾਡੇ ਪੱਤਰਪ੍ਰੇਰਕ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਸ: ਬਰਨਾਲਾ ਨੇ ਪੁਲਸ ਨੂੰ ਸਖਤ ਚਿਤਾਵਨੀ ਦਿਤੀ ਹੈ ਕਿ ਹਿੰਸਾਤਮਕ ਘਟਨਾਵਾਂ ਕਰਨ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇ ਅਤੇ ਜਿਥੇ ਵੀ ਗੜਬੜ ਹੁੰਦੀ ਹੈ ਉਹ ਸਖਤੀ ਨਾਲ ਦਬਾ ਦਿਤੀ ਜਾਵੇ। ਅਖਬਾਰਾਂ ਦੇ ਪ੍ਰਤੀਨਿਧਾਂ ਨਾਲ ਗਲਬਾਤ ਕਰਦਿਆਂ ਉਨ੍ਹਾਂ ਦੋਸ਼ ਲਗਾਇਆ ਕਿ ਗੜਬੜ ਕਰਨ ਵਾਲੇ ਅਕਾਲੀ ਸਰਕਾਰ ਤੋੜਨ ਦਾ ਮਨਸੂਬੇ ਬਣਾ ਰਹੇ ਹਨ।

## ਦੋ ਹਿੰਦੂ ਦੁਕਾਨਦਾਰ ਕਤਲ

ਇਸੇ ਦੌਰਾਨ ਮੰਗਲਵਾਰ ਦੀ ਰਾਤ ਫਤਹਿਬਾਦ ਪਿੰਡ ਵਿਚ ਚਾਰ ਬੰਦੂਕਧਾਰੀਆਂ ਨੇ ਦੋ ਹਿੰਦੂ ਦੁਕਾਨਦਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕਾਤਲ ਟਰੱਕ ਉਤੇ ਆਏ। ਇਕ ਡਾਕਟਰ ਅਤੇ ਇਕ ਕਿਸਾਨ ਆਗੂ ਵੀ ਕਤਲ ਕਰ ਦਿੱਤੇ ਗਏ ਹਨ।

## ਰਾਜਸਥਾਨ ਸਰਹੱਦ ਉਤੇ ਇਕ ਅਤਿਵਾਦੀ ਮਾਰਿਆ ਗਿਆ

ਰਾਜਸਥਾਨ ਸਰਹੱਦ ਉਤੇ ਪੁਲੀਸ ਨਾਲ ਮੁਠਭੇੜ ਵਿਚ ਇਕ ਅਤਿਵਾਦੀ ਮਾਰਿਆ ਗਿਆ ਅਤੇ ਚਾਰ ਗ੍ਰਿਫਤਾਰ ਕਰ ਲਏ ਗਏ।

ਅੰਮ੍ਰਿਤਸਰ — ਸਥਾਨਕ ਪੁਲੀਸ ਵਲੋਂ ਸਮੇਂ ਸਿਰ ਕਾਰਵਾਈ ਕੀਤੇ ਜਾਣ ਕਾਰਨ ਇਥੇ ਦਇਆਨੰਦ ਪਾਲੀਟੈਕਨਿਕ ਵਿਚ ਸ਼ਿਵ ਸੈਨਾ ਤੇ ਹੋਰਨਾਂ ਜਥੇਬੰਦੀਆਂ ਦੇ ਵਰਕਰਾਂ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨਾਂ ਵਿਚਾਲੇ ਝੜਪ ਦੀ ਸੰਭਾਵਨਾ ਟਲ ਗਈ।

## ਜਨੀਵਾ ਵਿਚ ਪ੍ਰੈਸ ਕਾਨਫਰੰਸ ਕਰਕੇ ਵਾਪਸ ਪਰਤ ਆਏ

ਜਨੀਵਾ — ਇਥੋਂ ਮਿਲੀਆਂ ਖਬਰਾਂ ਅਨੁਸਾਰ ਵਿਸ਼ਵ ਸਿਖ ਸੰਸਥਾ ਦੇ ਚਾਰ ਬੁਲਾਰੇ ਗਿਆਨ ਸਿੰਘ ਸੰਧੂ, ਗੋਪਾਲ ਸਿੰਘ ਬਰਾੜ, ਜੀਤ ਸਿੰਘ ਮਾਂਗਟ ਅਤੇ ਜੋਗਿੰਦਰ ਸਿੰਘ ਬੈਂਸ 26 ਫਰਵਰੀ ਨੂੰ ਇਥੇ ਆਏ ਅਤੇ ਇਕ ਸੰਸਥਾ 'ਫੋਰ ਡਾਇਰੈਕਸ਼ਨਜ਼ ਕੌਂਸਲ' ਦੇ ਮੈਂਬਰਾਂ ਵਜੋਂ ਇਥੇ ਇਕ ਪ੍ਰੈਸ ਕਾਨਫਰੰਸ ਕੀਤੀ ਜਿਸ ਕਾਨਫਰੰਸ ਅਤੇ ਰੀਸੈਪਸ਼ਨ ਵਿਚ ਪੰਜ ਵਿਅਕਤੀ ਸ਼ਾਮਲ ਸਨ।

ਮਨੁੱਖੀ ਹੱਕਾਂ ਬਾਰੇ ਸਿੱਖਾਂ ਸਬੰਧੀ ਕੋਈ ਮਸਲਾ ਉਠਾਏ ਜਾਣ ਦੀ ਖਬਰ ਨਹੀਂ ਮਿਲੀ ਹੈ। ਮਨੁੱਖੀ ਹੱਕਾਂ ਦੇ ਕਮਿਸ਼ਨ ਕੋਲ ਸਿਖ ਮਸਲੇ ਨੂੰ ਉਠਾਏ ਜਾਣ ਬਾਰੇ ਕੋਈ ਸੂਚਨਾ ਨਹੀਂ ਹੈ।

ਯਾਦ ਰਹੇ ਕਿ ਇਥੋਂ ਦੀਆਂ ਖਾਲਿਸਤਾਨੀ ਅਖਬਾਰਾਂ ਵਿਚ ਫਲੈਸ਼ ਕੀਤੀਆਂ ਖਬਰਾਂ ਛਪੀਆਂ ਹਨ ਕਿ ਇਹ ਵਿਅਕਤੀ ਯੂ. ਐਨ. ਓ. ਦੇ ਮਨੁੱਖੀ ਹੱਕਾਂ ਦੇ ਕਮਿਸ਼ਨ ਸਾਹਮਣੇ ਪੇਸ਼ ਹੋਏ।

## ਸ: ਕਾਬਲ ਸਿੰਘ ਸ਼੍ਰੋਮਣੀ ਕਮੇਟੀ ਦੇ ਪੱਕੇ ਪ੍ਰਧਾਨ ਸਥਾਪਤ

ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਵਿਚ ਕਾਇਮ ਮੁਕਾਮ ਪ੍ਰਧਾਨ ਸ: ਕਾਬਲ ਸਿੰਘ ਨੂੰ ਹੀ ਪੱਕਾ ਪ੍ਰਧਾਨ ਨਿਯੁਕਤ ਕਰ ਦਿਤਾ ਗਿਆ ਹੈ।

ਯਾਦ ਰਹੇ ਕਿ ਪਿਛਲੇ ਦਿਨੀਂ ਸ: ਕਾਬਲ ਸਿੰਘ ਉਤੇ ਅਤਿਵਾਦੀਆਂ ਵਲੋਂ ਕਪੂਰਥਲੇ ਵਿਚ ਗੋਲੀਆਂ ਚਲਾਈਆਂ ਗਈਆਂ ਸਨ ਤੇ ਸ: ਕਾਬਲ ਸਿੰਘ ਜਲੰਧਰ ਹਸਪਤਾਲ ਵਿਚ ਦਾਖਲ ਸਨ।

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਲ ਸਪੈਸ਼ਲ ਸੇਲ ਹੁੰਦੀ ਹੈ

(ਹੋਰ ਜਾਣਕਾਰੀ 20 ਪੰਨੇ ਉਤੇ)

PURI INSURANCE AGENCIES

4543 Kingsway (Near Willingdon Ave.) Burnaby Ph. (604)430-5533

ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ

BEST RATES FOR HOME & COMMERCIAL INSURANCE — JANITORIAL BONDS AVAILABLE

ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ

MasterCard VISA

AUTOPLAN 86 RENEWALS

ਆਪਣੀਆਂ ਟੇਪਾਂ ਤੇ ਕਲੰਡਰ ਲੈਣਾ ਨਾ ਭੁੱਲਣਾ



ਗੁਰਬੀਰ ਸਿੰਘ ਪੁਰੀ

**An Autoplan Reminder —**
Leisure vans with modifications to the interior require a Special Equipment Endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.



ਅਮਰਜੀਤ ਕੌਰ ਪੁਰੀ

# ਪੰਜਾਬ ਵਿਚ ਕਤਲਾਂ ਦੀ ਭਰਮਾਰ ਤਣਾਅਪੂਰਨ ਸਥਿਤੀ

ਪਿਛਲੇ ਦਿਨੀਂ ਪੰਜਾਬ ਵਿਚ ਹਿੰਦੂ ਸਿੱਖਾਂ ਵਿਚ ਝੜਪਾਂ ਹੋਈਆਂ ਜਿਸਦੇ ਸਿੱਟੇ ਵਜੋਂ 9 ਲੋਕਾਂ ਦੀਆਂ ਜਾਨਾਂ ਗਈਆਂ । ਅਤਿਵਾਦੀ ਸਿਖਾਂ ਦੁਆਰਾ ਬਟਾਲੇ ਸ਼ਹਿਰ ਦਾ ਘੇਰਾਓ ਜਿਸਨੂੰ ਪੰਜਾਬ ਪੁਲਸ ਨੇ ਛੇ ਦਿਨਾਂ ਬਾਅਦ ਤੋੜਿਆ ਪੁਲਿਸ ਤੇ ਸਿਖ ਅਤਿਵਾਦੀਆਂ ਵਿਚ ਹੋਈ ਝੜਪ ਅਤੇ ਹਿੰਦੂਆਂ ਤੇ ਕੀਤੇ ਹਮਲਿਆਂ ਵਿਚ 9 ਮਾਰੇ ਗਏ । ਇਕ ਲਖ ਦੀ ਆਬਾਦੀ ਵਾਲੇ ਬਟਾਲੇ ਸ਼ਹਿਰ ਵਿਚ ਅਤਿਵਾਦੀਆਂ ਨੇ ਤਿੰਨ ਹਿੰਦੂਆਂ ਨੂੰ ਕਤਲ ਕਰ ਦਿੱਤਾ ।

# ਪਾਕਿਸਤਾਨ ਵਿਚ ਜ਼ਿਆ ਹਕੂਮਤ ਦੇ ਖਿਲਾਫ ਹਜ਼ਾਰਾਂ ਲੋਕਾਂ ਨੇ ਮੁਜ਼ਾਹਰਾ ਕੀਤਾ ਤੇ ਅਮਰੀਕਾ ਵਿਰੁੱਧ ਨਾਅਰੇ ਲਾਏ

ਰਾਵਲਪਿੰਡੀ — ਬੀਤੇ ਦਿਨੀਂ ਪਾਕਿਸਤਾਨ ਵਿਚ ਜ਼ਿਆ ਹਕੂਮਤ ਦੇ ਖਿਲਾਫ ਕਾਫੀ ਮੁਜਾਹਰੇ ਹੋਏ । ਗਿਆਰਾਂ ਪਾਰਟੀਆਂ ਦੇ ਗਠਜੋੜ ਨੇ ਜੋ ਕਿ ਲੋਕ ਤੰਤਰ ਦੀ ਬਹਾਲੀ ਲਈ ਮੁਹਿੰਮ ਚਲਾ ਰਿਹਾ ਹੈ ਇਸ ਮੁਜਾਹਰੇ ਦਾ ਸੱਦਾ ਦਿੱਤਾ ਸੀ ਮੁਜ਼ਾਹਰੇ ਵਿਚ 60000 ਦੇ ਲਗਭਗ ਲੋਕਾਂ ਨੇ ਹਿਸਾ ਲਿਆ । ਲੋਕ ਕਹਿ ਰਹੇ ਸਨ ਕਿ ਕੀ ਅਸੀਂ ਪਾਕਿਸਤਾਨ ਦੀ ਸਥਾਪਨਾ ਮਿਲਟਰੀ ਦੇ ਰਾਜ ਕਰਨ ਵਾਸਤੇ ਕੀਤੀ ਸੀ । ਬੁਲਾਰਿਆਂ ਨੇ ਜ਼ਿਆ ਦੀ ਹਕੂਮਤ ਨੂੰ ਅਮਰੀਕਾ ਪੱਖੀ ਦੱਸਿਆ। ਪਾਕਿਸਤਾਨ ਵਿਚ 88 ਮਿਲੀਅਨ ਲੋਕ ਲੋਕਤੰਤਰ ਦੀ ਬਹਾਲੀ ਲਈ ਤਰਸ ਰਹੇ ਹਨ ।

# ਯੂਨੀਅਨ ਕਾਰਬਾਈਡ ਦੁਆਰਾ ਭੂਪਾਲ ਗੈਸ ਪੀੜਤਾਂ ਦਾ ਮੁੱਲ 35 ਕਰੋੜ ਰੁਪਈਆ

ਭਾਰਤ ਵਿਚ ਹੋਈ ਗੈਸ ਲੀਕ ਦੁਰਘਟਨਾ ਦੇ ਪੀੜਤਾਂ ਨੂੰ ਮਲਟੀ ਨੈਸ਼ਨਲ ਕਾਰਪੋਰੇਸ਼ਨ ਯੂਨੀਅਨ ਕਾਰਬਾਈਡ ਨੇ 35 ਕਰੋੜ ਰੁ: ਤਕ ਦੇ ਕੇ ਅਦਾਲਤ ਤੋਂ ਬਾਹਰ ਹੀ ਰਾਜੀਨਾਮਾ ਕਰਨ ਦੀ ਪੇਸ਼ਕਸ਼ ਕੀਤੀ । ਪਰ ਭਾਰਤ ਸਰਕਾਰ ਦੇ ਵਕੀਲਾਂ ਨੇ ਇਸ ਨੂੰ ਨਾਮ ਮਨਜ਼ੂਰ ਕਰ ਦਿਤਾ । ਯਾਦ ਰਹੇ ਕਿ ਇਸ ਤ੍ਰਾਸਦੀ ਵਿਚ 2000 ਤੋਂ ਵੱਧ ਜਾਨਾਂ ਗਈਆਂ ਸਨ ਅਤੇ ਲੱਖਾਂ ਦੀ ਤਦਾਦ ਵਿਚ ਲੋਕ ਇਸ ਤੋਂ ਪ੍ਰਭਾਵਿਤ ਜਾਂ ਜ਼ਖਮੀ ਹੋਏ ਸਨ । ਇਹ ਘਟਨਾ ਦਸੰਬਰ 1984 ਵਿਚ ਵਾਪਰੀ ਸੀ ।

# ਅਕਾਲੀ ਦਲ ਬਿੱਲ ਦਾ ਵਿਰੋਧ ਕਰੇਗਾ

ਲੁਧਿਆਣਾ — ਅਕਾਲੀ ਦਲ ਪਾਰਲੀਮਾਨੀ ਧੜੇ ਵਲੋਂ ਲੋਕ ਸਭਾ ਵਿਚ ਪੇਸ਼ ਕੀਤੇ ਰਾਵੀ-ਬਿਆਸ ਪਾਣੀ ਟ੍ਰਿਬਿਊਨਲ ਬਿੱਲ 1986 ਦਾ ਵਿਰੋਧ ਕੀਤਾ ਜਾਵੇਗਾ । ਅਕਾਲੀ ਸੰਸਦ ਮੈਂਬਰ ਮੇਵਾ ਸਿੰਘ ਗਿੱਲ ਨੇ ਉਕਤ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਬਿੱਲ ਰਾਜੀਵ-ਲੌਂਗੋਵਾਲ ਵਿਚਕਾਰ ਹੋਏ ਪੰਜਾਬ ਸਮਝੌਤੇ ਦੇ ਵਿਰੁਧ ਹੈ ।

ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਵੀ ਦਿੱਲੀ ਗਏ ਅਤੇ ਨਵੇਂ ਬਿਲ ਦੇ ਵਿਰੋਧ 'ਚ ਉਨ੍ਹਾਂ ਕੇਂਦਰੀ ਆਗੂਆਂ ਕੋਲ ਵਿਚਾਰ ਪ੍ਰਗਟਾਏ । ਇਸ ਬਿਲ ਉਪਰ ਅਗਲੇ ਹਫਤੇ ਲੋਕ ਸਭਾ ਵਿਚ ਬਹਿਸ ਕਰਾਏ ਜਾਣ ਦੀ ਸੰਭਾਵਨਾ ਹੈ ।

# ਈਸਟ ਇੰਡੀਅਨ ਵਰਕਰਜ਼ ਐਸੋ: ਵਿਲੀਅਮਜ਼ਲੇਕ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਬਰਸੀ ਮਨਾਈ ਗਈ

## ਐਨ. ਡੀ. ਪੀ. ਦੇ ਮੈਂਬਰ ਪਾਰਲੀਮੈਂਟ ਰੇ ਸਕੈਲੀ ਨੇ ਮੀਟਿੰਗ ਨੂੰ ਸੰਬੋਧਨ ਕੀਤਾ

## ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ

## ਸਮਾਗਮ ਦੀ ਪ੍ਰਧਾਨਗੀ ਕਾਮਰੇਡ ਪਿਆਰਾ ਸਿੰਘ ਬਾਸੀ ਨੇ ਕੀਤੀ

ਵਿਲੀਅਮਜ਼ਲੇਕ — (ਪ. ਪ੍ਰੋ: ਕੈ. ਦ.)— 22 ਮਾਰਚ ਐਤਵਾਰ ਨੂੰ ਦੁਪਹਿਰ 2 ਵਜੇ ਈ: ਇ: ਵ: ਐਸੋ: ਦੀ ਵਿਲੀਅਮਜ਼ਲੇਕ ਬਰਾਂਚ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕ ਭਰਵੀਂ ਮੀਟਿੰਗ ਕੀਤੀ ਜਿਸ ਵਿਚ 200 ਤੋਂ ਵੱਧ ਲੋਕਾਂ ਨੇ ਭਾਗ ਲਿਆ । ਇਸ ਵਿਚ ਸਾਰੀਆਂ ਕਮਿਊਨਿਟੀਆਂ ਦੇ ਅਤੇ ਟਰੇਡਜ਼ ਯੂਨੀਅਨਾਂ ਦੇ ਬੁਲਾਰਿਆਂ ਨੇ ਹਿਸਾ ਲਿਆ । ਇਸਦੇ ਨਾਲ ਸੰਗੀਤ ਪਰੋਗਰਾਮ ਜੋ ਮੁਖ ਤੌਰ ਉਤੇ ਇਨਕਲਾਬੀ ਗੀਤਾਂ ਅਤੇ ਭਗਤ ਸਿੰਘ ਹੋਰਾਂ ਨਾਲ ਸਬੰਧਤ ਗੀਤਾਂ ਤੇ ਅਧਾਰਤ ਸੀ, ਨੂੰ ਪੰਜਾਬੀ ਦੇ ਲੇਖਕ ਗਾਇਕ ਅਤੇ ਕਵੀ ਸੁਰਿੰਦਰ ਧੰਜਲ ਹੋਰਾਂ ਦੇ ਗਰੁਪ ਦੁਆਰਾ ਰੋਚਕ ਤਰੀਕੇ ਨਾਲ ਪੇਸ਼ ਕੀਤਾ । ਮਾ: ਗੁਰਮੇਲ ਸਿੰਘ ਹੋਰਾਂ ਸਟੇਜ ਬੜੇ ਸੁਚੱਜੇ ਢੰਗ ਨਾਲ ਸੰਭਾਲੀ ।

ਮੁਖ ਬੁਲਾਰੇ ਸਨ ਅਮਨ ਲਹਿਰ ਦੇ ਡਾ: ਨਾਰਮਨ ਡੱਫ ਜਿਹਨਾਂ ਵਿਲੀਅਮਜ਼ਲੇਕ ਵਿਚ ਸ਼ਾਂਤੀ ਲਈ ਅਤੇ ਪ੍ਰਮਾਣੂ ਹਥਿਆਰਾਂ ਦੀ ਦੌੜ ਨੂੰ ਸਮਾਪਤ ਕਰਨ ਲਈ ਕੀਤੇ ਜਾਂਦੇ ਸੰਘਰਸ਼ ਦੀ ਚਰਚਾ ਕੀਤੀ ਤੇ ਆਮ ਲੋਕਾਂ ਨੂੰ ਵੈਨਕੂਵਰ ਵਿਚ 26 ਅਪਰੈਲ ਨੂੰ ਹੋ ਰਹੇ ਅਮਨ ਮੁਜ਼ਾਹਰੇ ਵਿਚ ਭਾਗ ਲੈਣ ਦਾ ਸੱਦਾ ਦਿੱਤਾ । I.W.A. ਵਿਲੀਅਮਜ਼ਲੇਕ ਦੇ ਪ੍ਰਧਾਨ ਨੇ ਵੀ ਆਪਣੇ ਆਪ ਨੂੰ ਇਸ ਮੌਕੇ ਲਈ ਬੋਲਦਿਆਂ ਸੁਭਾਗਸ਼ਾਲੀ ਕਿਹਾ ਉਹਨਾਂ ਕਿਹਾ ਕਿ ਅਜ ਅਸੀਂ ਉਹਨਾਂ ਸੂਰਬੀਰ ਸ਼ਹੀਦਾਂ ਦੀ ਯਾਦ ਮਨਾ ਰਹੇ ਹਾਂ ਜਿਹਨਾਂ ਮਜ਼ਦੂਰਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਕੁਰਬਾਨੀਆਂ ਕੀਤੀਆਂ । ਇਸਦੇ ਨਾਲ ਹੀ ਉਹਨਾਂ ਕਿਹਾ ਕਿ ਅਜ ਦੀ ਸੋਸ਼ਲ ਕਰੈਡਿਟ ਸਰਕਾਰ ਵੀ ਮਜ਼ਦੂਰ ਯੂਨੀਅਨਾਂ ਨੂੰ ਕੁਚਲਣ ਲਈ ਯਤਨ ਕਰ ਰਹੀ ਹੈ ਆਓ ਅਸੀਂ ਇਕੱਠੇ ਹੋ ਕੇ ਇਸਦਾ ਸਾਹਮਣਾ ਕਰੀਏ ।

ਇਸ ਤੋਂ ਬਿਨਾਂ ਰੇ ਸਕੈਲੀ ਐਮ. ਪੀ. ਨੇ ਭਾਰਤੀ ਕਮਿਊਨਿਟੀ ਨੂੰ ਆਪਣੀ ਮਦਦ ਦਾ ਪੂਰਾ ਯਕੀਨ ਦਵਾਇਆ ।

ਐਨ. ਡੀ. ਪੀ. ਦੇ ਐਮ ਐਲ ਏ ਦੀ ਕੈਰੀਬੂ ਸੀਟ ਲਈ ਉਮੀਦਵਾਰ ਜੌਹਨ ਰੈਸਲਰ ਨੇ ਵੀ ਸਪੀਚ ਕੀਤੀ ਉਸ ਕਿਹਾ ਕਿ ਤੁਸੀਂ ਪੰਜਾਬੀ ਲੋਕ ਸਾਡੀ ਕਮਿਊਨਿਟੀ ਵਿਚ ਇਕ ਵਿਸ਼ੇਸ਼ ਸਥਾਨ ਰਖਦੇ ਹੋ ਅਤੇ ਮੈਂ ਇਸ ਦੀ ਕਦਰ ਕਰਦਾ ਹਾਂ । ਉਹਨਾਂ ਕਿਹਾ ਕਿ ਐਨ. ਡੀ. ਪੀ. ਘੱਟ ਗਿਣਤੀਆਂ ਦੇ ਹੱਕਾਂ ਲਈ ਸਦਾ ਵਚਨਬਧ ਹੈ ।

ਮੁਹਿੰਦਰ ਸੂਮਲ ਜੋ ਇਸ ਐਸੋ: ਦੇ ਸਕੱਤਰ ਨੇ ਇਕ ਵਿਵੇਕਪੂਰਣ ਸਪੀਚ ਕੀਤੀ ਉਹਨਾਂ ਕਿਹਾ ਕਿ ਇਹ ਜੋ ਸ਼ਹੀਦ ਹਨ ਇਹਨਾਂ ਫਿਰਕਾਪ੍ਰਸਤੀ ਅਤੇ ਜਾਤ ਪਾਤ ਤੋਂ ਉਚਿਆਂ ਉਠਕੇ ਆਜ਼ਾਦੀ ਦੀ ਲੜਾਈ ਲੜੀ । ਸੋ ਸਾਨੂੰ ਉਹਨਾਂ ਦੀਆਂ ਕੁਰਬਾਨੀਆਂ ਨੂੰ ਬੜੇ ਸਾਰਥਕ ਢੰਗ ਨਾਲ ਲੈਣਾ ਜਾਂ ਸਮਝਣਾ ਚਾਹੀਦਾ ਹੈ ।

ਆਲਡਰਮੈਨ ਗੁਰਬਖਸ਼ ਸੈਣੀ ਹੋਰਾਂ ਨੇ ਵੀ ਸ਼ਹੀਦਾਂ ਦੀ ਯਾਦ ਵਿਚ ਆਪਣਾ ਭਾਸ਼ਣ ਤੇ ਅਜ ਦੇ ਮਸਲਿਆਂ ਵਾਰੇ ਚਾਨਣਾਂ ਪਾਇਆ ਅਤੇ ਹਰ ਕਿਸਮ ਦੀ ਮਦਦ ਦਾ ਵਚਨ ਦਿਤਾ ।



ਕਾਮਰੇਡ ਭੁੰਗਰਨੀ ਤਕਰੀਰ ਕਰਦੇ ਸਮੇਂ

ਬਜ਼ੁਰਗ ਕਾਮਰੇਡ ਅਤੇ ਮਹਾਨ ਸੰਗਰਾਮੀਏ ਸ੍ਰੀ ਭੁੰਗਰਾਨੀ ਹੋਰਾਂ ਨੇ ਅਤਿਵਾਦ ਅਤੇ ਵਖਵਾਦ ਦੀ ਨਿਖੇਧੀ ਕੀਤੀ । ਉਹਨਾਂ ਕਿਹਾ ਕਿ ਇਹ ਲੋਕ ਜੋ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਦੇ ਹਨ ਨਾ ਤਾਂ ਧਾਰਮਿਕ ਹੀ ਹਨ ਨਾ ਲੋਕ-ਪੱਖੀ ਹਨ ਇਹ ਉਹਨਾਂ ਲੋਕਾਂ ਦੇ ਹੱਥ ਠੋਕੇ ਹਨ ਜੋ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਸੰਘਰਸ਼ ਗਲਤ ਪਾਸੇ ਮੋੜਕੇ ਗੁਮਰਾਹ ਕਰਨਾ ਚਾਹੁੰਦੇ ਹਨ । ਇਸਤੋਂ ਬਾਅਦ ਅਜੀਤ 'ਅਣਖੀ' ਗੁਰਨਾਮ ਸੰਘੇੜਾ, ਧੰਜਲ ਅਤੇ ਕੁਲਵੰਤ ਢੇਸੀ ਨੇ ਵੀ ਸਪੀਚਾਂ ਕੀਤੀਆਂ ।

ਮੀਟਿੰਗ ਇਕ ਸਫਲ ਉਪਰਾਲਾ ਸੀ ਪਰ ਕੁਝ ਸਪੀਕਰ ਜ਼ਰੂਰਤ ਤੋਂ ਵੱਧ ਸਮਾਂ ਲੈ ਗਏ । ਆਸ ਹੈ ਪ੍ਰਬੰਧਕ ਅਗੋਂ ਤੋਂ ਇਸ ਗੱਲ ਦਾ ਖਿਆਲ ਰਖਣਗੇ ।

ਸਮਾਗਮ ਦੀ ਪੂਰੀ ਰਿਪੋਰਟ ਅਤੇ ਤਸਵੀਰਾਂ ਦੀ ਜ਼ਬਾਨੀ ਅਗਲੇ ਅੰਕ ਵਿਚ ।

# ਅਮਰੀਕੀ ਸਰਕਾਰ ਸਿੱਖ- ਅਤਿਵਾਦੀਆਂ ਨੂੰ ਗੁਰੀਲਾ ਟਰੇਨਿੰਗ ਨਹੀਂ ਲੈਣ ਦੇਵੇਗੀ

ਜਾਣਕਾਰ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਅਮਰੀਕਾ ਸਰਕਾਰ ਸਿਖ ਅਤਿਵਾਦੀਆਂ ਨੂੰ ਗੁਰੀਲਾ ਟਰੇਨਿੰਗ ਨਹੀਂ ਲੈਣ ਦੇਵੇਗੀ । ਅਮਰੀਕਾ ਵਿਚ ਇਹ ਗਲ ਅਮਰੀਕਨ ਅਟਾਰਨੀ ਜਨਰਲ ਨੇ ਆਪਣੇ ਭਾਰਤ ਦੌਰੇ ਸਮੇਂ ਕਹੀ ਹੈ ਉਹਨਾਂ ਕਿਹਾ ਕਿ ਅਸੀਂ ਇਸਨੂੰ ਰੋਕਣ ਲਈ ਕਦਮ ਚੁੱਕ ਰਹੇ ਹਾਂ । ਕਿਉਂਕਿ ਭਾਰਤ ਸ਼ਰਕਾਰ ਦਾ ਇਹ ਕਹਿਣਾ ਹੈ ਕਿ ਇਹ ਲੋਕ ਅਮਰੀਕਾ ਵਿਚ ਸਿਖਿਆ ਲੈ ਰਹੇ ਹਨ ।


FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

ਆਪਣੀਆਂ ਇਨਸ਼ੋਰੇਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸ਼ੋਰੇਂਸ
- ਗਰੁਪ ਇੰਨਸ਼ੋਰੇਂਸ਼
- ਮਾਰਗੇਜ ਇੰਨਸ਼ੋਰੇਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੇਂਸ

1507 - 330 Portage Avenue
Winnipeg, Manitoba R3C 0C4
Bus. 943-1526
**Res. 694-0731**

INSURANCE FOR

- **Personal**
- **Children**
- **Mortgage**
- **RRSP**
- **Group Insuranc & Annuities**

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

**NORTH AMERICAN LIFE ASSURANCE CO.**



Raj Singh Mann



# ਏਅਰ ਇੰਡੀਆ ਬੰਬ ਧਮਾਕੇ : ਤਲਵਿੰਦਰ ਸਿੰਘ ਪਰਮਾਰ ਬਰੀ

ਡੰਕਨ — 'ਦੀ ਵੈਨਕੂਵਰ ਸਨ' ਅਨੁਸਾਰ ਪ੍ਰੋਵਿਨਸ ਕੋਰਟ ਦੇ ਫਜਲ ਜੱਜ ਨੇ ਪਿਛਲੇ ਸੋਮਵਾਰ ਤਲਵਿੰਦਰ ਸਿੰਘ ਪਰਮਾਰ ਨੂੰ ਏਅਰ ਇੰਡੀਆ ਬੰਬ ਦੁਰਘਟਨਾ ਵਾਲੇ ਕੇਸ ਵਿਚੋਂ ਬਾਇੱਜ਼ਤ ਬਰੀ ਕਰ ਦਿਤਾ। ਫਜਲ ਜੱਜ ਨੇ ਕਿਹਾ ਕਿ ਤਲਵਿੰਦਰ ਸਿੰਘ ਤੇ ਲਾਏ ਗਏ ਦੋਸ਼ ਨਿਰਮੂਲ ਹਨ। ਇਸ ਨਾਲ ਹੀ ਦੂਸਰੇ ਸਾਥੀ ਰਿਐੜ ਜਿਸ ਉਤੇ ਵਿਸਫੋਟਕ ਪਦਾਰਥ ਰਖਣ ਆਦਿ ਦੇ ਚਾਰਜ ਹਨ ਦਾ ਸੁਣਵਾਈ ਜਾਰੀ ਰਹੇਗੀ ਪਰ ਕੋਰਟ ਨੇ ਸੁਣਵਾਈ ਦੀ ਕਾਰਵਾਈ ਦੇ ਪ੍ਰਕਾਸ਼ਨ ਦੀ ਮਨਾਹੀ ਕਰ ਦਿੱਤੀ ਹੈ।



# ਨੰਗੀਆਂ ਕ੍ਰਿਪਾਨਾਂ ਨਾਲ ਅਤਿਵਾਦੀਆਂ ਦੁਆਰਾ ਵਿਧਾਨ ਸਭਾ ਦਾ ਘੇਰਾਓ



## ਪੁਲਿਸ ਗੋਲੀ ਨਾਲ ਚਾਰ ਮਰੇ 25 ਜ਼ਖਮੀ

ਚੰਡੀਗੜ੍ਹ — ਪੁਲਿਸ ਨੂੰ ਉਸ ਸਮੇਂ ਗੋਲੀ ਚਲਾਉਣੀ ਪਈ ਜਦੋਂ ਵਿਧਾਨ ਸਭਾ ਨੂੰ ਘੇਰਾ ਪਾਈ ਅਤਿਵਾਦੀਆਂ ਨੇ ਨੰਗੀਆਂ ਤਲਵਾਰਾਂ ਨਾਲ ਪੁਲਿਸ ਦਾ ਘੇਰਾ ਤੋੜਨ ਦੀ ਕੋਸ਼ਿਸ਼ ਕੀਤੀ। ਜਿਸਦੇ ਸਿੱਟੇ ਵਜੋਂ ਚਾਰ ਅਤਿਵਾਦੀ ਸਿਖ ਮੌਕੇ ਤੇ ਹੀ ਮਾਰੇ ਗਏ ਜਦੋਂ ਕਿ 25 ਫੱਟੜ ਹੋ ਗਏ। ਪੁਲਿਸ ਨੂੰ ਲਗਭਗ 30 ਰਾਓਂਡ ਚਲਾਉਣੇ ਪਏ। ਇਹ ਬਰਨਾਲਾ ਸਰਕਾਰ ਨੂੰ ਅਤਿਵਾਦੀਆਂ ਦੁਆਰਾ ਹਿੰਸਾਤਮਕ ਸਿੱਧਾ ਚੈਲੰਜ ਸੀ। ਪੁਲਿਸ ਦੀ ਹੋਰ ਮੱਦਦ ਸੱਦ ਲਈ ਗਈ ਹੈ ਤਾਂਕਿ ਹਿੰਦੂ ਸਿੱਖਾਂ ਵਿਚ ਹੋਰ ਫਸਾਦ ਹੋਣੋ ਰੋਕੇ ਜਾ ਸਕਣ। ਪਿਛਲੇ ਸਤੰਬਰ 1985 ਤੋਂ ਲਗਭਗ 200 ਲੋਕਾਂ ਦੀਆਂ ਜਾਨਾਂ ਗਈਆਂ ਹਨ ਪੰਜਾਬ ਭਰ ਵਿਚ। ਭਿੰਡਰਾਂ ਵਾਲੇ ਦੀ ਮੌਤ ਤੋਂ ਬਾਅਦ ਅਤਿਵਾਦੀਆਂ ਇਹ ਦਾ ਇਹ ਵੱਡਾ ਐਕਸ਼ਨ ਸੀ। ਅਤਿਵਾਦੀਆਂ ਅਨੁਸਾਰ ਬਰਨਾਲਾ ਸਰਕਾਰ ਸਿੱਖਾਂ ਦੀਆਂ ਮੰਗਾਂ ਮਨਵਾਉਣ ਵਿਚ ਅਸਫਲ ਰਹੀ ਹੈ।

ਪਿਛਲੇ ਦਿਨੀਂ ਫਿਰਕਾਪ੍ਰਸਤ ਕਾਤਲਾਂ ਹਥੋਂ ਤਿੰਨ ਸਿੱਖਾਂ ਦੀਆਂ ਜਾਨਾ ਪੰਜਾਬ ਦੇ ਵੱਖ ਵੱਖ ਥਾਵਾਂ ਲਈਆਂ ਗਈਆਂ ਅਤੇ ਇਸੇ ਤਰ੍ਹਾਂ ਦੋ ਹਿੰਦੂਆਂ ਨੂੰ ਕਤਲ ਕਰ ਦਿਤਾ ਗਿਆ। ਇਹ ਸਭ ਕੁਝ ਧਰਮ ਦੇ ਨਾਂ ਥੱਲੇ ਹੋ ਰਿਹਾ ਹੈ ਪਰ ਕਿਸੇ ਵੀ ਧਰਮ ਵਿਚ ਮਨੁੱਖ ਦਾ ਮਨੁੱਖ ਹੱਥੋਂ ਕਤਲ ਕਰਨ ਲਈ ਨਹੀਂ ਪ੍ਰੇਰਿਆ ਗਿਆ


## ਪਿੱਕਰਾਂ ਦੀ ਲੋੜ

ਸਾਨੂੰ ਪਿਕਰਾਂ ਦੀ ਲੋੜ ਹੈ। ਸਾਡੇ ਫਾਰਮ ਵਿਚ ਰਸ ਬੇਰੀ, ਸਟਰਾਅ ਬੇਰੀ, ਗੋਭੀ, ਬਰੌਕਲੀ ਅਤੇ ਸਪਰੋਟਾਂ ਦਾ ਕੰਮ ਹੁੰਦਾ ਹੈ। ਪੂਰਾ ਸੀਜਨ ਕੰਮ ਚਲੇਗਾ। ਕੰਮ ਜੂਨ ਤੋਂ ਦਸੰਬਰ ਤੱਕ ਹੋਵੇਗਾ। ਪਿਕਰਾਂ ਦੇ ਰਹਿਣ ਲਈ ਕੈਬਨਾਂ ਦਾ ਵੀ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :

ਗੁਰਮੀਤ ਸਿੰਘ

ਫ਼ੋਨ : 856-7555

853-9319


## ਸੀਨੇਟਰ ਜੈਕੀ ਹੇਬੀਅਰ ਦੀ ਭੁੱਖ ਹੜਤਾਲ ਜਾਰੀ

ਅਟਵਾ — ਜੈਕੀ ਹੇਬੀਅਰ ਨੇ 'ਕਿਟੀਮੈਵਿਕ' ਪਰੋਗਰਾਮ ਜੋ ਬੇਕਾਰ ਯੁਵਕਾਂ ਲਈ ਲਿਬਰਲ ਸਰਕਾਰ ਨੇ ਚਲਾਇਆ ਸੀ ਨੂੰ ਮੁੜ ਚਾਲੂ ਕਰਵਾਉਣ ਲਈ ਸੀਨੇਟ ਦੇ ਸਾਹਮਣੇ ਭੁੱਖ ਹੜਤਾਲ ਕੀਤੀ ਹੋਈ ਹੈ। ਟੋਰੀ ਸਰਕਾਰ ਨੇ ਇਸ ਪਰੋਗਰਾਮ ਨੂੰ ਇਹ ਕਹਿਕੇ ਕੈਂਸਲ ਕਰ ਦਿਤਾ ਕਿ ਇਸਦੀ ਕੋਈ ਲੋੜ ਨਹੀਂ ਹੈ। ਜੈਕੀ ਹੇਬੀਅਰ ਦਾ ਇਹ ਭੁੱਖ ਹੜਤਾਲ ਦਾ ਹੁਣ ਤੀਜਾ ਹਫਤਾ ਹੈ।

## ਜੜਿਤ ਹਾਰ ਭੇਟ ਵਜੋਂ ਦਿਤਾ

ਮਨੀਲਾ — ਪਿਛਲੇ ਦਿਨੀਂ ਭਗੌੜੇ ਡਿਕਟੇਟਰ ਮਾਰਕੋਸ ਦੇ ਮਹਿਲ ਦੀ ਤਲਾਸ਼ੀ ਲਈ ਗਈ ਤੇ ਉਥੋਂ ਇਹ ਦਸਤਾਵੇਜ਼ ਪ੍ਰਾਪਤ ਹੋਏ ਹਨ ਕਿ ਸ੍ਰੀਮਤੀ ਮਾਰਕੋਸ ਨੇ ਅਮਰੀਕਨ ਪ੍ਰਧਾਨ ਦੀ ਪਤਨੀ ਨੂੰ ਰਤਨ ਜੜਿਤ ਨੈਕਲੈਸ ਭੇਟ ਕੀਤਾ ਸੀ। ਪਰ ਅਮਰੀਕਾ ਸਰਕਾਰ ਦੇ ਪ੍ਰੈਸ ਸਕੱਤਰ ਨੇ ਇਸ ਦਾ ਖੰਡਨ ਕੀਤਾ।


## INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937


## ਦੋ ਪਾਕਿਸਤਾਨੀ ਕੁੰਭ ਖੇਤਰ 'ਚੋਂ ਫੜੇ

ਸਹਾਰਨਪੁਰ, (ਪੱਤਰ ਪ੍ਰੇਰਕ) - ਪੁਲੀਸ ਨੇ ਕੁੰਭ ਖੇਤਰ ਵਿਚ ਫਿਰਦੇ 2 ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੇ ਨਾਂ ਇਫਤਖਾਰ ਅਹਿਮਦ ਅਤੇ ਹਾਜੀ ਮੁਹੰਮਦ ਮਸੂਦ ਹਨ। ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਇਸੇ ਦੌਰਾਨ ਇਕ ਸ਼ੱਕੀ ਅਤਿਵਾਦੀ ਸਰਦਾਰ ਤ੍ਰਿਵੇਣੀ ਦਾਸ ਨੂੰ ਹਰਦੁਆਰ ਵਿਖੇ ਉਸ ਦੇ ਆਸ਼ਰਮ ਵਿਚੋਂ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਦੱਸਿਆ ਗਿਆ ਹੈ ਕਿ ਤ੍ਰਿਵੈਣੀ ਦਾਸ ਨੂੰ ਬਲਿਊ ਸਟਾਰ ਅਪਰੇਸ਼ਨ ਸਮੇਂ ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ।

ਉਕਤ ਤਿੰਨਾਂ ਵਿਅਕਤੀਆਂ ਤੋਂ ਪੁੱਛਗਿੱਛ ਜਾਰੀ ਹੈ।

## ਵਕੀਲ ਦੇ ਕਤਲ ਬਾਰੇ ਜਾਂਚ ਜਾਰੀ

ਜਲੰਧਰ, ਤ. (ਪ.ਟ.ਬ.) - ਵਕੀਲ ਤਰਸੇਮ ਪ੍ਰਕਾਸ਼ ਦੇ ਕਤਲ ਦੀ ਘਟਨਾ ਸਬੰਧੀ ਪੁਲੀਸ ਅਜੇ ਤਕ ਕਿਸੇ ਸਿੱਟੇ ਉਤੇ ਨਹੀਂ ਪੁੱਜ ਸਕੀ ਕਿ ਇਹ ਜਾਇਦਾਦ ਦੇ ਝਗੜੇ ਕਾਰਨ ਕਤਲ ਹੋਇਆ ਜਾਂ ਕਿ ਅਤਿਵਾਦੀਆਂ ਦੀ ਕਾਰਵਾਈ ਸੀ।


## Gurmail S. Gill

Lawyer

ਗੁਰਮੇਲ ਸਿੰਘ ਗਿੱਲ

- ਆਈ. ਸੀ. ਬੀ. ਸੀ. ਕਲੇਮਜ਼
- ਕ੍ਰਿਮੀਨਲ ਕੇਸਜ਼
- ਡਾਈਵੋਰਸ ਅਤੇ ਫੈਮਿਲੀ ਕੇਸਜ਼
- ਸਿਵਲ ਕੋਰਟ ਕਲੇਮਜ਼
- ਪ੍ਰਾਪਰਟੀ ਅਤੇ ਮੌਰਗੇਜ਼
- ਇੰਮੀਗਰੇਸ਼ਨ

Ph. 859-7171

534-0044 Toll Free

ROSBOROUGH & COMPANY

33832 South Fraser Way Abbotsford, B.C.

ਪਹਿਲਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ

**THE CANADA DARPAN**
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ:

# ਪੰਜ਼ਾਬ ਦੇ ਹਾਲਾਤ ਕੀ ਕਰਵਟ ਲੈਣਗੇ?

ਪੰਜਾਬ ਮੁੜ ਇਸ ਸਮੇਂ ਅੱਗ ਦੀ ਲਪੇਟ ਵਿਚ ਹੈ। ਹਾਲਾਤ ਪਹਿਲਾਂ ਨਾਲੋਂ ਵੀ ਤੇਜ਼ੀ ਨਾਲ ਵਿਗੜ ਰਹੇ ਹਨ। ਸਿੱਖਾਂ ਦੀ ਪ੍ਰਤੀਨਿਧਤਾ ਕਰਨ ਲਈ ਇਹ ਲੜਾਈ ਹੁਣ ਸਿੱਖਾਂ ਦੇ ਤਿੰਨ ਧੜਿਆਂ ਵਿਚਕਾਰ ਹੈ। ਇਕ ਪਾਸੇ ਸ਼ਰੋਮਣੀ ਅਕਾਲੀ ਦਲ ਹੈ ਜਿਸ ਦਾ ਸੱਠ ਸਾਲਾ ਸ਼ਾਨਦਾਰ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਜਿਸਨੂੰ ਪੰਜਾਬ ਵਿਚ ਭਾਰੀ ਬਹੁਗਿਣਤੀ ਦਾ ਸਮਰਥਨ ਹਾਸਲ ਹੈ। ਦੂਜੇ ਪਾਸੇ ਦਮਦਮੀ ਟਕਸਾਲ ਹੈ ਜੋ ਸਿੱਖਾਂ ਨੂੰ ਮੂਲਵਾਦੀ ਸਿਧਾਂਤਾਂ ਵੱਲ ਪ੍ਰੇਰ ਰਹੀ ਹੈ। ਤੀਜੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਹੈ ਜੋ ਵਿਦਿਆਰਥੀ ਵਿੰਗ ਹੈ ਪਰ ਕੁਝ ਸਾਲਾਂ ਤੋਂ ਖਾੜਕੂ ਰੂਪ ਵਿਚ ਅੱਗੇ ਆਇਆ ਹੈ। ਜਦ ਤੋਂ ਇਸਦੇ ਲੀਡਰਾਂ ਦੇ ਸਬੰਧ ਦਮਦਮੀ ਟਕਸਾਲ ਨਾਲ ਜੁੜੇ ਹਨ ਇਹ ਸੰਸਥਾ ਵਿਦਿਆਰਥੀਆਂ ਤੱਕ ਸੀਮਤ ਨਹੀਂ ਰਹੀ। ਬਹੁਤੇ ਇਸ ਦੇ ਲੀਡਰ ਹੁਣ ਵਿਦਿਆਰਥੀ ਨਹੀਂ ਹਨ।

ਦਮਦਮੀ ਟਕਸਾਲ ਅਤੇ ਫੈਡਰੇਸ਼ਨ ਇਕ ਪਾਸੇ ਧਾਰਮਿਕ ਲੜਾਈ ਲੜ ਰਹੀ ਹੈ ਪਰ ਨਾਲ ਨਾਲ ਰਾਜਸੀ ਫੈਸਲਿਆਂ ਵਿਚ ਵੀ ਆਪਣੇ ਪੈਰ ਪਸਾਰਨ ਦੇ ਯਤਨ ਵਿਚ ਹੈ। ਇਕ ਪਾਸੇ ਟਕਸਾਲ ਦੇ ਬੁਲਾਰੇ ਗੁਰਦੁਆਰਿਆਂ ਨੂੰ ਮੂਲਵਾਦੀ ਰੂਪ ਵਿਚ ਢਾਲ ਕੇ ਪੂਰਨ ਗੁਰਸਿੱਖਾਂ ਦੇ ਹੱਥ ਦੇਣ ਲਈ ਤਤਪਰ ਹਨ ਪਰ ਦੂਜੇ ਪਾਸੇ ਰਾਜਸੀ ਸਵਾਲਾਂ ਵਿਚ ਧਾਰਮਿਕ ਫੈਸਲੇ ਲਾਗੂ ਕਰਨ ਦੇ ਇਛਕ ਹਨ। ਇਹ ਹੁਣ ਪੰਜਾਬ ਦੀ ਬੁਨਿਆਦੀ ਸਮੱਸਿਆ ਬਣ ਗਈ ਹੈ। ਇਸੇ ਕਾਰਨ ਜਿਥੇ ਪਿਛਲੇ ਚਾਰ ਸਾਲਾਂ ਵਿਚ ਲੜਾਈ ਕੇਂਦਰ ਸਰਕਾਰ ਅਤੇ ਪੰਜਾਬੀਆਂ ਵਿਚਕਾਰ ਲੜੀ ਜਾ ਰਹੀ ਸੀ ਉਸ ਲੜਾਈ ਦਾ ਰੂਪ ਹੁਣ ਬਦਲਦਾ ਜਾ ਰਿਹਾ ਹੈ।

ਮੂਲਵਾਦੀਆਂ ਲਈ ਵੱਡੀ ਸਮੱਸਿਆ ਇਹ ਹੈ ਕਿ ਉਹ ਇਕੋ ਸਮੇਂ ਸਾਰੇ ਫਰੰਟਾਂ ਉਤੇ ਲੜਾਈ ਵਿਚ ਬੈਠੇ ਹਨ। ਉਨ੍ਹਾਂ ਦੀ ਲੜਾਈ ਇਕੋ ਸਮੇਂ ਕੇਂਦਰ ਸਰਕਾਰ, ਹਿੰਦੂ ਬਹੁਗਿਣਤੀ, ਸ਼ਰੋਮਣੀ ਅਕਾਲੀ ਦਲ, ਪੰਜਾਬ ਸਰਕਾਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ-ਨਿਰਲੇਪ ਪਾਰਟੀਆਂ, ਕਾਂਗਰਸ(ਆਈ) ਨਾਲ ਹੈ। ਸਿਆਣੇ ਆਗੂ ਇਕ ਲੜਾਈ ਸਮੇਂ ਏਨੇ ਫਰੰਟ ਨਹੀਂ ਖੋਲ੍ਹ ਦੇ। ਏਨੇ ਫਰੰਟਾਂ ਉਤੇ ਇਕੋ ਸਮੇਂ ਲੜਨਾ ਬਹੁਤ ਮੁਸ਼ਕਲ ਹੈ। ਦੂਜੇ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਸਮੁੱਚੀ ਲੀਡਰਸ਼ਿਪ ਇਸ ਸਮੇਂ ਸ਼ਰੋਮਣੀ ਅਕਾਲੀ ਦਲ ਨਾਲ ਹੈ। ਤਲਵੰਡੀ ਦਲ ਖਤਮ ਹੋ ਚੁਕਾ ਹੈ। ਬਾਬਾ ਦਲ ਪਾਸ ਕੋਈ ਕ੍ਰਿਸਮੇਂ ਵਾਲਾ ਲੀਡਰ ਨਹੀਂ।

ਜੋ ਕੁਝ ਇਸ ਸਮੇਂ ਪੰਜਾਬ ਵਿਚ ਵਾਪਰ ਰਿਹਾ ਹੈ ਇਸਦੇ ਸਿੱਟੇ ਸਭ ਲਈ ਭਿਆਨਕ ਹਨ। ਇਸ ਲਈ ਹਰ ਪੰਜਾਬੀ ਦਾ ਉਦਾਸ ਹੋਣਾ ਕੁਦਰਤੀ ਹੈ। ਆਨੰਦਪੁਰ ਸਾਹਿਬ ਵਿਚ ਜੋ ਕੁਝ ਵਾਪਰਿਆ ਹੈ ਅਤੇ ਜਾਂ ਜੋ ਨਕੋਦਰ, ਬਟਾਲਾ, ਜਲੰਧਰ ਵਿਚ ਆਏ ਦਿਨ ਵਾਪਰ ਰਿਹਾ ਹੈ — ਇਹ ਅੰਞਾਈਂ ਵਹਾਇਆ ਜਾ ਰਿਹਾ ਖੂਨ ਹੈ — ਇਹ ਕਿਸੇ 'ਆਜ਼ਾਦੀ' ਦੀ ਪ੍ਰਾਪਤੀ ਦਾ ਰੂਪ ਨਹੀਂ ਬਣੇਗਾ ਸਗੋਂ ਬਦਲੇ ਵਿਚ ਸੜ ਰਹੀਆਂ ਸੋਗੀ ਪੌਣਾਂ ਦਾ ਹੀ ਉਦਾਸ ਗੀਤ ਬਣ ਸਕੇਗਾ।

# ਕਾਹਲੋਂ ਅਤੇ ਤਿੰਨ ਮੰਤਰੀ ਬਟਾਲਾ 'ਚ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਬਟਾਲਾ ਦੀਆਂ ਵਾਰਦਾਤਾਂ ਦਾ ਮੌਕੇ ਉਤੇ ਜਾਇਜ਼ਾ ਲੈਣ ਲਈ ਦੋ ਮੰਤਰੀਆਂ ਨੂੰ ਨਿਯੁਕਤ ਕੀਤਾ ਹੈ। ਉਨ੍ਹਾਂ ਵਲੋਂ ਸਥਿਤੀ ਬਾਰੇ ਰਿਪੋਰਟ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਦਿੱਤੀ ਜਾਵੇਗੀ। ਇਥੇ ਮੰਤਰੀ ਮੰਡਲ ਦੀ ਐਮਰਜੈਂਸੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕੀਤੀ। ਮੀਟਿੰਗ ਵਿਚ ਬਟਾਲਾ ਦੀ ਅਮਨ ਕਾਨੂੰਨ ਦੀ ਹਾਲਤ ਨੂੰ ਵਿਚਾਰਿਆ ਗਿਆ। ਮੀਟਿੰਗ ਵਿਚ ਮੈਂਬਰਾਂ ਦੀ ਇਹ ਰਾਏ ਸੀ ਕਿ ਸਥਿਤੀ ਦਾ ਜਾਇਜ਼ਾ ਲੈਣ ਲਈ ਮੰਤਰੀ ਪੱਧਰ ਉਤੇ ਪੜਤਾਲ ਕੀਤੀ ਜਾਵੇ। ਇਸ ਪਿਛੋਂ ਰਾਜ ਮੰਤਰੀ ਸ੍ਰੀ ਸੁੱਚਾ ਸਿੰਘ ਛੋਟੇਪੁਰ ਅਤੇ ਸ੍ਰੀ ਕਸਤੂਰੀ ਲਾਲ ਨੂੰ ਬਟਾਲਾ ਭੇਜਣ ਦਾ ਫੈਸਲਾ ਲਿਆ ਗਿਆ। ਦੋਵੇਂ ਮੰਤਰੀ ਜ਼ਿਲਾ ਅਧਿਕਾਰੀਆਂ ਅਤੇ ਬਟਾਲਾ ਦੇ ਸਥਾਨਕ ਨਾਗਰਿਕਾਂ ਨੂੰ ਮਿਲਣਗੇ।

ਇਸੇ ਦੌਰਾਨ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਪੱਤਰਕਾਰਾਂ ਨੂੰ ਗੈਰਰਸਮੀ ਗੱਲਬਾਤ ਵਿਚ ਦੱਸਿਆ ਕਿ ਅਸੈਂਬਲੀ ਦੇ ਡਿਪਟੀ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਵੀ ਬਟਾਲਾ ਵਿਚ ਸ਼ਾਂਤੀ ਬਹਾਲ ਕਰਨ ਲਈ ਭੇਜਿਆ ਗਿਆ ਹੈ। ਸ੍ਰੀ ਨੱਥਾ ਸਿੰਘ ਦਾਲਮ ਪਹਿਲਾਂ ਹੀ ਉਥੇ ਪਹੁੰਚ ਗਏ ਹਨ। ਸ੍ਰੀ ਛੋਟੇਪੁਰ ਅਤੇ ਸ੍ਰੀ ਕਸਤੂਰੀ ਲਾਲ ਵੀ ਬਟਾਲਾ ਪਹੁੰਚ ਚੁੱਕੇ ਹਨ। ਮੁਖ ਮੰਤਰੀ ਨੇ ਕਿਹਾ ਕਿ ਹਿੰਦੂ ਸ਼ਿਵ ਸੈਨਾ ਦਾ ਰੋਲ ਉਸਾਰੂ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਨੂੰ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਣ ਲਈ ਕਿਹਾ ਗਿਆ ਹੈ। ਇਸੇ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਮੰਤਰੀ ਮੰਡਲ ਦੇ ਕਈ ਮੈਂਬਰਾਂ ਨੇ ਪੁਲਿਸ ਦੀ ਕਾਰਗੁਜ਼ਾਰੀ ਉਤੇ ਨਾ ਤਸੱਲੀ ਪ੍ਰਗਟ ਕੀਤੀ ਹੈ। ਇਨ੍ਹਾਂ ਮੈਂਬਰਾਂ ਨੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਕਿਹਾ ਹੈ ਕਿ ਵਰਤਮਾਨ ਪ੍ਰਸਥਿਤੀਆਂ ਨੂੰ ਵੇਖਦੇ ਹੋਏ ਪੁਲੀਸ ਦੇ ਢਾਂਚੇ ਨੂੰ ਓਵਰਹਾਲ ਕਰਨ ਦੀ ਲੋੜ ਹੈ। ਪੁਲੀਸ ਅਮਨ ਕਾਨੂੰਨ ਦੀ ਸਥਿਤੀ ਉਤੇ ਕਾਬੂ ਪਾਉਣ ਵਿਚ ਅਸਫਲ ਰਹੀ ਹੈ।

## ਪੰਜਾਬ ਡਾਇਰੀ —

# ਨਾਂਹ ਪੱਖੀ ਨੀਤੀ ਵਿਚ ਘਿਰਿਆ ਪੰਜਾਬ ਮਸਲਾ

**ਪ੍ਰੋ: ਪਿਆਰਾ ਸਿੰਘ ਭੋਗਲ**

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਆਗੂਆਂ ਦੀ ਇਕੱਤਰਤਾ 8 ਮਾਰਚ ਨੂੰ ਅੰਮ੍ਰਿਤਸਰ ਵਿਚ ਹੋਈ। ਖਬਰਾਂ ਮੁਤਾਬਕ ਵਿਚਾਰ ਅਧੀਨ ਪ੍ਰਸ਼ਨ ਸੰਯੁਕਤ ਅਕਾਲੀ ਦਲ ਨਾਲ ਸਬੰਧਾਂ ਦਾ ਸੀ। ਇਹ ਵਾਦ-ਵਿਵਾਦ ਤਾਂ ਛਿੜਿਆ ਹੈ ਕਿਉਂਕਿ ਇਹ "ਵਿਦਿਆਰਥੀ ਜਥੇਬੰਦੀ" ਹੈ ਤੇ ਵਿਦਿਆਰਥੀ ਜਥੇਬੰਦੀ ਹੋਣਾ ਹੀ ਸੰਕੇਤ ਕਰਦਾ ਹੈ ਕਿ ਵਿਦਿਆਰਥੀਆਂ ਤੋਂ ਵਡੇਰੇ ਲੋਕਾਂ ਅਤੇ ਗੈਰ-ਵਿਦਿਆਰਥੀਆਂ ਦਾ ਵੀ ਕੋਈ ਸੰਗਠਨ ਹੋਵੇਗਾ। ਇਹ ਸੰਗਠਨ ਤਾਂ ਮੌਜੂਦ ਹਨ ਪਰ ਫੈਡਰੇਸ਼ਨ ਕਿਸ ਸੰਗਠਨ ਨਾਲ ਤੁਰੇ? ਜੇ ਤੁਰੇ, ਤਾਂ ਨੀਤੀ ਉਸ ਸੰਗਠਨ ਦੀ ਚੱਲੇ ਜਾਂ ਵਿਦਿਆਰਥੀ ਜਥੇਬੰਦੀ ਆਪਣੀ ਵੱਖਰੀ ਨੀਤੀ ਬਣਾਏ ਤੇ ਚਲਾਏ?

### ਸੰਗਠਨ

ਭਾਰਤ ਵਿਚ ਫੇਰੀ ਵਡੇਰੀ ਉਮਰ ਦੇ ਲੋਕਾਂ ਦੇ ਸੰਗਠਨਾਂ ਨੇ ਆਪਣੇ ਵਿਦਿਆਰਥੀ ਸੰਗਠਨ ਬਨਾਉਣ ਦਾ ਰਿਵਾਜ 1947 ਤੋਂ ਪਹਿਲਾਂ ਸ਼ੁਰੂ ਕੀਤਾ ਸੀ। 1947 ਤੋਂ ਪਹਿਲਾਂ ਸਭ ਤੋਂ ਤਕੜੀ ਵਿਦਿਆਰਥੀ ਜਥੇਬੰਦੀ ਕਮਿਊਨਿਸਟ ਪਾਰਟੀ ਦੀ ਹੁੰਦੀ ਸੀ, ਭਾਵੇਂ ਸਭ ਤੋਂ ਤਕੜੀ ਪਾਰਟੀ ਕਾਂਗਰਸ ਸੀ। ਮੁਸਲਿਮ ਲੀਗ ਨੇ ਆਪਣੇ ਵਿਦਿਆਰਥੀ ਫਰੰਟ ਬਣਾਏ। ਉਸ ਸਮੇਂ ਦੇ ਅਕਾਲੀ ਆਗੂਆਂ ਵਿਚੋਂ ਗਿ: ਕਰਤਾਰ ਸਿੰਘ ਨੂੰ ਸ਼ੌਕ ਸੀ ਕਿ ਬੁੱਧੀਮਾਨਾਂ, ਲੇਖਕਾਂ ਤੇ ਵਿਦਿਆਰਥੀਆਂ ਨੂੰ ਅਕਾਲੀ ਦਲ ਦੇ ਨੇੜੇ ਲਿਆਂਦਾ ਜਾਏ। ਉਨ੍ਹਾਂ ਦੀ ਪਰੇਰਨਾ ਨਾਲ ਹੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਬਣਾਈ ਗਈ ਸ. ਸਰੂਪ ਸਿੰਘ ਕੱਲ੍ਹਾ ਤੇ ਸ. ਅਮਰ ਸਿੰਘ ਅੰਬਾਲਵੀ ਇਸ ਦੇ ਮੁਢਲੇ ਆਗੂ ਰਹੇ। ਡਾ. ਜਸਵੰਤ ਸਿੰਘ ਨੇਕੀ ਦੂਜੇ ਜਾਂ ਸ਼ਾਇਦ ਤੀਜੇ ਪ੍ਰਧਾਨ ਸਨ। ਪਿੱਛੋਂ ਆਗੂ ਬਣਦੇ ਰਹੇ ਸੱਜਣਾਂ ਵਿਚ ਸ: ਉਮਰਾਓ ਸਿੰਘ, ਸ. ਸੁਰਜੀਤ ਸਿੰਘ ਮਿਨਹਾਸ ਐਮ. ਐਲ. ਏ., ਪ੍ਰਿੰ: ਸਤਿਬੀਰ ਸਿੰਘ, ਸ. ਭਰਪੂਰ ਸਿੰਘ, ਸ. ਭਾਨ ਸਿੰਘ ਸ਼ਾਮਲ ਸਨ। ਅਸਲ ਵਿਚ ਕਾਂਗਰਸ ਅਤੇ ਅਕਾਲੀ ਦਲ ਦੋਹਾਂ ਵਿਚ ਬਹੁਤ ਸਾਰੇ ਹੁਣ ਦੇ ਐਮ. ਐਲ. ਏ. ਜਾਂ ਰਹਿ ਚੁਕੇ ਐਮ. ਐਲ. ਏ. ਕਿਸੇ ਸਮੇਂ ਫੈਡਰੇਸ਼ਨ ਵਿਚ ਕਿਸੇ ਨਾ ਕਿਸੇ ਹੈਸੀਅਤ ਵਿਚ ਕੰਮ ਕਰਦੇ ਰਹੇ ਹਨ।

ਫੈਡਰੇਸ਼ਨ ਦੇ ਯੂਨਿਟ ਕਿਸੇ ਜ਼ਮਾਨੇ ਬੰਬਈ, ਕਾਨ੍ਹਪੁਰ ਤੇ ਕਲਕੱਤੇ ਤੱਕ ਹੁੰਦੇ ਸਨ। ਸ. ਮਨਜੀਤ ਸਿੰਘ ਕਲਕੱਤਾ ਜਿਨ੍ਹਾਂ ਨੂੰ ਸ. ਸੁਰਜੀਤ ਸਿੰਘ ਬਰਨਾਲਾ ਨੇ ਹੁਣੇ ਜਿਹੇ ਅਕਾਲੀ ਦਲ ਦਾ ਇਕ ਜਨਰਲ ਸਕੱਤਰ ਬਣਾਇਆ ਹੈ, ਫੈਡਰੇਸ਼ਨ ਦੀ ਹੀ ਉਪਜ ਹਨ।

ਜਦੋਂ ਤੱਕ ਅਕਾਲੀ ਦਲ ਇਕ ਰਿਹਾ, ਫੈਡਰੇਸ਼ਨ ਇਸੇ ਦਾ ਵਿਦਿਆਰਥੀ ਵਿੰਗ ਰਹੀ। ਇਸੇ ਦੀਆਂ ਨੀਤੀਆਂ ਦੀ ਸਮਰਥਕ ਰਹੀ। ਹਾਂ, ਨੌਜਵਾਨਾਂ ਤੇ ਪੜ੍ਹਿਆਂ ਲਿਖਿਆਂ ਦੀ ਜਥੇਬੰਦੀ ਹੋਣ ਕਰਕੇ ਫੈਡਰੇਸ਼ਨ ਸਿਧਾਂਤਕ ਤੌਰ 'ਤੇ ਵਧੇਰੇ ਤਿੱਖੀ ਤੇ ਵਧੇਰੇ ਕੱਟੜ ਸ਼ਬਦਾਵਲੀ ਵਿਚ ਆਪਦਾ ਮਨੋਰਥ ਪੇਸ਼ ਕਰਦੀ ਰਹੀ। ਮਿਸਾਲ ਦੇ ਤੌਰ 'ਤੇ ਇਹੋ ਜਿਹੇ "ਦੇਸ਼-ਕਾਲ ਦੀ ਸਥਾਪਨਾ" ਫੈਡਰੇਸ਼ਨ ਦਾ ਮਨੋਰਥ ਪਹਿਲਾਂ ਤੋਂ ਰਿਹਾ, ਜਿਸ ਵਿਚ ਸਿਖ ਪੰਥ ਵਧ ਫੁਲ ਸਕੇ। ਆਪਣੇ ਸਮਾਗਮਾਂ ਉਤੇ ਫੈਡਰੇਸ਼ਨ ਦੇ ਨੌਜਵਾਨ "ਕੇਸਰੀ ਨਿਸ਼ਾਨ" ਸਾਹਿਬ ਨੂੰ ਸਲਾਮੀ ਦਿੰਦੇ ਤੇ "ਦੇਹੁ ਸ਼ਿਵਾ ਵਰ ਮੋਹਿ ਇਹੈ" ਸ਼ਬਦ ਗਾਉਂਦੇ।

ਪਰ ਜੇ ਅਕਾਲੀ ਦਲ ਦਾ ਨਿਸ਼ਾਨਾ ਪੰਜਾਬੀ ਸੂਬੇ ਦੀ ਸਥਾਪਤੀ ਰਿਹਾ, ਜੇ ਅਕਾਲੀ ਇਸ ਦੀ ਸਥਾਪਤੀ ਲਈ ਕੋਈ ਅੰਦੋਲਨ ਸ਼ੁਰੂ ਕਰਦੇ ਤਾਂ ਫੈਡਰੇਸ਼ਨ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਇਸ ਵਿਚ ਹਿੱਸਾ ਲੈਂਦੇ। ਜਦੋਂ ਅਕਾਲੀ ਦਲ ਦੀ ਅਗਵਾਈ ਵਿਚ ਪੰਜਾਬੀ ਸੂਬੇ ਲਈ ਅੰਦੋਲਨ ਚੱਲੇ ਤਾਂ ਫੈਡਰੇਸ਼ਨ ਦੇ ਆਗੂ ਸ. ਸਤਿਬੀਰ ਸਿੰਘ ਤੇ ਸ. ਭਰਪੂਰ ਸਿੰਘ ਜੋ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪ੍ਰੋਫੈਸਰ ਸਨ, ਕਈ ਮਹੀਨੇ ਆਪਣੀਆਂ ਡਿਊਟੀਆਂ ਤੋਂ ਗੈਰਹਾਜ਼ਰ ਰਹਿ ਕੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਕੰਮ ਕਰਦੇ ਰਹੇ। ਉਨ੍ਹਾਂ ਤੋਂ ਪਹਿਲਾਂ ਸ. ਸਰੂਪ ਸਿੰਘ, ਸ. ਅੰਬਾਲਵੀ, ਸ. ਭਾਨ ਸਿੰਘ ਮੋਰਚਿਆਂ ਵਿਚ ਗ੍ਰਿਫਤਾਰੀ ਦਿੰਦੇ ਰਹੇ। ਪਰ ਜਦੋਂ ਅਕਾਲੀ ਦਲ ਦੋ ਬਣ ਗਏ — ਇਕ ਸੰਤ ਫਤਹ ਸਿੰਘ ਦਾ ਅਤੇ ਦੂਜਾ "ਮਾਸਟਰ ਤਾਰਾ ਸਿੰਘ" ਦਾ ਤਾਂ ਫੈਡਰੇਸ਼ਨ ਲਈ ਸੰਕਟ ਖੜਾ ਹੋ ਗਿਆ। ਪਿਛਲੇ ਕਈ ਸਾਲਾਂ ਤੋਂ ਇਕ ਵਾਰ ਫੇਰ ਫੈਡਰੇਸ਼ਨ ਇਸੇ ਸੰਕਟ ਵਿਚ ਫਸੀ ਰਹੀ ਹੈ

ਅਕਾਲੀ ਦਲ ਲੌਂਗੋਵਾਲ ਦਾ ਕੋਈ ਵਿਦਿਆਰਥੀ ਵਿੰਗ ਨਹੀਂ। ਜਦੋਂ ਦਾ "ਸੰਯੁਕਤ ਅਕਾਲੀ ਦਲ" ਬਣਿਆ, ਫੈਡਰੇਸ਼ਨ ਨਾਲ ਸਬੰਧਤ ਨੌਜਵਾਨ ਬਾਬਾ ਜੋਗਿੰਦਰ ਸਿੰਘ ਦੇ ਸਮਰਥਕ ਪ੍ਰਤੀਤ ਹੁੰਦੇ ਸਨ। ਅਸਲ ਵਿਚ ਫੈਡਰੇਸ਼ਨ ਅਕਾਲੀਆਂ ਲਈ ਦੂਜੀ ਕਤਾਰ ਦੀ ਲੀਡਰਸ਼ਿਪ ਪੈਦਾ ਕਰਦੀ ਰਹੀ ਹੈ। ਫੈਡਰੇਸ਼ਨ ਦੇ ਰਹਿ ਚੁੱਕੇ ਪ੍ਰਧਾਨ ਜੇ ਸਰਕਾਰੀ ਨੌਕਰੀਆਂ ਵਿਚ ਨਹੀਂ ਚਲੇ ਗਏ ਤਾਂ ਅਕਾਲੀ ਦਲ ਦੀ ਲੀਡਰਸ਼ਿਪ ਵਿਚ ਦੂਜੀ ਕਤਾਰ ਬਣਦੇ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸ. ਕਾਬਲ ਸਿੰਘ ਫੈਡਰੇਸ਼ਨ ਰਾਹੀਂ ਅਕਾਲੀ ਦਲ ਵਿਚ ਆਏ ਸਨ। ਸ. ਸਰੂਪ ਸਿੰਘ ਕੱਲ੍ਹਾ, ਮਾ. ਤਾਰਾ ਸਿੰਘ ਦੇ ਸਲਾਹਕਾਰ ਹੁੰਦੇ ਸਨ। ਸ. ਅਮਰ ਸਿੰਘ ਅੰਬਾਲਵੀ ਅਕਾਲੀ ਦਲ ਦੇ ਜਨਰਲ ਸਕੱਤਰ ਰਹੇ। ਸੁਰਗਵਾਸੀ ਸ. ਗੁਰਮੀਤ ਸਿੰਘ, ਜੋ ਪੰਜਾਬ ਮੰਤਰੀ ਮੰਡਲ ਵਿਚ ਰਹੇ, ਫੈਡਰੇਸ਼ਨ ਦੇ ਰਹਿ ਚੁੱਕੇ ਪ੍ਰਧਾਨ ਹੀ ਸਨ।

ਫੈਡਰੇਸ਼ਨ ਦਾ ਇਸ ਵੇਲੇ ਦਾ ਸੰਕਟ ਵਡੇਰੇ ਪੰਜਾਬ ਸੰਕਟ ਅਤੇ ਭਾਰਤੀ ਸੰਕਟ ਦੀ ਪੈਦਾਵਾਰ ਹੈ।

ਸਾਰਾ ਭਾਰਤ ਇਸ ਦੁਬਿਧਾ ਦਾ ਸ਼ਿਕਾਰ ਹੈ ਕਿ ਭਾਰਤ ਵਿਚ ਏਕਤਾ ਵੀ ਮਜ਼ਬੂਤ ਹੋਵੇ, ਤੇ ਦੂਜੇ ਪਾਸੇ ਵੱਖ ਵੱਖ ਸੂਬਿਆਂ, ਫਿਰਕਿਆਂ ਅਤੇ ਭਾਸ਼ਾਈ ਗਰੁਪਾਂ ਨੂੰ ਆਪਣੀ ਆਪਣੀ ਹਸਤੀ ਕਾਇਮ ਰੱਖਣ ਦਾ ਮੌਕਾ ਵੀ ਮਿਲੇ। ਕੇਂਦਰ ਦੇ ਨੇਤਾ ਸੂਬਿਆਂ, ਫਿਰਕਿਆਂ ਅਤੇ ਭਾਸ਼ਾਈ ਸਮੂਹਾਂ ਨੂੰ ਮੰਨ ਕੇ, ਵਧਣ ਫੁੱਲਣ ਦੇ ਮੌਕੇ ਦੇ ਕੇ ਵੀ, ਪੈਰ ਘੜੀਸਣ ਲੱਗ ਪੈਂਦੇ ਹਨ। "ਅਨੇਕਤਾ" ਮੰਨਦੇ ਹੋਏ ਵੀ ਲੋੜ ਤੋਂ ਵੱਧ ਏਕਤਾਵਾਦੀ ਬਣ ਜਾਂਦੇ ਹਨ। ਜੇ ਪੰਜਾਬੀ ਸੂਬਾ 1956 ਵਿਚ ਹੀ ਬਣਾ ਦਿੱਤਾ ਜਾਂਦਾ, ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਯੋਗ ਸਥਾਨ ਉਦੋਂ ਹੀ ਮਿਲ ਜਾਂਦਾ, ਪੰਜਾਬੀ ਸੂਬੇ ਵਲ, ਬਾਕੀ ਸੂਬਿਆਂ ਸਮੇਤ, ਕੇਂਦਰੀ ਸਰਕਾਰ ਉਦਾਰਵਾਦੀ ਨੀਤੀ ਅਪਨਾਉਂਦੀ ਤਾਂ ਪੰਜਾਬ ਦਾ ਇਤਿਹਾਸ ਉਹ ਨਾ ਹੁੰਦਾ, ਜੋ ਅੱਜ ਹੈ। ਪਹਿਲਾਂ ਪੰਜਾਬੀ ਸੂਬਾ ਨਾ ਬਣਾਇਆ ਜਾਣਾ, ਅਤੇ ਫਿਰ ਬਣਾ ਕੇ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਅਕਾਲੀ ਸਰਕਾਰ ਨੂੰ ਚਲਣ ਨਾ ਦੇਣਾ, ਸਿੱਖਾਂ ਵਿਚ ਵੱਖਵਾਦੀ ਅਤੇ ਨਫਰਤ ਦੀਆਂ ਭਾਵਨਾਵਾਂ ਭੜਕਾਉਣ ਦਾ ਕਾਰਨ ਬਣਦਾ ਰਿਹਾ ਹੈ।

### ਸਭਿਆਚਾਰਕ ਏਕਤਾ

ਇਸੇ ਤਰ੍ਹਾਂ ਜੇ ਪੰਜਾਬ ਦੇ ਹਿੰਦੂ ਸਿਖ 1947 ਤੋਂ ਬਾਅਦ, ਅਲੱਗ ਅਲੱਗ ਧਰਮਾਂ ਨੂੰ ਮੰਨਦੇ ਹੋਏ ਵੀ, ਭਾਸ਼ਾਈ ਤੇ ਸਭਿਆਚਾਰਕ ਏਕਤਾ ਦੀ ਸਾਂਝੀ ਕੜੀ ਫੜੀ ਰਖਦੇ, ਪੰਜਾਬ ਦੇ ਆਰੀਆ ਸਮਾਜੀ ਵੀਰ ਪੰਜਾਬੀ ਜ਼ਬਾਨ ਨੂੰ ਆਪਣੀ ਜ਼ਬਾਨ ਮੰਨਣ ਤੋਂ ਇਨਕਾਰ ਨਾ ਕਰਦੇ, ਪੰਜਾਬੀ ਸੂਬੇ ਦਾ ਲਗਾਤਾਰ ਵਿਰੋਧ ਨਾ ਕਰਦੇ, ਤਾਂ ਵੀ ਪੰਜਾਬ ਵਿਚ ਉਹ ਫਿਰਕੂ ਪਾੜ ਨਾ ਪੈਂਦਾ, ਜੋ ਅੱਜ ਪਿਆ ਹੋਇਆ ਹੈ ਤੇ ਜਿਸ ਦੀ ਕੁੜਿੱਤਣ ਫੈਡਰੇਸ਼ਨ ਦੇ ਨੌਜਵਾਨਾਂ ਦੇ ਦਿਲਾਂ ਵਿਚ ਵਸੀ ਹੋਈ ਹੈ।

ਸ੍ਰੀਮਤੀ ਇੰਦਰਾ ਗਾਂਧੀ 1980 ਤੋਂ ਬਾਅਦ ਭਾਰਤ ਦੀਆਂ ਉਲਝਣਾਂ ਵੀ ਵਧਾਉਂਦੀ ਰਹੀ ਤੇ ਪੰਜਾਬ ਦੀਆਂ ਵੀ। ਉਸ ਨੇ ਸਹੀ ਰਾਸ਼ਟਰਵਾਦੀ ਨੀਤੀਆਂ ਛੱਡ ਕੇ ਭਾਰਤ ਦੀ ਫਿਰਕੂ ਬਹੁਗਿਣਤੀ ਦੀਆਂ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕੀਤੀ ਤੇ ਇਸ ਕੰਮ ਲਈ ਪੰਜਾਬ ਮਸਲੇ ਨੂੰ ਵਰਤਿਆ। ਜੋ ਪੰਜਾਬ ਸਮਝੌਤਾ 1985 ਵਿਚ ਕੀਤਾ ਗਿਆ, ਇਹ 1982 ਤੇ 1983 ਵਿਚ ਹੀ ਹੋ ਸਕਦਾ ਸੀ। ਫੇਰ "ਸਾਕਾ ਨੀਲਾ ਤਾਰਾ" ਤੇ ਨਵੰਬਰ ਦੇ ਦੰਗਿਆਂ ਦੀਆਂ ਉਹ ਦੁਖਦਾਈ ਘਟਨਾਵਾਂ ਨਾ ਵਾਪਰਦੀਆਂ ਜਿਨ੍ਹਾਂ ਦੀ ਯਾਦ ਸਿਖ ਨੌਜਵਾਨਾਂ ਨੂੰ ਤਿਲਮਿਲਾਉਂਦੀ ਹੈ।

### ਨਰਮ ਨੀਤੀ

ਹੁਣ ਸ੍ਰੀ ਰਾਜੀਵ ਗਾਂਧੀ ਵੀ ਮਾਂ ਦੀਆਂ ਨੀਤੀਆਂ ਉਤੇ ਤੁਰਨ ਲਗ ਪਏ ਹਨ। ਪੰਜਾਬ ਸਮਝੌਤਾ ਇਸ ਭਾਵਨਾ ਨਾਲ ਕੀਤਾ ਗਿਆ ਸੀ ਕਿ ਸਿੱਖਾਂ ਦੀਆਂ ਨਾਰਾਜ਼ ਭਾਵਨਾਵਾਂ ਨੂੰ ਠੰਢਾ ਕੀਤਾ ਜਾਏ। ਇਸ ਲਈ ਫੌਜੀਆਂ ਬਾਰੇ ਨਰਮ ਨੀਤੀ ਧਾਰਨ ਕਰਨ ਅਤੇ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨੂੰ ਰਿਹਾ ਕਰਨ ਦੀ ਨੀਤੀ ਅਤੇ ਨਵੰਬਰ ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣੀ ਜ਼ਰੂਰੀ ਸੀ। ਪੰਜਾਬ ਦੀ ਅਕਾਲੀ ਸਰਕਾਰ ਦੇ ਵਾਰ ਵਾਰ ਜ਼ੋਰ ਦੇਣ ਦੇ ਬਾਵਜੂਦ ਇਸ ਸਬੰਧ ਵਿਚ ਕੁਝ ਨਹੀਂ ਕੀਤਾ ਜਾ ਰਿਹਾ। ਜੋਧਪੁਰ ਜੇਲ੍ਹ ਵਿਚ ਬੰਦ ਲੋਕਾਂ ਵਿਚ ਕਾਫੀ ਲੋਕ ਬਿਲਕੁਲ ਨਿਰਦੋਸ਼ ਹਨ। ਕਾਫੀ ਸਾਰੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ। ਦੋ ਬੀਬੀਆਂ ਹਨ। ਕਿਉਂ ਨਹੀਂ ਇਨ੍ਹਾਂ ਨੂੰ ਛੱਡਿਆ ਗਿਆ? 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਕਿਉਂ ਨਹੀਂ ਦਿੱਤਾ ਗਿਆ?

ਹੁਣ ਨਦੀ-ਪਾਣੀ ਦੀ ਵੰਡ ਲਈ ਤਾਂ ਕਮਿਸ਼ਨ ਬਣ ਗਿਆ ਪਰ ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਕੋਈ ਕਾਰਵਾਈ ਨਹੀਂ ਹੋ ਰਹੀ। ਪਹਿਲਾਂ ਝੋਨਾ ਤੇ ਕਪਾਹ ਪੰਜਾਬ ਦੀਆਂ ਮੰਡੀਆਂ ਵਿਚ ਰੁਲਦੇ ਰਹੇ। ਹੁਣ ਖਬਰ ਹੈ ਕਿ ਉਤਰ ਪ੍ਰਦੇਸ਼ ਵਿਚ ਰਾਜ ਸਰਕਾਰ ਵਲੋਂ ਖਰੀਦੀ ਗਈ ਕਣਕ ਤਾਂ ਕੇਂਦਰ ਤੱਟ ਫੱਟ ਚੁਕਵਾ ਲੈਂਦਾ ਹੈ, ਪੰਜਾਬ ਦੀ ਕਣਕ ਸਾਲਾਂ ਬੱਧੀ ਗੋਦਾਮਾਂ ਵਿਚ ਰੁਲਦੀ ਰਹਿੰਦੀ ਹੈ। ਦੁਖਦਾਈ ਗੱਲ ਇਹ ਵੀ ਹੈ ਕਿ ਜਿਸ ਹਰਿਆਣੇ ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਕਾਲ ਵਿਚ, ਸਿੱਖਾਂ ਦੀ ਬੇਪਤੀ ਹੁੰਦੀ ਰਹੀ, ਉਸੇ ਨੂੰ ਪੰਜਾਬ ਸਮਝੌਤੇ ਦੀ ਖਾਹਮਖਾਹ ਧਿਰ ਬਣਾ ਕੇ ਪੰਜਾਬ ਸਮਝੌਤੇ ਨੂੰ ਤਾਰ-ਪੀਡੋ ਕੀਤਾ ਜਾ ਰਿਹਾ ਹੈ। ਇਉਂ ਉਨ੍ਹਾਂ ਸਿੱਖਾਂ ਦੀ ਰਾਏ ਪੱਕੀ ਕੀਤੀ ਜਾ ਰਹੀ ਹੈ ਜੋ ਸਮਝਦੇ ਹਨ ਕਿ ਸੈਕੂਲਰਇਜ਼ਮ ਦੇ ਪਰਦੇ ਹੇਠ ਕੇਂਦਰ ਦੀ ਨੀਤੀ ਫਿਰਕੂ ਹੈ ਤੇ ਸਿੱਖਾਂ ਦਾ ਲਾਭ ਆਪਣੇ ਵੱਖਰੇ ਰਾਜ ਵਿਚ ਹੀ ਹੈ। ਫੈਡਰੇਸ਼ਨ ਦੀ ਸੋਚ ਅੱਜ ਕੱਲ੍ਹ ਇਹੋ ਪ੍ਰਤੀਤ ਹੁੰਦੀ ਹੈ। ਫੈਡਰੇਸ਼ਨ ਦਾ ਵਿਚਾਰ ਹੈ ਕਿ ਪੰਜਾਬ ਸਮਝੌਤੇ ਨਾਲ ਕੁਝ ਨਹੀਂ ਮਿਲਿਆ ਹੈ ਇਹ ਪੰਜਾਬ ਨਾਲ ਧਰੋਹ ਹੋਇਆ ਹੈ। ਸ੍ਰੀ ਰਾਜੀਵ ਗਾਂਧੀ ਨੇ ਪਿਛਲੇ ਕਈ ਮਹੀਨਿਆਂ ਵਿਚ ਇਹ ਆਲੋਚਨਾਤਮਕ ਰਾਏ ਸੱਚੀ ਸਿਧ ਕਰ ਦਿੱਤੀ ਹੈ।

ਪੰਜਾਬ ਦੀਆਂ ਸਭ ਰਾਜਨੀਤਕ ਪਾਰਟੀਆਂ ਨੇ ਪੰਜਾਬ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਇਹ ਮਤਾ ਪਾਸ ਕਰਕੇ ਬਹੁਤ ਚੰਗਾ ਕੀਤਾ ਕਿ ਪੰਜਾਬ ਸਮਝੌਤਾ ਇਸ ਦੀ ਭਾਵਨਾ ਮੁਤਾਬਕ ਲਾਗੂ ਹੋਣਾ ਚਾਹੀਦਾ ਹੈ ਪਰ ਇਹ ਪਾਰਟੀਆਂ ਇਸ ਤੋਂ ਅੱਗੇ ਕਿਉਂ ਨਹੀਂ ਜਾਂਦੀਆਂ? ਕਿਉਂ ਨਹੀਂ ਕੇਂਦਰ ਨੂੰ ਅਲਟੀਮੇਟਮ ਦਿੰਦੀਆ? ਖਾਸ ਤੌਰ 'ਤੇ ਕਮਿਊਨਿਸਟ ਪਾਰਟੀਆਂ ਤੇ ਕਾਂਗਰਸ ਕਿਉਂ ਦਲੇਰ ਸਟੈਂਡ ਨਹੀਂ ਲੈਂਦੀਆਂ? ਕੀ ਪੰਜਾਬ ਦੇ ਕਾਜ਼ ਲਈ ਲੜਨਾ ਸਿਰਫ ਅਕਾਲੀਆਂ ਦੇ ਜ਼ਿੰਮੇ ਰਹਿ ਗਿਆ ਹੈ? ਕੀ ਬਾਕੀ ਪਾਰਟੀਆਂ ਵਿਚ ਦਮ-ਖਮ ਨਹੀਂ? ਕਾਂਗਰਸ ਪੰਜਾਬ ਦੀਆਂ ਹਿੰਸਾਤਮਕ ਘਟਨਾਵਾਂ ਉਤੇ ਤਾਂ ਬਹੁਤ ਸ਼ੋਰ ਪਾ ਰਹੀ ਹੈ, ਪੰਜਾਬ ਦੀਆਂ ਜਾਇਜ਼ ਮੰਗਾਂ ਦੇ ਹੱਕ ਵਿਚ ਦਲੇਰੀ ਨਾਲ ਕਿਉਂ ਨਹੀਂ ਬੋਲਦੀ? ਸ. ਸੁਰਜੀਤ ਸਿੰਘ ਬਰਨਾਲਾ ਨੇ ਮਿਲਣ ਆਏ ਕਾਂਗਰਸੀ ਮੈਂਬਰਾਨ ਪਾਰਲੀਮੈਂਟ ਨੂੰ ਠੀਕ ਹੀ ਸਵਾਲ ਪੁੱਛਿਆ ਸੀ ਕਿ ਤੁਸੀਂ ਸੈਂਕੜੇ ਮੀਲ ਚਲ ਕੇ ਮੇਰੇ ਪਾਸ ਤਾਂ ਆ ਗਏ ਤਾਂ ਕਿ ਅਮਨ-ਕਾਨੂੰਨ ਬਾਰੇ ਆਪਣੀ ਚਿੰਤਾ ਪ੍ਰਗਟ ਕਰ ਸਕੋ, ਸੌ ਗਜ਼ ਚਲ ਕੇ ਪ੍ਰਧਾਨ ਮੰਤਰੀ ਨੂੰ ਕਿਉਂ ਨਹੀਂ ਮਿਲੇ ਤਾਂ ਕਿ ਉਨ੍ਹਾਂ ਨੂੰ ਪੰਜਾਬ ਸਮਝੌਤਾ ਲਾਗੂ ਕਰਨ ਬਾਰੇ ਚਿਤਾਵਨੀ ਦਿੰਦੇ?

### ਹਾਂ-ਪੱਖੀ ਨੀਤੀ

ਪੰਜਾਬ ਦੀਆਂ ਉਨ੍ਹਾਂ ਰਾਜਨੀਤਕ ਪਾਰਟੀਆਂ ਨੂੰ, ਜੋ ਫਿਰਕਾਪ੍ਰਸਤੀ ਦੇ ਵਿਰੁੱਧ ਹੋਣ ਦਾ ਅਤੇ ਮਨੁੱਖੀ ਏਕਤਾ ਦੀਆਂ ਸਮਰਥਕ ਹੋਣ ਦਾ ਦਾਅਵਾ ਕਰਦੀਆਂ ਹਨ, ਇਸ ਮੌਕੇ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਸਿੱਖਾਂ ਦੀ

ਬਾਕੀ ਪੰਨਾ 5 ਤੇ

# ਜਲੰਧਰ 'ਚ ਹਿੰਸਕ ਵਾਰਦਾਤਾਂ ਪਿੱਛੋਂ ਕਰਫਿਊ ਲਾਗੂ

## ਬਟਾਲਾ 'ਚ ਕਰਫਿਊ ਵਿਚ ਅਜੇ ਢਿੱਲ ਨਹੀਂ

ਚੰਡੀਗੜ੍ਹ — ਪੰਜਾਬ ਵਿਚ ਵੱਖ ਵੱਖ ਥਾਵਾਂ 'ਤੇ ਹਿੰਸਾ ਤੇ ਲੁੱਟਮਾਰ ਦੀਆਂ ਘਟਨਾਵਾਂ ਜਾਰੀ ਰਹੀਆਂ। ਜਲੰਧਰ ਸ਼ਹਿਰ ਵਿਚ ਸ਼ਿਵ ਸੈਨਾ ਦੇ ਬੰਦ ਦੇ ਸੱਦੇ ਦੌਰਾਨ ਹਿੰਸਕ ਘਟਨਾਵਾਂ ਹੋਣ ਕਾਰਨ ਅਧਿਕਾਰੀਆਂ ਨੇ ਕਰਫਿਊ ਲਾਗੂ ਕਰ ਦਿੱਤਾ। ਕਰਫਿਊਗ੍ਰਸਤ ਬਟਾਲਾ ਸ਼ਹਿਰ ਵਿਚ ਤਣਾਓ ਬਣੀ ਰਹੀ। ਉਥੇ ਕਰਫਿਊ ਵਿਚ ਢਿੱਲ ਨਹੀਂ ਦਿੱਤੀ ਗਈ। ਸ਼ਹਿਰ ਵਿਚ ਸਥਿਤੀ ਨੂੰ ਕਾਬੂ ਵਿਚ ਰੱਖਣ ਲਈ ਬੀ. ਐਸ. ਐਫ. ਤਾਇਨਾਤ ਕਰ ਦਿੱਤੀ ਗਈ ਹੈ। ਪੁਲੀਸ ਨੇ ਸ਼ਹਿਰ ਵਿਚ ਹਿੰਸਕ ਘਟਨਾਵਾਂ ਦੇ ਸਿਲਸਿਲੇ ਵਿਚ ਹੁਣ ਤੱਕ 19 ਵਿਅਕਤੀ ਗ੍ਰਿਫਤਾਰ ਕੀਤੇ ਹਨ। ਬਟਾਲਾ ਸ਼ਹਿਰ ਵਿਚ ਇਕ ਘਰ 'ਤੇ ਹਿੰਦੂ ਸ਼ਿਵ ਸੈਨਾ ਦੇ ਕਾਰਕੁਨਾਂ ਵਲੋਂ ਗੋਲੀ ਚਲਾਏ ਜਾਣ ਕਾਰਨ ਉਸ ਘਰ ਵਿਚ ਰਹਿੰਦੇ ਪਰਵਾਰ ਦੇ ਤਿੰਨ ਮੈਂਬਰ ਫੱਟੜ ਹੋ ਗਏ। ਫੱਟੜਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ।

ਜਲੰਧਰ ਜ਼ਿਲੇ ਵਿਚ ਲੋਹੀਆਂ ਵਿਖੇ ਕੁਝ ਹਥਿਆਰਬੰਦ ਵਿਅਕਤੀਆਂ ਨੇ ਪੰਜਾਬ ਰਾਜ ਬਿਜਲੀ ਬੋਰਡ ਦੇ ਖਜ਼ਾਨਚੀ ਪਾਸੋਂ 21,000 ਰੁਪਏ ਲੁੱਟ ਲਏ ਅਤੇ ਇਕ ਕਾਰ ਵਿਚ ਸਵਾਰ ਹੋ ਕੇ ਖਿਸਕ ਗਏ।

ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਨਿਆਜ਼ੀਆਂ ਵਿਚ ਅਸ਼ੋਕ ਕੁਮਾਰ ਨਾਮੀ ਯੁਵਕ ਨੂੰ ਗੋਲੀ ਨਾਲ ਮਾਰ ਦਿੱਤਾ ਗਿਆ। ਉਸ ਦੀ ਲਾਸ਼ ਪੁਲੀਸ ਨੂੰ ਪਿੰਡ ਦੇ ਇਕ ਖੂਹ ਵਿਚੋਂ ਮਿਲੀ।

ਅੰਮ੍ਰਿਤਸਰ ਸ਼ਹਿਰ ਦੇ ਸੁਲਤਾਨਵਿੰਡ ਖੇਤਰ ਵਿਚੋਂ ਦੋ ਅਣਪਛਾਤੇ ਯੁਵਕਾਂ ਨੇ ਸ਼ਰਾਬ ਦੇ ਠੇਕੇ ਤੋਂ ਪਿਸਤੌਲ ਦੀ ਨੋਕ 'ਤੇ 7200 ਰੁਪਏ ਲੁੱਟ ਲਏ।

ਵੱਖ ਵੱਖ ਥਾਵਾਂ ਤੋਂ ਪ੍ਰਾਪਤ ਵੇਰਵੇ ਇਸ ਪ੍ਰਕਾਰ ਹਨ :

ਜਲੰਧਰ — ਅਧਿਕਾਰੀਆਂ ਨੇ ਦਿਨ ਵੇਲੇ ਪੁਰਾਣੇ ਸ਼ਹਿਰ ਵਿਚ ਹਿੰਸਾ ਦੀਆਂ ਘਟਨਾਵਾਂ ਨੂੰ ਮੁਖ ਰਖਦਿਆਂ ਪੂਰੇ ਪੁਰਾਣੇ ਸ਼ਹਿਰ ਵਿਚ ਕਰਫਿਊ ਲਾਗੂ ਕਰ ਦਿੱਤਾ। ਪੁਲੀਸ ਮੁਖੀ ਬਲਜੀਤ ਸਿੰਘ ਸੰਧੂ ਦੇ ਦੱਸਣ ਅਨੁਸਾਰ ਕਰਫਿਊ ਸਥਿਤੀ ਨੂੰ ਵਿਗੜਨ ਤੋਂ ਬਚਾਉਣ ਲਈ ਲਾਗੂ ਕੀਤਾ ਗਿਆ ਹੈ। ਇਸ ਸਰਕਾਰੀ ਤਰਜਮਾਨ ਨੇ ਦੱਸਿਆ ਕਿ ਕਰਫਿਊ ਨੂੰ ਫਿਲਹਾਲ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈ। ਖਬਰ ਏਜੰਸੀ 'ਪੀ ਟੀ ਆਈ' ਅਨੁਸਾਰ ਸ਼ਹਿਰ ਦੇ ਫਗਵਾੜਾ ਗੇਟ ਤੇ ਭਗਵਾਨ ਬਾਲਮੀਕ ਚੌਕ ਖੇਤਰਾਂ ਵਿਚ ਦੋ ਫਿਰਕਿਆਂ ਦੇ ਮੈਂਬਰਾਂ ਵਿਚਾਲੇ ਝੜਪਾਂ ਹੋਈਆਂ। ਜਿਨ੍ਹਾਂ ਖੇਤਰਾਂ ਵਿਚ ਕਰਫਿਊ ਲਾਗੂ ਕੀਤਾ ਗਿਆ ਹੈ, ਉਨ੍ਹਾਂ ਵਿਚ ਪੁਰਾਣੇ ਸ਼ਹਿਰ ਤੋਂ ਇਲਾਵਾ ਬੀ. ਐਮ. ਸੀ. ਚੌਕ, ਮਹਾਂਵੀਰ ਮਾਰਗ, ਗੁਰੂ ਨਾਨਕ ਚੌਕ, ਅੰਬੇਦਕਰ ਚੌਕ, ਫੁਟਬਾਲ ਚੌਕ, ਕਪੂਰਥਲਾ ਚੌਕ, ਪੰਜਾਬ ਰੋਡਵੇਜ਼ ਵਰਕਸ਼ਾਪ, ਪਟੇਲ ਚੌਕ, ਕੋਤਵਾਲੀ, ਬਾਲਮੀਕੀ ਗੇਟ, ਮਾਈ ਹੀਰਾਂ ਗੇਟ, ਰੇਲਵੇ ਸਟੇਸ਼ਨ ਰੋਡ, ਸ਼ਾਸਤਰੀ ਮਾਰਕੀਟ ਤੇ ਮੁਖ ਡਾਕ ਘਰ ਦਾ ਖੇਤਰ ਸ਼ਾਮਲ ਹਨ।

### ਗ੍ਰਿਫਤਾਰੀਆਂ

ਪੁਲੀਸ ਨੇ 15 ਮਾਰਚ ਨੂੰ ਹਰਨਾਮਦਾਸਪੁਰਾ ਸ਼ਮਸ਼ਾਨ ਘਾਟ ਵਿਚੋਂ ਚਾਰ ਵਿਅਕਤੀਆਂ ਦੇ ਫੁਲ ਚੁਰਾਏ ਜਾਣ ਦੇ ਮਾਮਲੇ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਅੱਧੀ ਦਰਜਨ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲੀਸ ਨੇ ਸ਼ਿਵ ਸੈਨਾ ਦੇ ਵੀ ਚਾਰ ਨੇਤਾਵਾਂ ਅਤੇ ਸੱਤ ਵਰਕਰਾਂ ਨੂੰ ਹਿੰਸਾ ਭੜਕਾਉਣ ਦੇ ਦੋਸ਼ਾਂ ਹੇਠ ਕਾਬੂ ਕੀਤਾ। ਗ੍ਰਿਫਤਾਰ ਨੇਤਾਵਾਂ ਦੇ ਨਾਂ ਹਨ : ਵਿਜੇ ਗੁਪਤਾ, ਚਮਨ ਲਾਲ ਸ਼ਰਮਾ, ਸ਼ਿਵ ਕੁਮਾਰ ਵਰਮਾ ਤੇ ਤਰਸੇਮ ਕਪੂਰ। ਸ਼ਹਿਰ ਵਿਚ ਸਥਿਤੀ ਤਣਾਓਪੂਰਨ ਪਰ ਕਾਬੂ ਹੇਠ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼ਹਿਰ ਵਿਚ ਸ਼ਿਵ ਸੈਨਾ ਦੇ ਬੰਦ ਦੇ ਸੱਦੇ ਨੂੰ ਮਿਲਵਾਂ-ਜੁਲਵਾਂ ਹੁੰਗਾਰਾ ਮਿਲਿਆ। ਪੁਰਾਣੇ ਸ਼ਹਿਰ ਵਿਚ ਬਹੁਤੀਆਂ ਦੁਕਾਨਾ ਬੰਦ ਰਹੀਆਂ, ਪਰ ਮੁਹੱਲਿਆਂ ਤੇ ਸ਼ਹਿਰ ਦੇ ਬਾਹਰਲੇ ਖੇਤਰਾਂ ਵਿਚ ਦੁਕਾਨਾਂ ਆਮ ਵਾਂਗ ਖੁਲ੍ਹੀਆਂ। ਬੰਦ ਦੇ ਸੱਦੇ ਦਾ ਸਰਕਾਰੀ ਦਫਤਰਾਂ, ਵਿਦਿਅਕ ਸੰਸਥਾਵਾਂ ਤੇ ਬੈਂਕਾਂ 'ਤੇ ਕੋਈ ਅਸਰ ਨਹੀਂ ਪਿਆ।

"ਪ. ਟ. ਬ." ਦੇ ਅਨੁਸਾਰ ਫਗਵਾੜਾ ਗੇਟ ਖੇਤਰ ਵਿਚ ਦੋ ਟੋਲਿਆਂ ਵਿਚਾਲੇ ਹਿੰਸਕ ਝੜਪ ਹੋਈ ਜਿਸ ਦੌਰਾਨ ਇਕ ਟੋਲੇ ਵਲੋਂ ਕਥਿਤ ਤੌਰ ਤੇ ਗੋਲੀ ਵੀ ਚਲਾਈ ਗਈ। ਕਰਫਿਊ ਲਗਣ ਤੋਂ ਬਾਅਦ ਵੀ ਨੰਗੀਆਂ ਤਲਵਾਰਾਂ ਤੇ ਲਾਠੀਆਂ ਨਾਲ ਲੈਸ ਯੁਵਕ ਸੜਕਾਂ 'ਤੇ ਘੁੰਮਦੇ ਵਿਖਾਈ ਦਿਤੇ। ਝੜਪਾਂ ਸ਼ਿਵ ਸੈਨਾ ਦੇ ਵਰਕਰਾਂ ਵਲੋਂ ਜਬਰੀ ਦੁਕਾਨਾ ਬੰਦ ਕਰਵਾਉਣ ਤੋਂ ਸ਼ੁਰੂ ਹੋਈਆਂ।

### ਨਕੋਦਰ ਵਿਚ ਖਿਚਾਅ

ਨਕੋਦਰ ਤੋਂ ਪ੍ਰਾਪਤ ਇਕ ਸੂਚਨਾ ਅਨੁਸਾਰ ਪੁਲੀਸ ਨੇ ਸ਼ਿਵ ਸੈਨਾ ਦੀ ਨਕੋਦਰ ਇਕਾਈ ਦੇ ਪ੍ਰਧਾਨ ਰਮੇਸ਼ ਚੰਦਰ ਖਾਨ ਨੂੰ ਗ੍ਰਿਫਤਾਰ ਕਰਨ ਲਈ ਉਸ ਦੇ ਘਰ 'ਤੇ ਛਾਪਾ ਮਾਰਿਆ, ਪਰ ਉਹ ਬਚ ਨਿਕਲਿਆ ਅਤੇ ਇਕ ਧਾਰਮਿਕ ਅਸਥਾਨ ਵਿਚ ਪਨਾਹ ਲੈ ਲਈ। ਛਾਪੇ ਦੀ ਖਬਰ ਫੈਲਦਿਆਂ ਹੀ ਲਗਭਗ 200 ਸ਼ਿਵ ਸੈਨਾ ਵਰਕਰ ਉਸ ਧਾਰਮਿਕ ਅਸਥਾਨ ਵਿਚ ਇਕੱਠੇ ਹੋ ਗਏ ਅਤੇ ਪੁਲੀਸ ਦੀ ਕਾਰਵਾਈ ਵਿਰੁੱਧ ਸ਼ਹਿਰ ਵਿਚ ਜਲੂਸ ਕੱਢਣ ਦੀ ਧਮਕੀ ਦਿੱਤੀ। ਸ਼ਹਿਰ ਵਿਚ ਖਿਚਾਅ ਜਾਰੀ ਹੈ।

### ਲਾਸ਼ ਮਿਲੀ

ਹੁਸ਼ਿਆਰਪੁਰ — ਜਲੰਧਰ ਦੀ ਕੱਪੜੇ ਦੀ ਇਕ ਥੋਕ ਫਰਮ ਨਾਲ ਸਬੰਧਤ ਅਸ਼ੋਕ ਕੁਮਾਰ ਦੀ ਲਾਸ਼ ਪੁਲੀਸ ਨੂੰ ਇਸ ਜ਼ਿਲੇ ਦੇ ਪਿੰਡ ਨਿਆਜ਼ੀਆਂ ਦੇ ਇਕ ਖੂਹ ਵਿਚੋਂ ਮਿਲੀ। ਉਸ ਦੇ ਜਿਸਮ 'ਤੇ ਗੋਲੀ ਦੇ ਫੱਟ ਸਨ। ਪੁਲੀਸ ਅਨੁਸਾਰ ਅਸ਼ੋਕ ਕੁਮਾਰ ਸ਼ਨਿਚਰਵਾਰ ਨੂੰ ਜਲੰਧਰ ਤੋਂ ਉਗਰਾਹੀ ਕਰਨ ਲਈ ਨਿਕਲਿਆ ਸੀ, ਪਰ ਵਾਪਸ ਨਹੀਂ ਪਰਤਿਆ। ਉਸ ਦਾ ਪੈਸਿਆਂ ਵਾਲਾ ਬੈਗ, ਗੁਟ ਘੜੀ ਤੇ ਸੋਨੇ ਦੀ ਮੁੰਦਰੀ ਬਰਾਮਦ ਨਹੀਂ ਹੋ ਸਕੀ।

### 19 ਗ੍ਰਿਫਤਾਰ

ਬਟਾਲਾ — ਇਕ ਵਿਅਕਤੀ ਦੇ ਹਸਪਤਾਲ ਵਿਚ ਦਮ ਤੋੜ ਜਾਣ ਨਾਲ ਇਸ ਸ਼ਹਿਰ ਵਿਚ ਹੋਈਆਂ ਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਤਿੰਨ ਹੋ ਗਈ। ਪ੍ਰਸ਼ਾਸਨ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਕਿ ਘਟਨਾਵਾਂ ਵਿਚ ਚਾਰ ਵਿਅਕਤੀ ਮਰੇ। ਪ੍ਰਸ਼ਾਸਨ ਦੇ ਇਕ ਤਰਜਮਾਨ ਨੇ ਮਰਨ ਵਾਲਿਆਂ ਦੀ ਗਿਣਤੀ ਦੋ ਅਤੇ ਫੱਟੜਾਂ ਦੀ ਤੇਰਾਂ ਦੱਸੀ।

ਜਲੰਧਰ ਰੇਂਜ ਦੇ ਡੀ. ਆਈ. ਜੀ., ਪੀ. ਸੀ. ਡੋਗਰਾ ਨੇ ਦੱਸਿਆ ਕਿ ਵਾਪਰੀਆਂ ਘਟਨਾਵਾਂ ਦੇ ਸਿਲਸਿਲੇ ਵਿਚ 19 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ 27 ਮਾਰਚ ਤੱਕ ਅਦਾਲਤੀ ਹਿਰਾਸਤ ਵਿਚ ਭੇਜ ਦਿਤਾ ਗਿਆ ਹੈ। ਬਟਾਲਾ ਸ਼ਹਿਰ ਵਲ ਬਸ ਆਵਾਜਾਈ ਦੂਜੇ ਦਿਨ ਠੱਪ ਰਹੀ। ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਦਿਨੇਸ਼ ਚੰਦਰ ਸਥਿਤੀ ਦਾ ਜਾਇਜ਼ਾ ਲੈਣ ਲਈ ਸ਼ਹਿਰ ਵਿਚ ਪਹੁੰਚ ਗਏ ਹਨ।

ਅਧਿਕਾਰੀਆਂ ਨੇ ਨਾ ਕਰਫਿਊ ਵਿਚ ਢਿੱਲ ਦਿੱਤੀ ਅਤੇ ਨਾ ਹੀ ਕਰਫਿਊ ਪਾਸ ਜਾਰੀ ਕੀਤੇ। ਸਥਿਤੀ ਨੂੰ ਕੰਟਰੋਲ ਵਿਚ ਰੱਖਣ ਲਈ ਸ਼ਹਿਰ ਵਿਚ ਬੀ. ਐਸ. ਐਫ. ਤਾਇਨਾਤ ਕਰ ਦਿੱਤੀ ਗਈ ਹੈ। ਪਰ ਨਹਿਰੂ ਗੇਟ ਦੇ ਅੰਦਰੋਂ ਗੋਲੀ ਚਲਦੀ ਰਹੀ ਅਤੇ ਕੁਝ ਥਾਈਂ ਲੁੱਟਮਾਰ ਵੀ ਹੋਈ। ਕੁੱਲ ਮਿਲਾ ਕੇ 8 ਦੁਕਾਨਾਂ ਰਾਤ ਦੀ ਸਾੜ-ਫੂਕ ਦਾ ਸ਼ਿਕਾਰ ਹੋਈਆਂ।

### ਪਰਚੇ ਰੱਦ

ਜ਼ਿਲਾ ਮੈਜਿਸਟਰੇਟ ਨੇ ਬਟਾਲਾ ਨਗਰਪਾਲਿਕਾ ਦੀ ਹੱਦ ਵਿਚ ਚਲ ਰਹੀ ਦਸਵੀਂ ਤੇ ਹਾਇਰ ਸੈਕੰਡਰੀ ਪ੍ਰੀਖਿਆ ਰੱਦ ਕਰ ਦਿੱਤੀ। ਇਹ ਪਰਚੇ ਬਾਅਦ ਵਿਚ ਲਏ ਜਾਣਗੇ। ਹੋਰ ਸਕੂਲੀ ਪ੍ਰੀਖਿਆਵਾਂ ਵੀ ਹਾਲ ਦੀ ਘੜੀ ਅੱਗੇ ਪਾ ਦਿੱਤੀਆਂ ਗਈਆਂ ਹਨ।

ਖਬਰ ਏਜੰਸੀ "ਯੂ. ਐਨ. ਆਈ", ਅਨੁਸਾਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨ ਈਸ਼ਵਰਜਨ ਪਾਲ ਸਿੰਘ ਦੀ ਦੇਹ ਦਾ ਉਸ ਦੇ ਰਿਸ਼ਤੇਦਾਰਾਂ ਨੇ ਸਸਕਾਰ ਕਰ ਦਿਤਾ ਜਦੋਂ ਕਿ ਹਿੰਦੂ ਸ਼ਿਵ ਸੈਨਾ ਦੇ ਕਾਰਕੁਨ ਛਿੰਦੇ ਦੀ ਲਾਸ਼ ਦਾ ਸਸਕਾਰ ਨਗਰਪਾਲਿਕਾ ਅਧਿਕਾਰੀਆਂ ਨੇ ਕੀਤਾ ਕਿਉਂਕਿ ਕੋਈ ਵੀ ਉਸ ਦੀ ਲਾਸ਼ ਨੂੰ ਲੈਣ ਲਈ ਆਇਆ।

ਸੁਰੱਖਿਆ ਦਲਾਂ ਨੇ ਡੇਰਾ ਬਾਬਾ ਨਾਨਕ ਰੋਡ, ਸ਼ਕੂਰਪੁਰਾ ਤੇ ਰੇਲਵੇ ਕਰਾਸਿੰਗ ਨੇੜੇ ਇਕੱਤਰ ਹੋਏ ਨਜ਼ਦੀਕੀ ਪਿੰਡਾਂ ਦੇ ਲੋਕਾਂ ਨੂੰ ਖਿੰਡਾ ਦਿੱਤਾ। ਇਹ ਲੋਕ ਸ਼ਹਿਰ ਵਿਚ ਦਾਖਲ ਹੋਣਾ ਚਾਹੁੰਦੇ ਸਨ। ਖਬਰ ਏਜੰਸੀ "ਪੀ. ਟੀ. ਆਈ" ਅਨੁਸਾਰ ਸ਼ਹਿਰ ਵਿਚ ਕਰਫਿਊ ਦੌਰਾਨ ਥਾਣੇ 'ਤੇ ਕੁਝ ਸ਼ਰਾਰਤੀਆਂ ਵਲੋਂ ਹੈਂਡ ਗਰਨੇਡ ਸੁੱਟੇ ਜਾਣ ਕਾਰਨ ਗਿਆਰਾਂ ਪੁਲੀਸ ਮੁਲਾਜ਼ਮ ਫੱਟੜ ਹੋ ਗਏ।

### ਟੈਕਸੀ ਖੋਹੀ

ਸੰਗਰੂਰ — ਤਿੰਨ ਕਥਿਤ ਦਹਿਸ਼ਤਪਸੰਦ ਇਥੋਂ 25 ਕਿਲੋਮੀਟਰ ਦੂਰ ਪਿੰਡ ਨਦਾਮਪੁਰ ਨੇੜਿਓਂ ਪਿਸਤੌਲ ਦੀ ਨੋਕ 'ਤੇ ਇਕ ਫੀਏਟ ਟੈਕਸੀ ਖੋਹ ਕੇ ਲੈ ਗਏ।

ਮੋਗਾ — ਇਕ ਮੋਟਰਸਾਈਕਲ ਸਵਾਰ ਯੁਵਕ ਨੇ ਮੱਦੋਕੇ ਨੇੜੇ ਇਕ ਹੋਰ ਯੁਵਕ ਪਾਸੋਂ 600 ਰੁਪਏ ਖੋਹ ਲਏ। ਕੁਝ ਲੋਕਾਂ ਨੇ ਲੁਟੇਰੇ ਦਾ ਪਿੱਛਾ ਕੀਤਾ ਪਰ ਉਹ ਬਚ ਨਿਕਲਿਆ।

### ਪਾਬੰਦੀ

**ਰੋਪੜ — ਜ਼ਿਲਾ ਮੈਜਿਸਟਰੇਟ ਨੇ ਜ਼ਿਲੇ ਵਿਚ ਦਫਾ 144 ਅਧੀਨ ਮਨਾਹੀ ਦੇ ਹੁਕਮ ਲਾਗੂ ਕਰਕੇ ਜ਼ਿਲੇ ਵਿਚ ਹਥਿਆਰ ਲੈ ਕੇ ਚੱਲਣ 'ਤੇ 31 ਮਾਰਚ ਤੱਕ ਪਾਬੰਦੀ ਲਗਾ ਦਿਤੀ ਹੈ। ਇਹ ਹੁਕਮ ਹੋਲਾ ਮੁਹੱਲਾ ਮੇਲੇ ਨੂੰ ਮੁਖ ਰੱਖਦਿਆਂ ਚੌਕਸੀ ਵਜੋਂ ਲਾਗੂ ਕੀਤੇ ਗਏ ਹਨ।**

ਪਟਿਆਲਾ — ਨਾਭਾ ਵਿਚ ਹਿੰਦੂ ਜਥੇਬੰਦੀਆਂ ਦੀ ਇਕ ਮੀਟਿੰਗ ਉਤਰੀ ਜ਼ੋਨ ਹਿੰਦੂ ਸੁਰੱਖਿਆ ਸੰਮਤੀ ਦੇ ਜਥੇਬੰਦਕ ਸਕੱਤਰ ਸ੍ਰੀ ਰਮੇਸ਼ ਭਾਰਦਵਾਜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅਕਾਲੀ ਸਰਕਾਰ ਦੀ ਨਿੰਦਾ ਕੀਤੀ ਗਈ ਕਿ ਉਹ ਹਿੰਦੂਆਂ ਦੇ ਜਾਨ ਮਾਲ ਦੀ ਰਾਖੀ ਕਰਨ ਵਿਚ ਅਸਫਲ ਰਹੀ ਹੈ। ਮੀਟਿੰਗ ਵਿਚ ਮੰਗ ਕੀਤੀ ਗਈ ਕਿ ਦਹਿਸ਼ਤਪਸੰਦਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

### ਦੋ ਅਤਿਵਾਦੀ ਗ੍ਰਿਫਤਾਰ

ਫਿਰੋਜ਼ਪੁਰ — ਫਿਰੋਜ਼ਪੁਰ ਜ਼ਿਲੇ ਦੇ ਘੱਲ ਥਾਣੇ ਦੀ ਪੁਲੀਸ ਨੇ ਦੋ ਕਥਿਤ ਅਤਿਵਾਦੀਆਂ ਨਿਰੰਜਨ ਸਿੰਘ ਤੇ ਬਲਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਪਾਸੋਂ 32 ਬੋਰ ਦਾ ਇਕ ਰਿਵਾਲਵਰ, 12 ਬੋਰ ਦਾ ਪਿਸਤੌਲ ਤੇ 9 ਕਾਰਤੂਸ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੁਲੀਸ ਨੂੰ ਦਹਿਸ਼ਤਪਸੰਦੀ ਦੇ ਕਈ ਮਾਮਲਿਆਂ ਵਿਚ ਦੋਹਾਂ ਦੀ ਤਲਾਸ਼ ਸੀ।

### ਨਿਖੇਧੀ

ਲੁਧਿਆਣਾ — ਸੰਯੁਕਤ ਅਕਾਲੀ ਦਲ ਦੇ ਸਕੱਤਰ ਸੂਰਤ ਸਿੰਘ ਖਾਲਸਾ ਨੇ ਬਟਾਲਾ ਦੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਰਾਜ ਦਾ ਅਮਨ ਭੰਗ ਕਰਨ 'ਤੇ ਉਭਾਰੂ ਫਿਰਕੂ ਅਨਸਰਾਂ 'ਤੇ ਕਾਬੂ ਪਾਉਣ ਲਈ ਅਸਰਦਾਇਕ ਕਦਮ ਚੁੱਕੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਸੂਰਤ ਸਿੰਘ ਨੇ ਦੋਸ਼ ਲਾਇਆ ਕਿ ਫਿਰਕੂ ਅਨਸਰ ਰਾਜ ਵਿਚ ਫਿਰਕੂ ਦੰਗੇ ਭੜਕਾਉਣ ਦੀ ਸਾਜ਼ਸ਼ 'ਤੇ ਅਮਲ ਕਰ ਰਹੇ ਹਨ।

ਕਪੂਰਥਲਾ — ਕਪੂਰਥਲਾ ਸ਼ਹਿਰ ਵਿਚ ਸਥਿਤੀ ਆਮ ਵਾਂਗ ਰਹੀ। ਜ਼ਿਲਾ ਮੈਜਿਸਟਰੇਟ ਕੰਵਰ ਗੁਲਵੰਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਚੌਕਸੀ ਵਜੋਂ ਰਾਤ ਦਾ ਕਰਫਿਊ ਅਜੇ ਕੁਝ ਹੋਰ ਦਿਨ ਜਾਰੀ ਰਹੇਗਾ।

---

ਪੰਨਾ 4 ਦੀ ਬਾਕੀ

ਕਾਫੀ ਗਿਣਤੀ ਵਿਚ, ਜਿਨ੍ਹਾਂ ਵਿਚ ਪੜ੍ਹੇ ਲਿਖੇ ਲੋਕ ਸ਼ਾਮਲ ਹਨ, ਇਸ ਵਿਸ਼ਵਾਸ ਦੇ ਧਾਰਨੀ ਹੁੰਦੇ ਜਾ ਰਹੇ ਹਨ ਕਿ ਸਿੱਖਾਂ ਨਾਲ ਵਿਤਕਰਾ ਅਤੇ ਅਨਿਆ ਹੋ ਰਿਹਾ ਹੈ। ਇਹ ਨਫਰਤ ਭਰਿਆ ਵਿਚਾਰ ਜਦੋਂ ਕਾਫੀ ਦੇਰ ਜਾਰੀ ਰਹੇ ਤਾਂ ਫਿਰਕੂ ਹਿੰਸਾ ਨੂੰ ਜਨਮ ਦਿੰਦਾ ਹੈ। ਇਹ ਨਫਰਤ ਤੇ ਹਿੰਸਾ ਜਵਾਬੀ ਹਿੰਸਾ ਤੇ ਨਫਰਤ ਨੂੰ ਹੋਰ ਭੜਕਾਉਂਦੀ ਹੈ। ਪੰਜਾਬ ਵਿਚ ਇਹੋ ਕੁਝ ਹੋ ਰਿਹਾ ਹੈ, ਨਫਰਤ ਤੇ ਹਿੰਸਾ ਮਸਲੇ ਹੱਲ ਨਹੀਂ ਕਰ ਸਕਦੀ। ਇਹ ਨਾਂਹ-ਪੱਖੀ ਤਾਕਤਾਂ ਹਨ। ਇਨ੍ਹਾਂ ਨੂੰ ਠੱਲ੍ਹ ਪਾਉਣ ਲਈ ਹਾਂ-ਪੱਖੀ ਨੀਤੀਆਂ ਦੀ ਲੋੜ ਹੈ। ਇਹ ਨੀਤੀਆਂ ਕੇਂਦਰ ਦੇ ਆਗੂਆਂ ਨੂੰ ਧਾਰਨ ਕਰਨੀਆਂ ਚਾਹੀਦੀਆਂ ਹਨ ਤੇ ਪੰਜਾਬ ਦੇ ਉਨ੍ਹਾਂ ਲੋਕਾਂ ਨੂੰ ਵੀ ਜੋ ਪੰਜਾਬ ਵਿਚ ਰਹਿੰਦੇ ਹੋਏ ਪੰਜਾਬ ਦਾ ਪੱਖ ਨਹੀਂ ਲੈਂਦੇ। ਵੇਲਾ ਬੀਤਦਾ ਜਾ ਰਿਹਾ ਹੈ। ਛੇਤੀ ਹਾਂ-ਪੱਖੀ ਨੀਤੀਆਂ ਅਪਨਾਉਣ ਦੀ ਲੋੜ ਹੈ।

ਖੁਸ਼ਖਬਰੀ! ਐਬਟਸਫੋਰਡ ਵਿਚ ਨਵੀਂ ਏਜੰਸੀ ਖੁਸ਼ਖਬਰੀ!

CENTRAL VALLEY
INSURANCE AGENCIES LTD.

Autoplan
AUTHORIZED AGENT

ਇਨਸ਼ੋਰੈਂਸ ਦਾ ਜਿਥੇ ਕਿਧਰੇ ਵੀ ਸਵਾਲ ਉਠੇ, ਫੌਰਨ ਸਾਡੀ ਸਲਾਹ ਲਵੋ



Harjinder S. Deol
BUSINESS MANAG. & ADMIN

For your Insurance Needs:
Such as:
- Auto Insurance
- Home Owners
- Farms Insurance
- Commercial
- Business

ਜੇ ਤੁਸੀਂ ਘਰ, ਫਾਰਮ, ਕਾਰ, ਘਰ ਦਾ ਸਮਾਨ, ਦੁਕਾਨ, ਬਿਜ਼ਨਸ ਜਾਂ ਹੋਰ ਕਿਸੇ ਚੀਜ਼ ਦਾ ਇਨਸ਼ੋਰੈਂਸ ਕਰਵਾਉਣਾ ਹੋਵੇ ਤਾਂ ਸਾਨੂੰ ਮਿਲੋ ਜਾਂ ਫੋਨ ਕਰੋ ਅਸੀਂ ਤੁਹਾਨੂੰ ਫਰੀ ਐਸਟੀਮੇਟ ਤੇ ਲੋੜੀਂਦੀ ਸਲਾਹ ਵੀ ਦੇਵਾਂਗੇ।

Please Contact:
HARJINDER SINGH DEOL
ਹਰਜਿੰਦਰ ਸਿੰਘ ਦਿਓਲ

Bus: 852-9252
Res. 826-2868

107 - 33119 South Fraser Way, Abbotsford, B.C.
(Next to old Gurudwara). V2S 2B1

# ਸੋਭ ਰਾਜ ਦੀ ਗ੍ਰਿਫਤਾਰੀ ਲਈ ਵੱਡੀ ਪੱਧਰ ਉਤੇ ਯਤਨ ਜਾਰੀ

ਨਵੀਂ ਦਿੱਲੀ — ਭਾਰਤ ਸਰਕਾਰ ਵਲੋਂ ਕੌਮਾਂਤਰੀ ਪੱਧਰ 'ਤੇ ਬਦਨਾਮ ਮੁਜ਼ਰਿਮ ਚਾਰਲਸ ਸੋਭਰਾਜ ਨੂੰ ਕਾਬੂ ਕਰਨ ਲਈ ਇੰਟਰਪੋਲ ਸਹਿਯੋਗ ਮੰਗ ਲਿਆ ਗਿਆ ਹੈ। ਇਸ ਗੱਲ ਦਾ ਪ੍ਰਗਟਾਵਾ ਲੋਕ ਸਭਾ ਅੰਦਰ ਗ੍ਰਹਿ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਸ੍ਰੀ ਰਾਮ ਨਿਵਾਸ ਮਿਰਧਾ ਵਲੋਂ ਕੀਤਾ ਗਿਆ। ਚਾਰਲਸ ਸੋਭਰਾਜ ਤਿਹਾੜ ਸੈਂਟਰਲ ਜੇਲ੍ਹ ਦੇ ਗਾਰਡਾਂ ਨੂੰ ਨਸ਼ੀਲੀਆਂ ਦਵਾਈਆਂ ਨਾਲ ਬੇਹੋਸ਼ ਕਰਕੇ ਛੇ ਹੋਰ ਖਤਰਨਾਕ ਕੈਦੀਆਂ ਨਾਲ ਜੇਲ੍ਹ ਤੋਂ ਫਰਾਰ ਹੋ ਗਿਆ ਸੀ।

ਇਸ ਘਟਨਾ ਦੇ ਸਬੰਧ ਵਿਚ ਲੋਕ ਸਭਾ ਅੰਦਰ ਵਿਰੋਧੀ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕੇਂਦਰੀ ਮੰਤਰੀ ਨੇ ਦੱਸਿਆ ਕਿ ਦਿੱਲੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਐਚ. ਐਲ. ਕਪੂਰ ਵਲੋਂ ਇਸ ਮਾਮਲੇ ਵਿਚ ਉਚ ਪੱਧਰੀ ਜਾਂਚ ਦੇ ਆਦੇਸ਼ ਦੇ ਦਿੱਤੇ ਗਏ ਹਨ।

ਸਿਵਲ ਸਪਲਾਈਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਐਸ. ਡੀ. ਲਾਖੜਾ ਦੀ ਅਗਵਾਈ ਹੇਠ ਕਾਇਮ ਕੀਤੀ ਗਈ ਜਾਂਚ ਕਮੇਟੀ ਵਲੋਂ ਸੋਭਰਾਜ ਅਤੇ ਉਸ ਦੇ ਸਾਥੀਆਂ ਦੇ ਫਰਾਰ ਹੋਣ ਲਈ ਜ਼ਿੰਮੇਵਾਰ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ। ਇਸੇ ਦੌਰਾਨ ਦਿੱਲੀ ਪੁਲੀਸ ਨੇ ਜੇਲ੍ਹ ਵਿਚੋਂ ਭਗੌੜੇ ਹੋਏ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਵਿਆਪਕ ਪੱਧਰ ਉਤੇ ਭੱਜਦੌੜ ਸ਼ੁਰੂ ਕਰ ਦਿੱਤੀ ਹੈ। ਸਭ ਹਵਾਈ ਅੱਡਿਆਂ ਅਤੇ ਸਰਹੱਦੀ ਲਾਂਘਿਆਂ ਉਪਰ ਸੁਰੱਖਿਆ ਅਧਿਕਾਰੀਆਂ ਨੂੰ ਚੌਕਸ ਕਰ ਦਿੱਤਾ ਗਿਆ ਹੈ। ਪ੍ਰਾਪਤ ਸੂਚਨਾ ਅਨੁਸਾਰ ਜੇਲ੍ਹ ਗਾਰਡਾਂ ਦੀ ਬੇਹੋਸ਼ੀ ਦੀ ਅਵਸਥਾ ਸਮੇਂ ਦੋ ਵਿਅਕਤੀ ਥੋੜ੍ਹੀ ਜਿਹੀ ਪਿਲੱਤਣ ਵਾਲੀ ਸਫੇਦ ਕਾਰ ਵਿਚ ਤਿਹਾੜ ਜੇਲ੍ਹ ਦੇ ਅਹਾਤੇ ਅੰਦਰ ਆਏ ਅਤੇ ਸੋਭਰਾਜ ਤੇ ਹੋਰ ਕੈਦੀਆਂ ਨੂੰ ਬਿਠਾ ਕੇ ਫਰਾਰ ਹੋ ਗਏ। ਇਸ ਮਾਮਲੇ ਵਿਚ ਅਲਾਰਮ ਉਸ ਸਮੇਂ ਦਿਤਾ ਗਿਆ ਜਦੋਂ ਘਟਨਾ ਤੋਂ 45 ਮਿੰਟ ਬਾਅਦ ਬੇਹੋਸ਼ ਹੋਏ ਗਾਰਡਾਂ ਵਿਚੋਂ ਇਕ ਸੁਰੱਖਿਆ ਗਾਰਡ ਹੋਸ਼ ਵਿਚ ਆ ਗਿਆ।

ਪੁਲੀਸ ਸੂਤਰਾਂ ਦੇ ਦੱਸਣ ਅਨੁਸਾਰ ਫਰਾਰ ਹੋਏ ਕੈਦੀਆਂ ਵਿਚ ਸੋਭਰਾਜ ਤੋਂ ਬਾਅਦ ਬ੍ਰਿਜ ਮੋਹਨ ਦੂਸਰਾ ਬਹੁਤ ਹੀ ਖਤਰਨਾਕ ਮੁਜ਼ਰਿਮ ਹੈ। ਆਗਰੇ ਦੇ ਰਹਿਣ ਵਾਲੇ ਇਸ ਡਕੈਤ ਉਤੇ ਅਨੇਕਾਂ ਬੈਂਕ ਡਾਕਿਆਂ ਵਿਚ ਉਸ ਦਾ ਹੱਥ ਹੋਣ ਦਾ ਸੰਦੇਹ ਹੈ। ਦੇਸ਼ ਦੀ ਸਭ ਤੋਂ ਸਖਤ ਸੁਰੱਖਿਆ ਪ੍ਰਬੰਧਾਂ ਵਾਲੀ ਜੇਲ੍ਹ ਵਿਚੋਂ ਦੌੜਨ ਦੀ ਇਹ ਘਟਨਾ ਦੁਪਹਿਰ ਦੇ ਦੋ ਵਜੇ ਦੇ ਕਰੀਬ ਵਾਪਰੀ।

ਮੰਤਰੀ ਦੇ ਦੱਸਣ ਅਨੁਸਾਰ ਇਸ ਸ਼ਬੰਧ ਵਿਚ ਅਸਿਸਟੈਂਟ ਸੁਪਰਡੈਂਟ ਅਤੇ ਚਾਰ ਵਾਰਡਨਾਂ ਸਮੇਤ ਅੱਠ ਜੇਲ੍ਹ ਅਧਿਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਇਨ੍ਹਾਂ ਵਿਚੋਂ ਛੇ ਵਿਅਕਤੀਆਂ ਨੂੰ ਸਖਤ ਬੇਹੋਸ਼ੀ ਦੀ ਹਾਲਤ ਵਿਚ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਅਸਿਸਟੈਂਟ ਸੁਪਰਡੈਂਟ ਐਸ. ਆਰ. ਯਾਦਵ ਸਮੇਤ ਸਾਰੇ ਜੇਲ੍ਹ ਅਧਿਕਾਰੀ ਹਸਪਤਾਲ ਦੇ ਐਮਰਜੈਂਸੀ ਮੈਡੀਕਲ ਵਾਰਡ ਵਿਚ ਇਲਾਜ ਅਧੀਨ ਹਨ ਅਤੇ ਇਨ੍ਹਾਂ ਵਿਚੋਂ ਦੋ ਅਧਿਕਾਰੀਆਂ ਨੂੰ ਅਜੇ ਤੱਕ ਹੋਸ਼ ਨਹੀਂ ਆਈ। ਚਾਰਲਸ ਸੋਭਰਾਜ ਵਲੋਂ ਜੇਲ੍ਹ ਅਧਿਕਾਰੀਆਂ ਨੂੰ ਮਠਿਆਈਆਂ ਵਿਚ ਮਿਲਾ ਕੇ ਨਸ਼ੀਲੀਆਂ ਦਵਾਈਆਂ ਖਵਾਈਆਂ ਗਈਆਂ। ਸੁਲੇਮਾਨ ਅਤੇ ਸੈਲਵਾਨ ਦੇ ਦੱਸਣ ਉਹ ਤਾਂ ਮਠਿਆਈਆਂ ਖਾਂਦੇ ਸਾਰ ਹੀ ਸੁਧ-ਬੁਧ ਗਵਾ ਬੈਠੇ। ਉਨ੍ਹਾਂ ਦੱਸਿਆ ਕਿ ਅਨੰਦ ਪ੍ਰਕਾਸ਼ ਅਤੇ ਪ੍ਰੇਮ ਬਹਾਦਰ ਨਾਂ ਦੇ ਦੋ ਜੇਲ੍ਹ ਵਾਰਡਨਾਂ ਨੇ ਵਧੇਰੇ 'ਮਠਿਆਈਆਂ' ਖਾਧੀਆਂ ਸਨ — 'ਇਸੇ ਲਈ ਅਜੇ ਤੱਕ ਹੋਸ਼ ਵਿਚ ਨਹੀਂ ਆ ਰਹੇ।'

ਦਸ ਸਾਲ ਪਹਿਲਾਂ ਭਾਰਤ ਵਿਚ ਕਾਬੂ ਆ ਜਾਣ ਤੋਂ ਪਹਿਲਾਂ ਚਾਰਲਸ ਸੋਭਰਾਜ ਫਰਾਂਸ ਸਮੇਤ ਕਈ ਦੇਸ਼ਾਂ ਦੀਆਂ ਜੇਲ੍ਹਾਂ ਤੋਂ ਵੀ ਦੌੜ ਚੁੱਕਾ ਸੀ।




# ਭ੍ਰਿਸ਼ਟਾਚਾਰ ਨਾਲ ਤੂੜੀ ਤਿਹਾੜ ਜੇਲ੍ਹ

ਹਰੀਸ਼ ਗੁਪਤਾ



ਦਿੱਲੀ ਦੀ ਤਿਹਾੜ ਜੇਲ੍ਹ ਦਾ ਗੇਟ ਨੰ. 3 ਜਿਥੋਂ ਕੌਮਾਂਤਰੀ ਅਪਰਾਧੀ ਸੋਭਰਾਜ (ਇਨਸੈਟ) ਐਤਵਾਰ ਸ਼ਾਮੀਂ 6 ਹੋਰਨਾਂ ਕੈਦੀਆਂ ਦੇ ਨਾਲ ਫਰਾਰ ਹੋ ਗਿਆ।

ਨਵੀਂ ਦਿੱਲੀ — ਤਿਹਾੜ ਜੇਲ੍ਹ ਦੇ ਨਾਕਸ ਪ੍ਰਬੰਧਾਂ ਦਾ ਆਮ ਲੋਕਾਂ ਨੂੰ 60ਵਿਆਂ ਵਿਚ ਪਤਾ ਲੱਗਾ ਜਦੋਂ ਕੌਮਾਂਤਰੀ ਸਮੱਗਲਰ ਡੇਨੀਅਲ ਵਾਲਕੋਟ ਜੇਲ੍ਹ ਨੂੰ ਤੋੜ ਕੇ ਭੱਜ ਨਿਕਲਿਆ।

ਪੁਲੀਸ ਦੀਆਂ ਅੱਖਾਂ ਵਿਚ ਘੱਟਾ ਪਾਉਣ ਪਿਛੋਂ ਡੇਨੀਅਲ ਵਾਲਕੋਟ ਜੇਲ੍ਹ ਤੋਂ ਸਫਦਰਜੰਗ ਹਵਾਈ ਅੱਡੇ ਉਤੇ ਆਪਣੇ ਇਕ ਫਰਾਂਸੀਸੀ ਸਾਥੀ ਡੋਨਜ਼ ਨਾਲ ਪਹੁੰਚਿਆ ਅਤੇ ਉਥੋਂ ਇਕ ਪਾਈਮਰ ਜਹਾਜ਼ ਨੂੰ ਨਿਪਾਲ ਵੱਲ ਲੈ ਤੁਰਿਆ। ਪਰ ਜਦੋਂ ਇਹ ਜਹਾਜ਼ ਤਿਹਾੜ ਜੇਲ੍ਹ ਤੋਂ ਉਡ ਰਿਹਾ ਸੀ ਤਾਂ ਉਸ ਨੇ ਇਕ ਪਲ ਆਪਣੀ ਜੇਲ੍ਹ ਵਲ ਹਸਰਤ ਭਰੀਆਂ ਅੱਖਾਂ ਨਾਲ ਤੱਕਿਆ ਅਤੇ ਜੇਲ੍ਹ ਵਿਚ ਆਪਣੇ ਸਾਥੀਆਂ ਲਈ ਬਿਸਕੁਟਾਂ ਦੇ ਪੈਕਟ ਸੁੱਟੇ।

ਉਸ ਸਮੇਂ ਤੋਂ ਹੀ ਤਿਹਾੜ ਜੇਲ ਬਾਰੇ ਕਈ ਤਰ੍ਹਾਂ ਦੀਆਂ ਕਹਾਣੀਆਂ ਚਲਣੀਆਂ ਸ਼ੁਰੂ ਹੋਈਆਂ। ਹੁਣ ਤਕ ਜੇਲ੍ਹ ਤੋਂ ਫਰਾਰ ਹੋਣ ਦੇ 72 ਕੇਸ ਸਾਹਮਣੇ ਆਏ ਹਨ। ਇਨ੍ਹਾਂ ਵਿਚ 1976 ਦਾ ਉਹ ਕੇਸ ਵੀ ਸ਼ਾਮਲ ਸੀ ਜਦੋਂ 12 ਕੈਦੀ ਜੇਲ੍ਹ ਤੋੜ ਕੇ ਫਰਾਰ ਹੋ ਗਏ।

ਚਾਰਲਸ ਗੁਰਮੁਖ ਸੋਭਰਾਜ ਅਤੇ ਛੇ ਹੋਰ ਕੈਦੀਆਂ ਦੇ ਜੇਲ੍ਹ ਤੋਂ ਭੱਜ ਨਿਕਲਣ ਨਾਲ ਇਕ ਵਾਰ ਮੁੜ ਇਹ ਗੱਲ ਸਾਹਮਣੇ ਆਈ ਹੈ ਕਿ ਜੇਲ੍ਹ ਦੇ ਅੰਦਰ ਪ੍ਰਬੰਧਾਂ ਦਾ ਬਹੁਤ ਮਾੜਾ ਹਾਲ ਹੈ।

ਅਸਲ ਵਿਚ ਕੌਮਾਂਤਰੀ ਪ੍ਰਸਿੱਧੀ ਦੇ ਅਪਰਾਧੀ ਸੋਭਰਾਜ ਦਾ ਫਰਾਰ ਹੋਣਾ ਰਾਜਧਾਨੀ ਦੇ ਅਪਰਾਧ ਜਗਤ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਸਗੋਂ ਉਹ ਇਸ ਦੀ ਆਸ ਕਰ ਰਹੇ ਸਨ। ਜਦੋਂ ਹਾਲ ਵਿਚ ਹੀ ਡਿਪਟੀ ਕਮਿਸ਼ਨਰ (ਸਾਊਥ ਦਿੱਲੀ ਪੁਲੀਸ) ਨੇ ਜੇਲ੍ਹ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਕੁਝ ਅਪਰਾਧੀ ਜੇਲ੍ਹ ਵਿਚੋਂ ਭੱਜ ਸਕਦੇ ਹਨ ਤਾਂ ਡਿਪਟੀ ਕਮਿਸ਼ਨਰ ਨੂੰ ਜ਼ਰੂਰ ਇਹ ਸੂਚਨਾ ਅਪਰਾਧ ਜਗਤ ਦੇ ਸੂਤਰਾਂ ਤੋਂ ਹੀ ਮਿਲੀ ਹੋਵੇਗੀ। ਗੇਟ ਨੰਬਰ 3 ਦੇ ਨੇੜੇ ਬੈਰਕਾਂ ਵਿਚ ਜਿਹੜੇ ਕੈਦੀ ਸਨ ਉਨ੍ਹਾਂ ਵਿਚ ਸੋਭਰਾਜ ਤੋਂ ਇਲਾਵਾ ਸਤਵੰਤ ਸਿੰਘ, ਕੇਹਰ ਸਿੰਘ, ਬਲਬੀਰ ਸਿੰਘ, ਕੁਮਾਰ ਨਾਰਾਇਣ, ਰਾਜਿੰਦਰ ਸੇਠੀਆ ਸ਼ਾਮਲ ਹਨ।

ਹਾਲ ਵਿਚ ਹੀ ਅੰਦਰੂਨੀ ਸੁਰੱਖਿਆ ਬਾਰੇ ਮੰਤਰੀ ਸ੍ਰੀ ਅਰੁਨ ਨਹਿਰੂ ਨੇ ਵੀ ਜੇਲ੍ਹ ਦਾ ਦੌਰਾ ਕੀਤਾ ਸੀ। ਇਸ ਤੋਂ ਇਲਾਵਾ ਦਿੱਲੀ ਦੇ ਉਪ ਰਾਜਪਾਲ ਨੇ ਪਿਛਲੇ ਥੋੜੇ ਅਰਸੇ ਵਿਚ ਹੀ ਪੰਜ ਵਾਰ ਜੇਲ੍ਹ ਦਾ ਦੌਰਾ ਕੀਤਾ ਅਤੇ ਸੁਰੱਖਿਆ ਪ੍ਰਬੰਧ ਸਖਤ ਕਰਨ ਦੀ ਹਦਾਇਤ ਕੀਤੀ। ਪਰ ਜਿਸ ਢੰਗ ਨਾਲ ਗੁਰਮੁਖ ਸੋਭਰਾਜ ਐਤਵਾਰ ਨੂੰ ਜੇਲ੍ਹ ਤੋਂ ਭੱਜਿਆ, ਉਹ ਪੱਛਮੀ ਫਿਲਮਾਂ ਦੀਆਂ ਕਾਲਪਨਿਕ ਜਾਸੂਸੀ ਕਹਾਣੀਆਂ ਨੂੰ ਤਾਂ ਮਾਤ ਪਾਉਂਦਾ ਹੀ ਹੈ ਪਰ ਇਸ ਦੇ ਨਾਲ ਨਾਲ ਇਹ ਵੀ ਦੱਸਦਾ ਹੈ ਕਿ ਮੰਤਰੀ ਤੇ ਅਧਿਕਾਰੀਆਂ ਦੇ ਦੌਰਿਆਂ ਦੇ ਬਾਵਜੂਦ ਵੀ ਜੇਲ੍ਹ ਦੇ ਪ੍ਰਬੰਧਾਂ ਵਿਚ ਸੁਧਾਰ ਨਹੀਂ ਆਇਆ।

ਪਿਛਲੇ ਵੀਹ ਸਾਲਾਂ ਵਿਚ ਤਿਹਾੜ ਜੇਲ੍ਹ ਦੇ ਸੁਰੱਖਿਆ ਪਹਿਲੂਆਂ ਦੀ ਜਾਂਚ ਕਰਨ ਲਈ ਕਈ ਕਮੇਟੀਆਂ ਬਹਿੰਦੀਆਂ ਰਹੀਆਂ ਹਨ। ਇਹ ਜੇਲ੍ਹ ਭ੍ਰਿਸ਼ਟਾਚਾਰ ਦਾ ਇਕ ਵੱਡਾ ਅੱਡਾ ਬਣ ਗਈ ਹੈ।

ਇਹ ਗੱਲ ਕੋਈ ਲੁਕੀ ਛਿਪੀ ਨਹੀਂ ਕਿ ਸੋਭਰਾਜ ਨੇ ਕਦੇ ਜੇਲ੍ਹ ਨਿਯਮਾਂ ਦੀ ਪਾਲਣਾ ਨਹੀਂ ਸੀ ਕੀਤੀ। "ਸੰਸਾਰ ਦੀ ਕੋਈ ਵੀ ਜੇਲ੍ਹ ਮੈਨੂੰ ਬੰਦ ਨਹੀਂ ਰੱਖ ਸਕਦੀ", ਕਹਿਣ ਵਾਲੇ ਸੋਭ ਰਾਜ ਦੇ ਮਨੋਰੰਜਨ ਲਈ ਜੇਲ੍ਹ ਵਿਚ ਹਰ ਚੀਜ਼ ਆਉਂਦੀ ਸੀ। ਜੇਲ੍ਹ ਵਿਚ ਹੀ ਉਹ ਆਪਣੇ ਦਰਬਾਰ ਲਾਉਂਦਾ। ਇਥੇ ਹੀ ਟੀ ਵੀ ਪਰੋਗਰਾਮਾਂ ਦਾ ਅਨੰਦ ਮਾਣਦਾ ਅਤੇ ਇਥੋਂ ਤੱਕ ਕਿ ਔਰਤਾਂ ਵੀ ਉਸ ਦਾ ਦਿਲ ਬਿਹਲਾਉਣ ਲਈ ਆਉਂਦੀਆਂ।

ਏ. ਐਲ. ਮੁੱਲਾ ਕਮੇਟੀ ਨੇ ਤਿਹਾੜ ਜੇਲ੍ਹ ਦੇ ਕੰਮ ਕਾਜ ਵਿਚ ਸੁਧਾਰ ਬਾਰੇ 1981 ਵਿਚ 600 ਸਿਫਾਰਸ਼ ਕੀਤੀਆਂ। ਦੋ ਜਿਲਦਾਂ ਵਿਚ 1200 ਪੰਨਿਆਂ ਇ ਇਸ ਰਿਪੋਰਟ ਉਤੇ ਹੁਣ ਧੂੜ ਜੰਮੀ ਹੋਈ ਹੈ। ਇਥੋਂ ਤਕ ਕਿ ਕੇਂਦਰੀ ਗ੍ਰਹਿ ਮੰਤਰੀ ਨੇ 1982 ਵਿਚ ਪਾਰਲੀਮੈਂਟ ਅੰਦਰ ਇਹ ਗੱਲ ਮੰਨੀ ਕਿ ਤਿਹਾੜ ਜੇਲ੍ਹ ਵਿਚ ਲੋੜ ਤੋਂ ਕਿਤੇ ਵਧ ਬੰਦੇ ਹਨ।

ਤਿਹਾੜ ਜੇਲ੍ਹ ਦੇ ਸੁਰੱਖਿਆ ਪ੍ਰਬੰਧਾਂ ਦੀ ਮਾੜੀ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹਾਲ ਵਿਚ ਹੀ ਜੇਲ੍ਹ ਅੰਦਰ ਇਕ ਹੱਥ ਗੋਲਾ ਮਿਲਿਆ। ਜੇਲ੍ਹ ਦੇ ਅੰਦਰ ਕੁਝ ਬੰਦਿਆਂ ਤੋਂ ਪੰਦਰਾਂ ਕਿਲੋ ਹੈਰੋਇਨ ਮਿਲੀ

ਜੇਲ੍ਹ ਵਿਚ ਔਰਤਾਂ ਨੂੰ ਸਿਰਫ ਜੇਲ੍ਹ ਅਧਿਕਾਰੀ ਅਤੇ ਪੁਲੀਸ ਕਰਮਚਾਰੀ ਸਹਿਜੇ ਹੀ ਆਪਣੀ ਹਵਸ ਦਾ ਸ਼ਿਕਾਰ ਨਹੀਂ ਬਣਾਉਂਦੇ ਸਗੋਂ ਜੇਲ੍ਹ ਵਿਚ ਜਾਣੇ ਪਛਾਣੇ "ਦਾਦੇ" ਵੀ ਇਹ ਕੰਮ ਕਰਦੇ ਹਨ। ਇਹ ਗੱਲ ਪੰਜਾਬ ਯੂਨੀਵਰਸਿਟੀ ਦੇ ਇਕ ਰੀਸਰਚ ਸਕਾਲਰ ਨੇ ਕੁਝ ਚਿਰ ਪਹਿਲਾਂ ਆਪਣੀ ਇਕ ਰਿਪੋਰਟ ਵਿਚ ਆਖੀ ਸੀ। ਇਸ ਔਰਤ ਰਿਸਰਚ ਸਕਾਲਰ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਜੇਲ੍ਹ ਵਿਚ ਰਹਿਣ ਵਾਲੀਆਂ 24 ਫੀਸਦੀ ਔਰਤਾਂ ਮਰਦਾਂ ਦੀ ਹਵਸ ਦਾ ਸ਼ਿਕਾਰ ਬਣਦੀਆਂ ਹਨ।

ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ ਦੋ ਸਾਲ ਪਹਿਲਾਂ ਚਾਰਲਸ ਸੋਭਰਾਜ ਨੂੰ ਵਾਰਾਨਸੀ ਜੇਲ੍ਹ ਵਿਚ ਬਦਲਣ ਪਿਛੋਂ ਐਨ. ਐਸ. ਏ. ਅਧੀਨ ਇਕ ਨਜ਼ਰਬੰਦ ਵਿਅਕਤੀ ਦੇਵਾ 'ਤਿਹਾੜ ਜੇਲ੍ਹ ਦਾ ਬਾਦਸ਼ਾਹ' ਕਿਹਾ ਜਾਣ ਲੱਗਾ। ਪਰ ਜਦੋਂ ਫਿਰ ਚਾਰਲਸ ਸੋਭਰਾਜ ਤਿਹਾੜ ਜੇਲ੍ਹ ਵਿਚ ਪਰਤ ਆਇਆ ਤਾਂ ਉਹ ਬਿਨਾਂ ਕਿਸੇ ਸ਼ੱਕ ਤਿਹਾੜ ਜੇਲ੍ਹ ਵਿਚ "ਜੰਗਲ ਦਾ ਸ਼ੇਰ" ਜਾਣਿਆ ਜਾਣ ਲੱਗਾ

ਇਹ ਸਮੁੰਦਰ ਨੇ, ਕਦੇ ਆਕਾਸ਼ ਨੇ,
ਸਿਮਟਦੇ ਜਾਂ ਫੈਲਦੇ, ਆਕਾਰ ਨੇ।


NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

Ph. 685-9335



SUDESH KALIA

# ਅਮਰੀਕਾ ਦੇ ਛੇਵੇਂ ਬੇੜੇ ਦੇ ਜਹਾਜ਼ਾਂ ਨੇ ਛੋਟੇ ਅਫਰੀਕੀ ਮੁਲਕ ਲੀਬੀਆ ਤੇ ਹੱਲਾ ਬੋਲ ਦਿੱਤਾ

ਤ੍ਰਿਪੋਲੀ — ਕਾਫੀ ਸਮੇਂ ਤੋਂ ਦੋਨਾਂ ਮੁਲਕਾਂ ਵਿਚ ਹਾਲਾਤ ਤਨਾਅਪੂਰਨ ਸਨ ਪਰ ਸੋਮਵਾਰ ਨੂੰ ਅਮਰੀਕਾ ਨੇ ਲੀਬੀਆ ਦੇ ਮਿਜ਼ਾਈਲ ਛੱਡਣ ਵਾਲੇ ਅੱਡਿਆਂ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਪਰ ਦੂਜੇ ਪਾਸੇ ਲੀਬੀਆ ਨੇ ਕਿਹਾ ਕਿ ਉਸਨੇ ਅਮਰੀਕਾ ਦੇ ਤਿੰਨ ਲੜਾਕੇ ਹਵਾਈ ਜਹਾਜ਼ ਸੁੱਟ ਲਏ ਹਨ। ਇਹ ਘਟਨਾ ਲੀਬੀਆ ਦੇ ਸਮੁੰਦਰੀ ਤੱਟ ਉਤੇ ਖਾੜੀ ਸੀਦਰਾ ਵਿਚ ਘੁੰਮ ਰਹੇ ਅਮਰੀਕਾ ਦੇ ਛੇਵੇਂ ਬੇੜੇ ਦੀ ਮੁਦਾਖਲਤ ਦਾ ਸਿਟਾ ਸੀ।

# ਦੱਖਣੀ ਅਫਰੀਕਾ ਵਿਚ ਗੋਰੀ ਪੁਲੀਸ ਨੇ 30 ਕਾਲਿਆਂ ਨੂੰ ਗੋਲੀ ਨਾਲ ਮਾਰ ਦਿਤਾ

ਦੱਖਣੀ ਅਫਰੀਕਾ ਵਿਚ ਆਜ਼ਾਦੀ ਮੰਗ ਰਹੇ ਲੋਕ ਫਿਰ ਗੋਰੀ ਚਮੜੀ ਦੇ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਹਨ ਪਿਛਲੇ ਦੋ ਦਿਨਾਂ ਵਿਚ ਮੁਜ਼ਾਹਰਾ ਕਰ ਰਹੇ ਯੁਵਕਾਂ ਨੂੰ ਬੋਥਾ ਸਰਕਾਰ ਦੀ ਪੁਲਸ ਨੇ ਗੋਲੀਆਂ ਨਾਲ ਭੁੰਨ ਦਿਤਾ ਪਰ ਲੋਕ ਹਾਲੀ ਵੀ ਮੁਜ਼ਾਹਰਾ ਕਰੀ ਜਾ ਰਹੇ ਹਨ ਯੁਵਕ ਸਕੂਲਾਂ ਵਿਚ ਨਹੀਂ ਜਾਂਦੇ ਸਗੋਂ ਗੋਲੀ ਦਾ ਜਵਾਬ ਪੱਥਰਾਂ ਨਾਲ ਦੇ ਰਹੇ ਹਨ।

# ਜ਼ਿਲਿਆਂ ਨੂੰ ਚੌਕਸੀ ਦੇ ਆਦੇਸ਼

ਲੁਧਿਆਣਾ — ਪੰਜਾਬ ਸਰਕਾਰ ਨੇ ਬਟਾਲਾ ਤੇ ਜਲੰਧਰ ਵਿਚ ਝੜਪਾਂ ਪਿਛੋਂ ਰਾਜ ਭਰ ਵਿਚ ਜ਼ਿਲਾ ਅਧਿਕਾਰੀਆਂ ਨੂੰ ਚੌਕਸ ਕਰ ਦਿਤਾ ਹੈ ਕਿ ਉਹ ਕਿਸੇ ਵੀ ਸੰਭਵ ਝੜਪ ਨੂੰ ਰੋਕਣ ਲਈ ਇਹਤਿਆਤੀ ਕਦਮ ਚੁੱਕਣ। ਸਰਕਾਰੀ ਸੂਤਰਾਂ ਅਨੁਸਾਰ ਰਾਜ ਸਰਕਾਰ ਨੇ ਜ਼ਿਲਾ ਅਧਿਕਾਰੀਆਂ ਨੂੰ ਸਾਫ ਸਾਫ ਕਹਿ ਦਿਤਾ ਹੈ ਕਿ ਉਨ੍ਹਾਂ ਨੇ ਆਪਣੇ ਆਪਣੇ ਹਲਕੇ ਵਿਚ ਹਰ ਹਾਲਤ ਵਿਚ ਫਿਰਕੂ ਏਕਤਾ ਤੇ ਅਮਨੋ ਅਮਨ ਕਾਇਮ ਰਖਣਾ ਹੈ। ਜ਼ਿਲਾ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਲੋੜ ਪੈਣ ਉਤੇ ਫਿਰਕੂ ਫਸਾਦਾਂ ਨੂੰ ਰੋਕਣ ਲਈ ਉਹ ਫੌਜ ਦੀ ਮਦਦ ਵੀ ਲੈ ਸਕਦੇ ਹਨ। ਇਸ ਤੋਂ ਇਲਾਵਾ ਸ਼ਰਾਰਤੀ ਅਨਸਰਾਂ ਨੂੰ ਕੌਮੀ ਸੁਰੱਖਿਆ ਐਕਟ ਅਧੀਨ ਨਜ਼ਰਬੰਦ ਵੀ ਕਰ ਸਕਦੇ ਹਨ।

ਲੁਧਿਆਣਾ ਦੇ ਜ਼ਿਲਾ ਪ੍ਰਸ਼ਾਸਨ ਨੇ ਸ਼ਹਿਰ ਦੇ ਮਹੱਤਵਪੂਰਨ ਇਲਾਕਿਆਂ ਵਿਚ ਪੁਲੀਸ ਅਤੇ ਸੀ. ਆਰ. ਪੀ. ਦੀ ਗਸ਼ਤ ਤੇਜ਼ ਕਰ ਦਿੱਤੀ ਹੈ। ਕੁਝ ਨਾਜ਼ਕ ਥਾਵਾਂ ਉਤੇ ਪੁਲੀਸ ਚੌਕੀਆਂ ਵੀ ਬਣਾ ਦਿੱਤੀਆਂ ਗਈਆਂ ਹਨ।

# ਅਕਾਲੀ ਵਜ਼ਾਰਤ ਬਰਤਰਫ ਕੀਤੀ ਜਾਵੇ

ਨਵੀਂ ਦਿੱਲੀ — ਹਿੰਦੂ ਮਹਾਂ ਸਭਾ ਨੇ ਮੰਗ ਕੀਤੀ ਹੈ ਕਿ ਪੰਜਾਬ ਵਿਚ ਅਕਾਲੀ ਵਜ਼ਾਰਤ ਨੂੰ ਬਰਤਰਫ ਕੀਤਾ ਜਾਵੇ ਕਿਉਂਕਿ ਇਹ ਰਾਜ ਵਿਚ ਅਮਨ ਕਾਨੂੰਨ ਕਾਇਮ ਰੱਖਣ ਵਿਚ ਅਸਫਲ ਰਹੀ ਹੈ। ਮਹਾਂ ਸਭਾ ਨੇ ਦੋਸ਼ ਲਾਇਆ ਕਿ ਖਾਸ ਫਿਰਕੇ ਦੇ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ ਤੇ ਬਰਨਾਲਾ ਸਰਕਾਰ ਅਤਿਵਾਦ ਨੂੰ ਦਬਾਉਣ ਵਿਚ ਅਸਫਲ ਰਹੀ ਹੈ। ਇਸ ਕਰਕੇ ਸਰਕਾਰ ਬਰਤਰਫ ਕਰ ਕੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ।

# ਪੰਜਾਬ ਮਸਲਾ ਸਿਰਫ ਅਮਨ ਕਾਨੂੰਨ ਦਾ ਹੀ ਨਹੀਂ — ਗ੍ਰਹਿ ਮੰਤਰੀ

ਨਵੀਂ ਦਿੱਲੀ — ਗ੍ਰਹਿ ਮੰਤਰੀ ਪੀ. ਵੀ. ਨਰਸਿਮਹਾ ਰਾਓ ਨੇ ਪੁਲੀਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਪੰਜਾਬ ਤੇ ਹੋਰ ਨਾਜ਼ੁਕ ਕਿਸਮ ਦੇ ਸੂਬਿਆਂ ਦੀਆਂ ਸੱਮਸਿਆਵਾਂ ਨਾਲ ਦਰਪੇਸ਼ ਹੋਣ ਸਮੇਂ 'ਬਹੁਤ ਸਮਝਦਾਰੀ, ਸਿਆਣਪ ਅਤੇ ਸੰਜਮ ਤੋਂ ਕੰਮ ਲੈਣ।' ਪੁਲੀਸ ਦੇ ਡਾਇਰੈਕਟਰ ਜਨਰਲਾਂ ਦੀ ਤਿੰਨ ਰੋਜ਼ਾ ਕਾਨਫਰੰਸ ਦਾ ਉਦਘਾਟਨ ਕਰਦਿਆਂ ਸ੍ਰੀ ਰਾਓ ਨੇ ਕਿਹਾ ਕਿ ਪੰਜਾਬ ਵਿਚ ਸੱਮਸਿਆ ਨਾਲ ਨਜਿੱਠਣ ਸਮੇਂ ਇਸ ਨੂੰ ਸਿਰਫ ਅਮਨ ਕਾਨੂੰਨ ਦਾ ਹੀ ਮਸਲਾ ਸਮਝ ਕੇ ਨਹੀਂ ਨਜਿੱਠਿਆ ਜਾਣਾ ਚਾਹੀਦਾ। ਬਿਲਕੁਲ ਇਹੋ ਗੱਲ ਆਂਧਰਾ ਪ੍ਰਦੇਸ਼ ਤੇ ਬਿਹਾਰ ਵਰਗੇ ਰਾਜਾਂ ਦੀ ਹੈ ਜਿਥੇ ਅਤਿਵਾਦ ਅਜੇ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਨੁਕਤਾ ਇਹ ਹੈ ਕਿ ਨੌਜਵਾਨਾਂ ਨਾਲ ਨਜਿੱਠਣ ਸਮੇਂ ਮਸਲੇ ਦੇ ਅਸਲ ਕਾਰਨਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਪੰਜਾਬ ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਦੇ ਪਿਛੋਂ ਵੀ ਸਥਿਤੀ ਵਿਚ ਸੁਧਾਰ ਨਹੀਂ ਹੋਇਆ।

ਗ੍ਰਹਿ ਮੰਤਰੀ ਨੇ ਉਤਰ ਪੂਰਬੀ ਖਿਤੇ ਵਿਚ ਬਾਗੀਆਂ ਦੇ ਮਸਲੇ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਇਸ ਇਲਾਕੇ ਵਿਚ ਅਮਨ ਕਾਇਮ ਰੱਖਣ ਲਈ ਹਰ ਯਤਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖਤਰਨਾਕ ਕਿਸਮ ਦੇ ਇਲਾਕਿਆਂ ਵਿਚ, ਜਿਥੇ ਕੰਮ ਕਰਨਾ ਬਹੁਤ ਮੁਸ਼ਕਲ ਹੋਏ, ਬਹੁਤ ਲਾਇਕ ਅਫਸਰ ਤਾਇਨਾਤ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਇਸ ਗੱਲ ਉਤੇ ਵੀ ਜ਼ੋਰ ਦਿਤਾ ਕਿ ਪੁਲੀਸ ਵਿਭਾਗ ਵਿਚ ਸੂਚਨਾ ਦਾ ਸਿਲਸਿਲਾ ਵਿਗਿਆਨਕ ਹੋਣਾ ਚਾਹੀਦਾ ਹੈ।

ਅੰਦਰੂਨੀ ਸੁਰੱਖਿਆ ਬਾਰੇ ਕੇਂਦਰੀ ਰਾਜ ਮੰਤਰੀ ਅਰੁਨ ਨਹਿਰੂ ਵੀ ਮੀਟਿੰਗ ਵਿਚ ਹਾਜ਼ਰ ਸਨ।

ਇਸ ਤੋਂ ਪਹਿਲਾਂ ਆਪਣੇ ਸਵਾਗਤੀ ਭਾਸ਼ਨ ਵਿਚ ਖੁਫੀਆ ਬਿਊਰੋ ਦੇ ਡਾਇਰੈਕਟਰ ਐਚ. ਏ. ਬਰਾਰੀ ਨੇ ਕਿਹਾ ਕਿ ਅਮਨ ਕਾਨੂੰਨ ਦੇ ਮਸਲੇ ਨਾਲ ਨਜਿੱਠਣ ਲਈ ਤਾਲਮੇਲ ਰੱਖਣ ਵਾਲੀ ਪਹੁੰਚ ਅਖਤਿਆਰ ਕੀਤੀ ਜਾਵੇ। ਉਨ੍ਹਾਂ ਮੰਨਿਆ ਕਿ ਅਤਿਵਾਦੀ, ਫਿਰਕਾਪ੍ਰਸਤੀ ਅਤੇ ਬਾਗੀ ਅਨਸਰਾਂ ਦੀਆਂ ਕਾਰਵਾਈਆਂ ਪੁਲੀਸ ਤੇ ਸੁਰੱਖਿਆ ਦਲਾਂ ਲਈ ਇਕ ਗੰਭੀਰ ਚੁਣੌਤੀ ਹਨ। ਇਸ ਦਾ ਮੁਕਾਬਲਾ ਕਰਨ ਲਈ ਪੁਲੀਸ ਅਫਸਰਾਂ ਨੂੰ ਸਰਗਰਮੀ ਨਾਲ ਕੰਮ ਕਰਨਾ ਚਾਹੀਦਾ ਹੈ।

ਪੰਨਾ 14 ਦੀ ਬਾਕੀ



ਤਾਂ ਪਿੰਡਾਂ ਦੇ ਲੋਕਾਂ ਦਾ ਹੜ੍ਹ ਕੰਪਲੈਕਸ ਤਕ ਪਹੁੰਚ ਸਕਦਾ ਹੈ।

? ਫੌਜ ਤੇ ਅਕਸਰ ਇਹ ਦੋਸ਼ ਲਾਇਆ ਗਿਆ ਕਿ ਉਸ ਨੇ ਨੀਲ ਤਾਰਾ ਕਾਰਵਾਈ ਤੋਂ ਪਿੱਛੋਂ ਵੀ ਕੁਝ ਲੋਕਾਂ ਦਾ ਕਤਲੇਆਮ ਕੀਤਾ। ਕੁਝ ਇਕ ਕੇਸਾਂ ਵਿਚ ਤਾਂ ਲੋਕਾਂ ਦੇ ਹੱਥ ਪਿਛਾਂਹ ਬੰਨ੍ਹ ਕੇ ਉਨ੍ਹਾਂ ਨੂੰ ਗੋਲੀ ਮਾਰੀ ਗਈ। ਇਸ ਬਾਰੇ ਤੁਸੀਂ ਕੀ ਕਹੋਗੇ?

– ਅਜਿਹਾ ਕਤਲੇਆਮ ਦੋ ਥਾਵਾਂ 'ਤੇ ਹੋਇਆ। ਇਕ ਤਾਂ ਵਿਚਾਰੇ ਬਦਕਿਸਮਤ ਸ਼ਰਧਾਲੂਆਂ ਨਾਲ ਇੰਜ ਹੋਈ। ਅਸਲ ਵਿਚ ਗੱਲ ਇਉਂ ਹੋਈ ਕਿ ਅਤਿਵਾਦੀਆਂ ਵਲੋਂ ਉਪਰੋਂ ਉਸ ਵੇਲੇ ਹੇਠਾਂ ਗਰਨੇਡ ਬੰਬ ਸੁੱਟੇ ਗਏ ਜਦੋਂ ਉਥੇ ਸ਼ਰਧਾਲੂ ਬੈਠੇ ਹੋਏ ਸਨ। ਨਤੀਜੇ ਵਜੋਂ ਕਾਫੀ ਮੌਤਾਂ ਹੋਈਆਂ। ਇਸ ਦੇ ਟਾਕਰੇ ਤੇ ਸਾਡੇ ਫੌਜੀਆਂ ਨੇ ਜੁਆਬੀ ਗੋਲੀ ਚਲਾਈ ਇਸ ਕਰਕੇ ਇਹ ਸਭ ਭੰਬਲ ਭੂਸੇ ਜਿਹੇ ਵਾਲੀ ਸਥਿਤੀ ਹੋ ਗਈ ਸੀ। ਇਸ ਵਿਚ ਲਗਭਗ 82 ਲੋਕ ਮਾਰੇ ਗਏ ਸਨ।

ਜਿੱਥੋਂ ਤਕ ਕੁਝ ਲੋਕਾਂ ਦੇ ਹੱਥ ਪਿਛਾਂਹ ਬੰਨ੍ਹਣ ਦਾ ਸੁਆਲ ਹੈ, ਇਹ ਵੀ ਠੀਕ ਹੀ ਹੈ। ਅਜਿਹੇ 4-5 ਕੇਸ ਸਨ। ਅਕਾਲ ਤਖਤ ਦੇ ਬਾਹਰਵਾਰ ਲੋਕ ਬਿਨਾਂ ਹਥਿਆਰ ਦੇ ਵੀ ਕਾਫੀ ਹਿੰਸਕ ਸਨ। ਲਗਪਗ 40 ਲੋਕਾਂ ਦੇ ਹੱਥ ਪਿਛਾਂਹ ਬੰਨ੍ਹ ਕੇ ਰੱਖੇ ਗਏ।'

? ਤੁਹਾਡੀ ਰਾਏ 'ਚ ਪੰਜਾਬ ਵਿਚ ਤੁਹਾਡੇ ਵਲੋਂ ਸਿਵਲ ਪ੍ਰਸ਼ਾਸਨ ਨੂੰ ਦਿੱਤਾ ਗਿਆ ਸਹਿਯੋਗ ਭਵਿੱਖ ਦੀ ਕਿਸੇ ਵੀ ਲੜਾਈ ਤੇ ਕਿੰਨਾ ਕੁ ਪ੍ਰਭਾਵਿਤ ਹੋਵੇਗਾ?

– ਹੋ ਸਕਦਾ ਹੈ ਕਿ ਸਾਨੂੰ ਕੁਝ ਸਮੇਂ ਲਈ ਪੂਰਾ ਸਹਿਯੋਗ ਮਿਲੇ ਹੀ ਨਾ। ਸ਼ਾਇਦ ਉਨਾ ਚਿਰ ਨਾ ਮਿਲ ਸਕੇ ਜਿੰਨਾ ਚਿਰ ਲੋਕਾਂ ਦੀਆਂ ਭਾਵਨਾਵਾਂ ਸ਼ਾਂਤ ਨਹੀਂ ਹੁੰਦੀਆਂ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਇਹੋ ਹੀ ਤਾਂ ਸਾਡੀ ਪੂੰਜੀ ਹੈ ਜਿਸ ਨੂੰ ਅਸੀਂ ਮਹੱਤਤਾ ਦਿੰਦੇ ਹਾਂ। ਸਮੇਂ ਦੇ ਫਰਕ ਨਾਲ ਸਚਾਈ ਆਪਣੇ ਆਪ ਸਾਹਮਣੇ ਆ ਜਾਵੇਗੀ।

ਆਸ ਹੈ ਕਿ ਫਿਰ ਲੋਕ ਇਸ ਘਟਨਾ ਨੂੰ ਸਹੀਦਿਸ਼ਾ ਵਿਚ ਵੇਖਣਗੇ।

ਹਰਮਿੰਦਰ ਕੌਰ


ਦੋ ਲੱਖ ਡਾਲਰ ਦਾ ਫਰਕ

ਰਜਿਸਟਰਡ ਰੀਟਾਇਰਮੈਂਟ ਸੇਵਿੰਗ ਪਲੈਨ (RRSP) ਲਈ ਰਕਮ ਲਾਉਣ ਸਮੇਂ ਤਣਾਅ ਭਰੀ ਚਿੰਤਾ ਤੋਂ ਬਚਣ ਦਾ ਢੰਗ

ਇਹ ਦੋ ਲੱਖੀ ਫਰਕ ਹੈ, ਇੰਡਸਟਰੀਅਲ ਗਰੋਥ ਫੰਡ ਰੀਟਾਇਰਮੈਂਟ ਸੇਵਿੰਗ ਪਲੈਨ ਵਿਚ ਅਤੇ ਬੈਂਕ ਦੇ ਗਰੰਟੀ ਵਾਲੇ ਇਨਵੈਸਟਮੈਂਟ ਸਰਟੀਫਿਕੇਟਾਂ (GIC) ਵਿਚ ਪਿਛਲੇ ਅਠਾਰਾਂ ਸਾਲ ਆਪਣੀ ਕਮਾਈ ਲਾਉਣ ਦਾ।

ਹਾਂ! ਇਹ ਬਿਲਕੁਲ ਸੱਚ ਹੈ! ਜੇ ਤੁਸੀਂ RRSP ਲਈ ਵੱਧ ਤੋਂ ਵੱਧ ਪਰਵਾਨਿਤ ਰਕਮ ਹਰ ਸਾਲ ਇੰਡਸਟਰੀਅਲ ਗਰੋਥ ਫੰਡ ਵਿਚ ਲਾਈ ਹੁੰਦੀ ਤਾਂ ਹੁਣ ਤੁਹਾਡੇ ਹਿਸਾਬ ਵਿਚ 417455 ਡਾਲਰ ਹੁੰਦੇ ਹਾਲਾਂ ਕਿ ਤੁਸੀਂ ਆਪਣੇ ਕੋਲੋਂ ਸਿਰਫ 78000 ਡਾਲਰ ਦੇਣੇ ਸਨ। ਬੈਂਕ ਦੇ ਪੰਜ ਸਾਲਾ ਗਰੰਟੀ ਸਰਟੀਫਿਕੇਟਾਂ ਨਾਲੋਂ ਤੁਹਾਡੇ ਕੋਲ ਹੁਣ 228450 ਡਾਲਰ ਵਧੇਰ ਹੋ ਸਕਦੇ ਸਨ।

ਇਹ ਇਕ ਹੈਰਾਨ ਕਰਨ ਵਾਲਾ ਸੱਚ ਹੈ ਕਿ ਇੰਡਸਟਰੀਅਲ ਗਰੋਥ ਫੰਡ ਦੇ ਨਫੇ ਦਾ ਲੰਮੇ ਸਮੇਂ ਦਾ ਰੀਕਾਰਡ ਅਨੋਖਾ ਹੈ ਤੇ ਅਸਾਧਾਰਨ ਹੈ। ਮਿਸ਼ਰਤ ਵਿਆਜ ਅਨੁਸਾਰ ਹਰ ਸਾਲ ਹੋਣ ਵਾਲੇ ਮੁਨਾਫੇ ਦਾ ਰੇਟ ਪਿਛਲੇ 18 ਸਾਲਾਂ ਵਿਚ 18% ਸੀ, 10 ਸਾਲਾਂ ਵਿਚ 19.8%, 3 ਸਾਲਾਂ ਵਿਚ 21.3%, 1 ਸਾਲ ਵਿਚ 29.3%।

ਇਹ ਮਕੈਂਜ਼ੀ ਫਾਈਨੈਂਨਸ਼ਲ ਕਾਰਪੋਰੇਸ਼ਨ ਦੀ ਬਹੁਤ ਬਚਵੀਂ ਪਰ ਸਿਆਣੀ, ਨਫੇ ਭਰੀ ਪਾਲਿਸੀ ਅਨੁਸਾਰ ਰਕਮ ਲਾਉਣ ਦਾ ਸਿਧਾ ਨਤੀਜਾ ਹੈ ਜਿਸ ਨਾਲ ਆਪਦੀ ਰਕਮ ਲਗਾਤਾਰ ਤਿੱਖੇ ਰੇਟ ਨਾਲ ਵਧਦੀ ਰਹਿੰਦੀ ਹੈ

ਇਸ ਨਾਲ ਤੁਹਾਡੀ ਚਿੰਤਾ ਘਟਦੀ ਹੈ ਪਰ ਮੁਨਾਫਾ ਵਧਦਾ ਹੈ। ਸ਼ੁਰੂ ਵਿਚ ਤੁਸੀਂ ਟੈਕਸ ਦੀ ਬੱਚਤ ਕਰਦੇ ਹੋ ਅਤੇ ਅਖੀਰ ਵਿਚ ਤੁਹਾਡੇ ਪੱਲੇ ਬਹੁਤ ਚੋਖੀ ਰਕਮ ਪੈਂਦੀ ਹੈ।

The Industrial Growth Fund RRSP

ਤੁਹਾਡੀ RRSP ਦਾ ਪ੍ਰਬੰਧ ਕਰਦੇ ਹੋਏ ਅਸੀਂ ਦੋਨੋਂ ਪਾਸੇ ਨਿਗਾਹ ਰੱਖਦੇ ਹਾਂ



ਹਮੇਸ਼ RRSP ਦੀ ਰਕਮ ਲਾਉਣ ਸਮੇਂ ਆਪਣੀ ਚਿੰਤਾ ਘਟਾਉਣਾ ਪਰ ਆਮਦਨ ਵਧਾਉਣਾ ਚਾਹੁੰਦਾ, ਚਾਹੁੰਦੀ ਹਾਂ। ਕਿਰਪਾ ਕਰਕੇ ਮੈਨੂੰ RRSP ਬਾਰੇ ਵਾਕਫੀ ਦਿਓ।

ਨਾਉਂ ..................

ਸਿਰਨਾਮਾ ..................

..................

ਫੋਨ ਘਰ ..................

ਫੋਨ ਦਫਤਰ ..................

ਪੂਰੀ ਜਾਣਕਾਰੀ ਲਈ ਕੂਪਨ ਡਾਕ ਵਿਚ ਪਾਓ ਜਾ ਮਨੂੰ ਫੋਨ ਕਰੋ

ਗੁਰਚਰਨ ਰਾਮਪੁਰੀ

Great Pacific Management Co. Ltd.
Suite 1010 - 1200 Burrard St.
Vancouver, B.C. V6Z 2C
Bus: 669-1143 Res: 986-2883



ਜਗਦੀਸ਼ ਸਿੰਘ ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160

# ਗੁਰਦੁਆਰਾ ਬਿੱਲ ਲਈ ਮੁੱਖ ਮੰਤਰੀਆਂ ਦੇ ਵਿਚਾਰ ਮੰਗੇ

ਨਵੀਂ ਦਿੱਲੀ — ਅਧਿਕਾਰਤ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੇਂਦਰ ਨੇ ਆਲ ਇੰਡੀਆ ਗੁਰਦੁਆਰਾ ਬਿਲ ਬਨਾਉਣ ਸਬੰਧੀ ਮੁਖ ਮੰਤਰੀਆਂ ਨੂੰ ਲਿਖਿਆ ਹੈ ਕਿ ਉਹ ਆਪਣੇ ਵਿਚਾਰ ਦੇਣ। ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣਾ ਰਾਜੀਵ-ਲੌਂਗੋਵਾਲ ਸਮਝੌਤੇ ਦੀ ਮਹੱਤਵਪੂਰਨ ਮਦ ਹੈ। ਸਮਝੌਤੇ ਅਨੁਸਾਰ ਇਹ ਵੀ ਤੈਅ ਕੀਤਾ ਹੋਇਆ ਸੀ ਕਿ ਸੰਵਿਧਾਨ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਇਹ ਐਕਟ ਸ਼੍ਰੋਮਣੀ ਅਕਾਲੀ ਦਲ ਨਾਲ ਮਸ਼ਵਰਾ ਕਰ ਕੇ ਬਣਾਇਆ ਜਾਵੇਗਾ। ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਦੋ ਨੂੰ ਛੱਡ ਕੇ ਸਮਝੌਤੇ ਦੀਆਂ ਸਾਰੀਆਂ ਮੱਦਾਂ ਨੂੰ ਲਾਗੂ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਰਾਵੀ-ਬਿਆਸ ਪਾਣੀ ਦੇ ਝਗੜੇ ਅਤੇ ਇਲਾਕਾਈ ਦਾਅਵਿਆਂ ਨਾਲ ਸਬੰਧਤ ਦੋ ਮੱਦਾਂ ਨੂੰ ਛੇਤੀ ਹੀ ਲਾਗੂ ਕਰਨ ਦੇ ਇੱਛਕ ਹਨ। ਰਾਵੀ-ਬਿਆਸ ਪਾਣੀ ਲਈ ਪੰਜਾਬ ਤੇ ਹਰਿਆਣਾ ਦੇ ਹਿੱਸੇ ਦੀ ਤਸਦੀਕ ਦਾ ਸਵਾਲ ਇਕ ਮਹੀਨੇ ਵਿਚ ਹੱਲ ਕਰ ਲਏ ਜਾਣ ਦੀ ਸੰਭਾਵਨਾ ਹੈ। ਇਹ ਮਸਲਾ ਅੰਤਰ-ਰਾਜੀ ਪਾਣੀ ਦੇ ਝਗੜੇ ਨਾਲ ਸਬੰਧਤ ਐਕਟ ਦੀਆਂ ਧਾਰਾਵਾਂ ਦੀ ਮਦਦ ਨਾਲ ਸੁਲਝਾ ਲਿਆ ਜਾਵੇਗਾ। ਖਿਆਲ ਕੀਤਾ ਜਾਂਦਾ ਹੈ ਕਿ ਪੰਜਾਬ ਦੇ ਅਧਿਕਾਰੀਆਂ ਅਤੇ ਕਾਨੂੰਨ ਮੰਤਰਾਲੇ ਦੇ ਅਧਿਕਾਰੀਆਂ ਨੇ ਇਹ ਮਾਮਲਾ ਵਿਚਾਰ ਲਿਆ ਹੈ ਤੇ ਇਸ ਸਬੰਧ ਵਿਚ ਕੁਝ ਠੋਸ ਤਜਵੀਜ਼ਾਂ ਵੀ ਤਿਆਰ ਕਰ ਲਈਆਂ ਹਨ।

ਇਲਾਕਾਈ ਝਗੜੇ ਖਤਮ ਕਰਨ ਲਈ ਤੇਜ਼ੀ ਨਾਲ ਯਤਨ ਜਾਰੀ ਹਨ ਤੇ ਇਹ ਮਾਮਲਾ ਵੀ ਇਕ ਦੋ ਮਹੀਨਿਆਂ ਵਿਚ ਹੱਲ ਹੋ ਜਾਣ ਦੀ ਆਸ ਹੈ। ਇਸ ਦਿਸ਼ਾ ਵੱਲ ਵੀ ਕਾਫੀ ਪ੍ਰਗਤੀ ਹੋਈ ਹੈ। ਜਿਵੇਂ ਕਿ ਮੈਥਿਊ ਕਮਿਸ਼ਨ ਨੇ ਸੁਝਾਅ ਦਿਤਾ ਸੀ ਇਕ ਹੋਰ ਕਮਿਸ਼ਨ ਕਾਇਮ ਕੀਤੇ ਜਾਣ ਨਾਲ ਵੀ ਇਸ ਮਸਲੇ ਦਾ ਹੱਲ ਨਿਕਲ ਆਉਣ ਦੀ ਆਸ ਕੀਤੀ ਜਾ ਸਕਦੀ ਹੈ। ਸਤਲੁਜ-ਯਮਨਾ ਲਿੰਕ ਨਹਿਰ ਦੇ ਸਬੰਧ ਵਿਚ ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਸਟੈਂਡ ਨੂੰ ਧਿਆਨ ਵਿਚ ਰਖਦੇ ਹੋਏ ਕਿ ਹਰਿਆਣਾ ਦੇ ਹਿਤਾਂ ਦੀ ਰਾਖੀ ਕਰਨੀ ਹੈ, ਪੰਜਾਬ ਸਰਕਾਰ ਕੋਲੋਂ ਇਹ ਵਾਅਦਾ ਲੈਣ ਵਿਚ ਕੋਈ ਮੁਸ਼ਕਲ ਨਹੀਂ ਜਾਪਦੀ ਕਿ ਉਹ ਨਹਿਰ ਦੀ ਉਸਾਰੀ ਮੁਕੰਮਲ ਕਰ ਲਏਗ:

# ਪਾਕਿਸਤਾਨ ਨਾਲ ਨੇੜਤਾ ਦਾ 'ਚੱਕਰ'

'ਸੂਫ਼ੀ' ਅਮਰਜੀਤ

ਜਿਨ੍ਹਾਂ ਦਿਨਾਂ ਵਿਚ ਮੈਂ ਭਾਰਤ ਵਿਚ ਸਾਂ, ਉਨ੍ਹਾਂ ਦਿਨਾਂ ਵਿਚ (ਜਨਵਰੀ 86) ਭਾਰਤ ਅਤੇ ਪਾਕਿਸਤਾਨ ਦੇ ਇਕ ਦੂਜੇ ਦੇ ਨੇੜੇ ਆਉਣ ਅਤੇ ਸਾਂਝੇ ਵਪਾਰਕ ਸਮਝੌਤੇ ਹੋਣ ਆਦਿ ਦੀਆਂ ਖਬਰਾਂ ਲਗਭਗ ਰੋਜ਼ ਦੀ ਗੱਲ ਸੀ, ਅਸਲ ਵਿਚ ਇਹ ਨੇੜਤਾ ਦਾ ਚੱਕਰ ਤਾਂ ਮਰਹੂਮ ਪ੍ਰਧਾਨ ਮੰਤਰੀ ਤੇ ਸੰਸਕਾਰ ਕਰਨ ਸਮੇਂ ਪਾਕਿਸਤਾਨੀ ਡਿਕਟੇਟਰ ਜ਼ਿਆ-ਉਲ-ਹੱਕ ਦੇ ਆਉਣ ਵੇਲੇ ਤੋਂ ਹੀ ਸ਼ੁਰੂ ਹੈ, ਉਸ ਤੋਂ ਬਾਅਦ ਉਹ ਮਾਲਦੀਪ ਟਾਪੂ ਤੋਂ ਮੁੜਨ ਉਤੇ ਦਿੱਲੀ 'ਚ ਇਕ ਦਿਨ ਠਹਿਰਨ ਉਪਰ ਸ੍ਰੀ ਰਾਜੀਵ ਗਾਂਧੀ ਨੂੰ ਮਿਲਿਆ।

ਆਮ ਲੋਕਾਂ ਲਈ ਇਹ ਗੋਰਖਧੰਦੇ ਵਾਲੀ ਗੱਲ ਸੀ ਕਿ ਇਕ ਪਾਸੇ ਭਾਰਤ ਪਾਕਿਸਤਾਨ ਉਪਰ ਦੋਸ਼ ਲਾਉਂਦਾ ਹੈ ਕਿ ਉਹ ਅਤਿਵਾਦੀਆਂ ਨੂੰ ਟਰੇਂਡ ਕਰਕੇ ਭਾਰਤ ਭੇਜ ਰਿਹਾ ਹੈ ਅਤੇ ਉਥੇ ਅਤਿਵਾਦੀਆਂ ਦੀ ਟਰੇਨਿੰਗ ਲਈ ਕਈ ਕੈਂਪ ਚੱਲ ਰਹੇ ਹਨ ਦੂਜੇ ਪਾਸੇ ਇਹ ਨੇੜਤਾ ਦੀਆਂ ਗੱਲਾਂ। ਭਾਰਤੀ ਵਿਦੇਸ਼ ਸਕੱਤਰ ਅਤੇ ਵਪਾਰਮੰਤ੍ਰੀ ਦੇ ਪਾਕਿਸਤਾਨ ਆਏ ਦਿਨ ਦੇ ਗੇੜੇ, ਉਧਰ ਪਾਕਿਸਤਾਨੀ ਉਚ ਅਧਿਕਾਰੀਆਂ ਦੇ ਦਿੱਲੀ ਦੇ ਗੇੜੇ, ਅਕਸਰ ਕੋਈ ਗੁੱਝੀ ਕਹਾਣੀ ਹੀ ਹੋ ਸਕਦੀ ਹੈ।

ਵੈਸੇ ਕੁਝ ਰਾਜਨੀਤਕ ਦਰਸ਼ਕ ਇਸ ਨੂੰ ਪਾਕਿਸਤਾਨ ਨੂੰ ਪਸੀਜਨ ਲਈ ਵਰਤਿਆ ਰਾਜਨੀਤਕ ਦਾਅ ਹੀ ਸਮਝਦੇ ਸਨ। ਪ੍ਰੰਤੂ ਪਾਕਿਸਤਾਨ ਜੋ ਕਿ ਸਦਾਂ ਹੀ ਅਮਰੀਕਾ ਦਾ ਹੱਥਠੋਕਾ ਰਿਹਾ ਹੈ ਜਾਂ ਆਖ ਲਵੋ ਕਿ ਅਮਰੀਕਾ ਦੀ ਇਕ ਤਰ੍ਹਾਂ ਨਵਵਸਤੀ ਹੀ ਹੈ ਜਾਂ ਉਸਦੇ ਤਿਆਰ ਮਾਲ ਦੀ ਖਪਤ ਲਈ ਮੰਡੀ ਹੈ ਜਾਂ ਚੀਨ, ਅਫਗਾਨਿਸਤਾਨ ਅਤੇ ਭਾਰਤ ਦੇ ਸਿਰ ਪੁਰ ਬਿਠਾਈ ਅਮਰੀਕਨ ਚੌਕੀ ਹੈ। ਚੀਨ ਦੇ ਪਾਕਿਸਤਾਨ ਜਾਂ ਅਮਰੀਕਾ ਨਾਲ ਮੌਜੂਦਾ ਸਬੰਧ, ਅਮਰੀਕਾ ਨੂੰ ਚੀਨ ਦੇ ਵਿਰੁਧ ਇਕ ਸਮਾਜਵਾਦੀ ਦੇਸ਼ ਵਜੋਂ, ਸਾਜ਼ਸ਼ਾਂ ਰਚਣ ਤੋਂ ਰੋਕ ਨਹੀਂ ਸਕਦੇ।

ਅਸਲ ਕਾਰਨ ਇਹ ਹੈਕਿ ਭਾਰਤ ਦੇ ਸੋਵੀਅਤ ਯੂਨੀਅਨ ਨਾਲ ਦੋਸਤਾਨਾ ਸਬੰਧ ਹਨ, ਭਾਰਤ ਦੀਆਂ ਹਾਕਮ ਜਮਾਤਾਂ ਇਨ੍ਹਾਂ ਸਬੰਧਾਂ ਨੂੰ ਬਹੁਤੀ ਦੇਰ ਗਵਾਰਾ ਨਹੀਂ ਕਰਨ ਲੱਗੀਆਂ। ਇਨ੍ਹਾਂ ਦੇ ਜਮਾਤੀ ਹਿਤ ਅਮਰੀਕਾ ਦੇ ਨਾਲ ਹੀ ਮਿਲਦੇ ਹਨ। ਸੋਵੀਅਤ ਦੇ ਸਮਾਜਵਾਦੀ ਪ੍ਰਬੰਧ ਦਾ ਪ੍ਰਭਾਵ ਭਾਰਤ ਦੇ ਮਿਹਨਤੀ ਲੋਕਾਂ ਦੀਆਂ ਜਦੋ ਜਹਿਦਾਂ ਉਪਰ ਪੈਣਾ ਜ਼ਰੂਰੀ ਹੈ ਜਿਸ ਤੋਂ ਹਾਕਮ ਜਮਾਤਾਂ ਖੁਸ਼ ਨਹੀਂ ਹਨ। ਕੁਝ ਭਾਰਤੀ ਉਚ ਅਧਿਕਾਰੀਆਂ ਨੇ ਅਤੇ ਰਾਜੀਵ ਦੇ ਸਲਾਹਕਾਰਾਂ ਨੇ ਭਾਰਤ ਨੂੰ ਸੋਵੀਅਤ ਤੋਂ ਦੂਰ ਲਿਜਾਣ ਲਈ ਇਹੋ ਕਾਢ ਕੱਢੀ ਹੈ ਕਿ ਜੇ ਭਾਰਤ ਅਤੇ ਪਾਕਿਸਤਾਨ ਦੇ ਸਬੰਧ ਚੰਗੇ ਹੋ ਜਾਣ ਤਾਂ ਉਨ੍ਹਾਂ ਨੂੰ ਸੋਵੀਅਤ ਤੋਂ ਸਹਿਜੇ ਸਹਿਜੇ ਪਰੇ ਲਿਜਾਇਆ ਜਾ ਸਕਦਾ ਹੈ ਇਹੋ ਹੀ ਨਹੀਂ ਨਵੀ ਟੈਕਨਾਲੋਜੀ ਪ੍ਰਾਪਤ ਕਰਨ ਦੇ ਨਾਂ ਉਪਰ ਅਮਰੀਕਾ ਦੇ ਨੇੜ ਲਿਜਾਇਆ ਜਾ ਸਕਦਾ ਹੈ। ਪ੍ਰੰਤੂ ਕੀ ਇਸ ਤਰ੍ਹਾਂ ਦੀ ਨੀਤੀ ਸਫਲ ਹੋਵੇਗੀ ? ਇਹ ਤਾਂ ਸਮਾਂ ਹੀ ਦੱਸੇਗਾ ਪ੍ਰੰਤੂ ਭਾਰਤ ਦੇ ਲੋਕ ਕਿਸੇ ਤਰ੍ਹਾਂ ਵੀ ਸੋਵੀਅਤ ਯੂਨੀਅਨ ਨਾਲ ਦੋਸਤਾਨਾ ਸਬੰਧ ਤੋੜਨ ਲਈ ਤਿਆਰ ਨਹੀਂ ਹੋਣਗੇ। ਇਸ ਤੋਂ ਵੀ ਵੱਧ ਉਹ ਅਮਰੀਕੀ ਸਾਮਰਾਜ ਦੇ ਲੜ ਲੱਗਣ ਲਈ ਵੀ ਤਿਆਰ ਨਹੀਂ ਹੋਣਗੇ। ਸਗੋਂ ਇਸ ਤਰ੍ਹਾਂ ਦੀ ਨੀਤੀ ਭਾਰਤੀ ਲੋਕਾਂ ਦਾ ਰੋਹ ਹੀ ਜਗਾਵੇਗੀ, ਰੋਹ ਜੋ ਕਿ ਲੋਕ ਜਮਹੂਰੀ ਸ਼ਕਤੀਆਂ ਦੀ ਅਗਵਾਈ ਵਿਚ ਹਾਕਮਾਂ ਨੂੰ ਵੀ ਕੂੜੇ ਵਾਂਗ ਹੂੰਝ ਕੇ ਲੈ ਜਾਵੇਗਾ।

ਮਾਰਚ ਦੇ ਅੱਧ ਵਿਚ ਭਾਰਤੀ ਹੱਦਾਂ ਉਪਰ ਪਾਕਿਸਤਾਨੀ ਛੇੜਖਾਨੀਆਂ ਭਾਰਤ ਦੀਆਂ ਹਾਕਮਾਂ ਜਮਾਤਾਂ ਨੂੰ ਆਪਣੇ ਰਾਹ ਤੋਂ ਮੋੜਨ ਲਈ ਕੋਈ ਅਸਰ ਨਹੀਂ ਪਾ ਸਕਦੀਆਂ। ਕਿਉਂਕਿ ਅਜਿਹੀਆਂ ਛੇੜਖਾਨੀਆਂ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਹੁਣ ਦੀ ਘੜੀ ਪੇਸ਼ ਮੁਸ਼ਕਲਾਂ ਤੋਂ ਲੋਕਾਂ ਦਾ ਧਿਆਨ ਪਰੇ ਲਿਜਾਣ ਲਈ ਪਹਿਲਾਂ ਵਾਂਗ ਹੀ ਵਰਤਣ ਲਈ ਹੋ ਸਕਦੀਆਂ ਹਨ।

ਫਿਰ ਵੀ ਭਾਰਤ ਦੀ ਲੂੰਬੜ ਵਾਂਗ ਹੁਸ਼ਿਆਰ ਅਫਸਰਸ਼ਾਹੀ ਅਸਲੀ ਨੀਤੀ ਨੂੰ ਅਗੇ ਲਿਜਾਂਦੀ ਹੋਈ ਕਈ ਤਰ੍ਹਾਂ ਦੇ ਖੇਲ ਖੇਲਣ ਲਈ ਮੁਹਾਰਤ ਰੱਖਦੀ ਹੈ।

# ਛੇ ਮੁਲਕਾਂ ਦੇ ਅਮਨ-ਸੱਦੇ ਨੂੰ ਰੀਗਨ ਵਲੋਂ ਹੁੰਗਾਰਾ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਥੇ ਕਿਹਾ ਕਿ ਪ੍ਰਮਾਣੂ ਨਿਸ਼ਸ਼ਤਰੀਕਰਣ ਦੇ ਮਾਮਲੇ ਉਤੇ ਅਮਰੀਕਾ ਦੇ ਰਾਸ਼ਟਰਪਤੀ ਰੋਨਾਲਡ ਰੀਗਨ ਦਾ ਪੱਤਰ ਮਿਲਣ ਨਾਲ ਛੇ ਦੇਸ਼ਾਂ ਵਲੋਂ ਅਮਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਭਰਪੂਰ ਉਤਸ਼ਾਹ ਮਿਲਿਆ ਹੈ। ਭਾਰਤ ਸਮੇਤ ਸਵੀਡਨ, ਅਰਜਨਟਾਈਨਾ, ਤਨਜ਼ਾਨੀਆ, ਮੈਕਸੀਕੋ ਤੇ ਯੂਨਾਨ ਛੇ ਦੇਸ਼ਾਂ ਨੇ ਵਿਸ਼ਵ ਭਰ ਵਿਚ ਪ੍ਰਮਾਣੂ ਨਿਸ਼ਸ਼ਤਰੀਕਰਣ ਦੀ ਜ਼ੋਰਦਾਰ ਵਕਾਲਤ ਅਤੇ ਸਾਂਝੀ ਅਪੀਲ ਕੀਤੀ ਸੀ ਕਿ ਪ੍ਰਮਾਣੂ ਤਜਰਬਿਆਂ ਉਤੇ ਪਾਬੰਦੀ ਲਾਈ ਜਾਵੇ।

ਕੌਮਾਂਤਰੀ ਬਰਾਦਰੀ ਵਲੋਂ ਕੀਤੀ ਗਈ ਅਪੀਲ ਅਤੇ ਅੰਦਰੂਨੀ ਦਬਾਅ ਦੇ ਸਿੱਟੇ ਵਜੋਂ ਰਾਸ਼ਟਰਪਤੀ ਰੀਗਨ ਨੇ ਇਸ ਦਿਸ਼ਾ ਵੱਲ ਹੁੰਗਾਰਾ ਭਰਿਆ ਹੈ ਪਰ ਫੌਰੀ ਤੌਰ ਉਤੇ ਇਹ ਪਤਾ ਨਹੀਂ ਲਗ ਸਕਿਆ ਕਿ ਉਨ੍ਹਾਂ ਨੇ ਆਪਣੇ ਹੁੰਗਾਰੇ ਵਿਚ ਕੀ ਕਿਹਾ ਹੈ। ਸੋਵੀਅਤ ਨੇਤਾ ਮਿਖਾਇਲ ਗੋਰਬਾਚੋਫ ਨੇ ਪਹਿਲਾਂ ਹੀ ਇਸ ਅਪੀਲ ਦਾ ਹੁੰਗਾਰਾ ਭਰਿਆ ਹੈ।

ਸਵੀਡਨ ਦੇ ਨੇਤਾ ਪਾਲਮੇ ਦੇ ਅੰਤਮ ਸਸਕਾਰ ਤੋਂ ਪਿਛੋਂ ਭਾਰਤ ਮੁੜਨ 'ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਆਇਆ ਪੱਤਰ ਬਹੁਤ ਹੀ ਤਕ ਨੀਕੀ ਕਿਸਮ ਦਾ ਹੈ ਜਿਸ ਵਿਚ ਅਮਰੀਕਾ ਨੂੰ ਦਰਪੇਸ਼ ਵਿਸ਼ੇਸ਼ ਮੁਸ਼ਕਲਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਪਹਿਲੀ ਵਾਰ ਹੈ ਕਿ ਉਨ੍ਹਾਂ ਨੇ ਇੰਜ ਕੀਤਾ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਅਮਨ ਲਈ ਅਪੀਲ ਕਰਨ ਵਾਲੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਉਥੇ ਮੀਟਿੰਗ ਕੀਤੀ ਤੇ ਸੀਨੀਅਰ ਅਧਿਕਾਰੀਆਂ ਦੇ ਪਲਾਨਿੰਗ ਗਰੁਪ ਨੂੰ ਕਿਹਾ ਕਿ ਉਹ ਇਸ ਅਪੀਲ ਦੇ ਹੁੰਗਾਰੇ ਬਾਰੇ ਵਿਚਾਰ ਕਰਨ ਲਈ ਅਗਲੇ ਮਹੀਨੇ ਮੀਟਿੰਗ ਕਰਨ।

# ਨੰਗਲ ਵਿਚ ਹੜਤਾਲ

ਨੰਗਲ — ਹਿੰਦੂ ਸ਼ਿਵ ਸੈਨਾਂ ਦੇ ਸੱਦੇ ਉਤੇ ਕੱਲ੍ਹ ਸ਼ਹਿਰ ਵਿਚ ਮੁਕੰਮਲ ਹੜਤਾਲ ਰਹੀ। ਸੈਨਾ ਵਰਕਰਾਂ ਨੇ ਲਾਠੀਆਂ ਤੇ ਤਰਸ਼ੂਲਾਂ ਨਾਲ ਲੈਸ ਹੋ ਕੇ ਬਜ਼ਾਰਾਂ ਵਿਚ ਜਲੂਸ ਵੀ ਕੱਢਿਆ। ਸਥਾਨਕ ਮੇਨ ਮਾਰਕੀਟ ਵਿਚ ਅੰਦੋਲਨਕਾਰੀਆਂ ਨੇ ਕੁਝ ਦੁਕਾਨਾਂ ਜਬਰੀ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਸਥਿਤੀ ਤਣਾਓਪੂਰਨ ਹੋ ਗਈ। ਸ਼ਿਵ ਸੈਨਾ ਦੇ ਆਗੂ ਮੰਗ ਕਰ ਰਹੇ ਸਨ ਕਿ ਕੇਵਲ ਕ੍ਰਿਸ਼ਨ ਨਾਮੀ ਵਿਅਕਤੀ ਦੇ ਕਾਤਲਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਕੇਵਲ ਕ੍ਰਿਸ਼ਨ ਦੀ ਐਤਵਾਰ ਰਾਤ ਨੂੰ ਝਗੜੇ ਦੀ ਇਕ ਘਟਨਾ ਵਿਚ ਮੌਤ ਹੋ ਗਈ। ਪੁਲੀਸ ਨੇ ਘਟਨਾ ਦੇ ਸਬੰਧ ਵਿਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਜਦੋਂ ਸ਼ਿਵ ਸੈਨਾ ਵਰਕਰਾਂ ਨੇ ਦੁਕਾਨਾਂ ਜਬਰੀ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਦੋਂ ਪੁਲੀਸ ਦਾ ਇਕ ਵੀ ਸਿਪਾਹੀ ਮੌਕੇ ਉਤੇ ਹਾਜ਼ਰ ਨਹੀਂ ਸੀ। ਬਜ਼ਾਰ ਬੰਦ ਹੋਣ ਮਗਰੋਂ ਪੁਲੀਸ ਦੀ ਇਕ ਟੁਕੜੀ ਮੌਕੇ 'ਤੇ ਪਹੁੰਚੀ। ਨਾਜ਼ਕ ਸਥਿਤੀ ਵੇਖਦਿਆਂ ਅਹਿਮ ਥਾਵਾਂ 'ਤੇ ਸੀ. ਆਰ. ਪੀ. ਤਾਇਨਾਤ ਕਰ ਦਿੱਤੀ ਗਈ।

## ਵਿਰੋਧ

ਵਪਾਰ ਮੰਡਲ ਨੰਗਲ ਦੇ ਪ੍ਰਧਾਨ ਸ੍ਰੀ ਅਸ਼ੋਕ ਨਈਅਰ ਸਮੇਤ ਕਈ ਵਿਅਕਤੀਆਂ ਨੇ ਦੁਕਾਨਾਂ ਖੁਲ੍ਹੀਆਂ ਰੱਖੀਆਂ। ਸ਼ਿਵ ਸੈਨਾ ਆਗੂਆਂ ਨੇ ਸ੍ਰੀ ਨਈਅਰ ਦੀ ਦੁਕਾਨ ਮੂਹਰੇ ਨਾਅਰੇਬਾਜ਼ੀ ਕੀਤੀ। ਸ੍ਰੀ ਨਈਅਰ ਨੇ ਤੁਰਤ ਵਪਾਰ ਮੰਡਲ ਦੀ ਮੀਟਿੰਗ ਸੱਦੀ ਤੇ ਜਬਰੀ ਦੁਕਾਨਾਂ ਬੰਦ ਕਰਾਉਣ ਦੀ ਨਿਖੇਧੀ ਕੀਤੀ। ਕੱਲ੍ਹ ਸ਼ਾਮ ਵੀ ਸ਼ਿਵ ਸੈਨਾ ਵਰਕਰਾਂ ਨੇ ਕੇਵਲ ਕਿਸ਼ਨ ਦੀ ਦੇਹ ਦਾ ਜਲੂਸ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਸ੍ਰੀ ਨਈਅਰ ਨੇ ਦਖਲਅੰਦਾਜ਼ੀ ਕਰ ਕੇ ਘਟਨਾ ਨੂੰ ਫਿਰਕੂ ਰੰਗ ਦੇਣ ਤੋਂ ਰੋਕਿਆ।

ਐਸ. ਐਚ. ਓ. ਨੰਗਲ ਨੇ ਇਸ ਗੱਲ ਨੂੰ ਬੇਬੁਨਿਆਦ ਦੱਸਿਆ ਕਿ ਕੇਵਲ ਕ੍ਰਿਸ਼ਨ ਦਾ ਕਤਲ ਫਿਰਕੂ ਆਧਾਰ 'ਤੇ ਹੋਇਆ। ਉਨ੍ਹਾਂ ਦੱਸਿਆ ਕਿ ਮ੍ਰਿਤਕ ਨੇ ਆਪਣੇ ਕੁੱਤੇ ਨੂੰ ਗਾਲ੍ਹ ਕੱਢੀ ਤੇ ਨਜ਼ਦੀਕ ਤੋਂ ਲੰਘ ਰਹੇ ਦੋ ਨੌਜਵਾਨਾਂ ਨੇ ਸਮਝਿਆ ਕਿ ਗਾਲ੍ਹ ਉਹਨਾਂ ਨੂੰ ਕੱਢੀ ਗਈ ਹੈ ਜਿਸ ਕਾਰਨ ਦੋਹਾਂ ਧਿਰਾਂ ਵਿਚਾਲੇ ਝਗੜਾ ਹੋ ਗਿਆ। ਨੌਜਵਾਨਾਂ ਨੇ ਕੇਵਲ ਕ੍ਰਿਸ਼ਨ ਨੂੰ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਜਿਸ ਦੌਰਾਨ ਉਸ ਦੀ ਮੌਤ ਹੋ ਗਈ। ਮੌਤ ਦੇ ਕਾਰਨ ਦਾ ਪਤਾ ਨਹੀਂ ਲਗ ਸਕਿਆ। ਪਤਾ ਲੱਗਿਆ ਹੈ ਕਿ ਪੋਸਟ ਮਾਰਟਮ ਦੌਰਾਨ ਮ੍ਰਿਤਕ ਦੇ ਸਰੀਰ 'ਤੇ ਕਿਸੇ ਚੋਟ ਦਾ ਨਿਸ਼ਾਨ ਨਹੀਂ ਮਿਲਿਆ। ਪੁਲੀਸ *

* ਅਧਿਕਾਰੀ ਨੇ ਇਸ ਗੱਲ ਨੂੰ ਗਲਤ ਦੱਸਿਆ ਕਿ ਨੌਜਵਾਨਾਂ ਨੇ ਮ੍ਰਿਤਕ ਨੂੰ ਧੂਹ ਕੇ ਘਰੋਂ ਬਾਹਰ ਕੱਢਿਆ ਸੀ। ਇਸੇ ਦੌਰਾਨ ਸ਼ਿਵ ਸੈਨਾ ਦੇ ਮੀਤ ਪ੍ਰਧਾਨ ਸਤੀਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਕਤਲ ਨਾਲ ਸਬੰਧਤ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਪੁਲੀਸ ਨੂੰ 48 ਘੰਟੇ ਦਾ ਨੋਟਿਸ ਦਿਤਾ।

ਸ੍ਰੀ ਨਈਅਰ, ਸੀ. ਪੀ. ਆਗੂ ਕਾਮਰੇਡ ਸਰਵਣ ਸਿੰਘ ਤੇ ਹੋਰ ਕਈ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਟਨਾ ਨੂੰ ਫਿਰਕੂ ਰੰਗ ਦੇਣ ਵਾਲਿਆਂ ਦਾ ਵਿਰੋਧ ਕਰਨ।

# ਵਾਪਰਦੀਆਂ ਘਟਨਾਵਾਂ ਸਾਜ਼ਸ਼ ਦਾ ਸਿੱਟਾ — ਬਰਨਾਲਾ

ਪਟਿਆਲਾ — ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਪੰਜਾਬ ਵਿਚ ਹੋ ਰਹੀਆਂ ਘਟਨਾਵਾਂ ਇਕ ਗਹਿਰੀ ਸਾਜ਼ਸ਼ ਦਾ ਸਿੱਟਾ ਹਨ ਜਿਹੜੀ ਕਿ ਪੰਜਾਬ ਅਤੇ ਭਾਰਤ ਵਿਰੁਧ ਰਚੀ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਇਸ ਸਾਜ਼ਸ਼ ਨੂੰ ਨੰਗਾ ਕਰਨ ਵਿਚ ਸਹਿਯੋਗ ਦੇਣ ਤੇ ਰਾਜ ਵਿਚ ਇਹੋ ਜਿਹਾ ਵਾਤਾਵਰਨ ਬਣਾਇਆ ਜਾਵੇ ਜਿਸ ਨਾਲ ਬਾਹਰਲੇ ਰਾਜਾਂ ਵਿਚ ਬੈਠੇ ਸਿੱਖ ਵੀ ਸੁਰੱਖਿਅਤ ਅਨੁਭਵ ਕਰਨ। ਉਹ ਇਥੇ ਅਮਰ ਆਸ਼ਰਮ ਵਿਚ ਬੀਰ ਖਾਲਸਾ ਦਲ ਵਲੋਂ ਆਯੋਜਤ ਅਕਾਲੀ ਫੂਲਾ ਸਿੰਘ ਸ਼ਹੀਦੀ ਦਿਵਸ ਦੇ ਮੌਕੇ 'ਤੇ ਸਮਾਗਮ ਵਿਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਮਜ਼ਲੂਮ ਅਤੇ ਗਰੀਬ ਨੂੰ ਮਾਰਨ ਵਾਲਾ ਕਦੇ ਸਿੱਖ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਹਾਲਤ ਇਥੋਂ ਤੱਕ ਦੁਖਦਾਈ ਹਨ ਕਿ ਗੁਰਦੁਆਰੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਤਲ ਕਰ ਦਿਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਬਾਹਰਲੇ ਰਾਜਾਂ ਦੇ ਸਿਖ ਪੰਜਾਬ ਦੇ ਹਾਲਾਤ ਕਾਰਨ ਚਿੰਤਾ ਵਿਚ ਹਨ ਅਤੇ ਪੰਜਾਬ ਦੀਆਂ ਘਟਨਾਵਾਂ ਕਾਰਨ ਸਿੱਖਾਂ ਦਾ ਸਤਿਕਾਰ ਭਾਰਤ ਅਤੇ ਵਿਦੇਸ਼ਾਂ ਵਿਚ ਘਟਿਆ ਹੈ।

ਸ੍ਰੀ ਬਰਨਾਲਾ ਨੇ ਕਿਹਾ ਜਿਹੜੇ ਇਸ ਸਮੇਂ ਰਾਜ ਵਿਚ ਬਣੀ ਸਰਕਾਰ ਨੂੰ ਡੇਗਣ ਦੇ ਯਤਨ ਵਿਚ ਲੱਗੇ ਹੋਏ ਹਨ ਉਹ ਸਿੱਖ ਸਮਾਜ ਦਾ ਕੁਝ ਵੀ ਨਹੀਂ ਸਵਾਰ ਸਕਦੇ। ਉਨ੍ਹਾਂ ਕਿਹਾ ਕਿ ਫੌਜੀਆਂ ਦੀ ਬਹਾਲੀ ਤੇ ਬੰਦੀਆਂ ਦੀ ਰਿਹਾਈ ਦੀ ਗੱਲ ਕਰਨ ਵਾਲਿਆਂ ਨੇ ਇਕ ਵੀ ਕੇਸ ਦੀ ਪੈਰਵੀ ਨਹੀਂ ਕੀਤੀ ਜਦ ਕਿ ਅਕਾਲੀ ਸਰਕਾਰ ਨੇ 3600 ਭਗੌੜੇ ਫੌਜੀਆਂ ਨੂੰ ਬਹਾਲ ਕਰਾਇਆ ਤੇ 2200 ਹੋਰਾਂ ਨੂੰ ਸਰਕਾਰ ਵਲੋਂ ਵੱਖ ਵੱਖ ਤਰ੍ਹਾਂ ਦੀ ਮਦਦ ਦਿਤੀ ਗਈ ਹੈ ਤੇ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਪੰਜਾਬ ਨੂੰ ਇਸ ਸਮੇਂ ਮਾਰੂ ਸਿੱਖਾਂ ਦੀ ਨਹੀਂ, ਕਰਮਯੋਗੀ ਸਿੱਖਾਂ ਦੀ ਲੋੜ ਹੈ। ਉਨ੍ਹਾਂ ਨੇ ਇਸ ਪਰਚਾਰ ਨੂੰ ਗਲਤ ਦੱਸਿਆ ਕਿ ਰੁਜ਼ਗਾਰ ਦੇਣ ਤੇ ਹੋਰ ਸਹੂਲਤਾਂ ਵਿਚ ਹਿੰਦੂ ਸਿੱਖਾਂ ਵਿਚ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ "ਸਿੱਖਾਂ ਨੇ ਪਿਛਲੇ ਸਾਲਾਂ ਵਿਚ ਭਾਰੀ ਦੁਖ ਝੱਲੇ ਹਨ।" ਉਨ੍ਹਾਂ ਕਿਹਾ ਸਿੱਖ ਨੌਜਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੇ ਸਹਾਇਤਾ ਪੂਰੇ ਜ਼ੋਰ ਨਾਲ ਜਾਰੀ ਰਹੇਗੀ।

FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU

# ਅਸੀਂ ਖਾਲਿਸਤਾਨ ਦੀ ਕਦੇ ਮੰਗ ਨਹੀਂ ਕੀਤੀ — ਮੋਹਕਮ ਸਿੰਘ

ਅੰਮ੍ਰਿਤਸਰ — ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਬਰਨਾਲਾ ਸਰਕਾਰ ਨੂੰ ਇਹ ਸਲਾਹ ਦਿਤੀ ਹੈ ਕਿ ਉਹ ਆਪਣੇ ਆਪ ਨੂੰ ਰਾਜ ਕਾਜ ਦਾ ਕੰਮ ਚਲਾਉਣ ਤਕ ਮਹਿਦੂਦ ਰੱਖੇ ਅਤੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਦੇਖ ਰੇਖ ਦਾ ਕੰਮ ਧਾਰਮਿਕ ਭਾਵਨਾ ਵਾਲੇ ਸੱਚੇ ਸੁੱਚੇ ਸਿੱਖਾਂ ਦੀ ਜ਼ਿੰਮੇਵਾਰੀ 'ਤੇ ਛੱਡ ਦੇਵੇ। ਇਹ ਵਿਚਾਰ ਉਨ੍ਹਾਂ ਵੱਲੋਂ ਇਥੇ ਇਕ ਇੰਟਰਵਿਊ ਦੌਰਾਨ ਪ੍ਰਗਟ ਕੀਤਾ ਗਿਆ। ਉਨ੍ਹਾਂ ਆਖਿਆ ਕਿ ਸਾਡੇ ਵਿਚਾਰ ਮੁਤਾਬਕ ਤਾਂ ਸਾਡੇ ਆਪਸੀ ਝਗੜੇ ਅਤੇ ਮਤਭੇਦਾਂ ਨੂੰ ਖਤਮ ਕਰਨ ਦਾ ਇਹੋ ਇਕੋ ਇਕ ਬਿਹਤਰੀਨ ਤਰੀਕਾ ਹੈ। ਇਹ ਇੰਟਰਵਿਊ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ 48 ਨੰਬਰ ਕਮਰੇ ਦੇ ਨਾਲ ਲਗਦੇ ਉਸ ਕਮਰੇ ਵਿਚ ਸੱਦ ਲਈ ਜਿਥੇ ਕਿ ਭਾਈ ਮੋਹਕਮ ਸਿੰਘ ਆਪਣਾ ਵਧੇਰੇ ਸਮਾਂ ਗੁਜ਼ਾਰਦੇ ਹਨ ਅਤੇ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਦੇ ਹਨ।

ਗੱਲਬਾਤ ਦੌਰਾਨ ਭਾਈ ਮੋਹਕਮ ਸਿੰਘ ਨੇ ਟਕਸਾਲ ਦੀ ਧਾਰਮਿਕ ਅਤੇ ਰਾਜਨੀਤਕ ਫਿਲਾਸਫੀ, ਅਕਾਲ ਤਖਤ ਦੀ "ਕਾਰ ਸੇਵਾ", ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਮੁਖੀ ਸ੍ਰੀ ਕਾਬਲ ਸਿੰਘ ਨਾਲ "ਕਾਰ ਸੇਵਾ" ਦੇ ਸਵਾਲ 'ਤੇ ਹੋਈ ਕਥਿਤ ਸਹਿਮਤੀ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਭਵਿਖ, 'ਖਾਲਿਸਤਾਨ' ਦੇ ਮਸਲੇ, ਦਮਦਮੀ ਟਕਸਾਲ ਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਆਪਸੀ ਸਬੰਧਾਂ, ਪੰਜਾਬ ਦੀ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਅਤੇ ਇਸ ਵਿਚ ਪਾਕਿਸਤਾਨ ਦੇ ਕਥਿਤ ਹੱਥ ਆਦਿ ਕਈ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਪੁਰਾਣੀਆਂ ਸਿਖ ਰਵਾਇਤਾਂ ਅਨੁਸਾਰ "ਸਰਬੱਤ ਖਾਲਸਾ" ਵਲੋਂ ਚੁਣੇ ਗਏ ਵਿਅਕਤੀਆਂ ਦੇ ਹੱਥਾਂ ਵਿਚ ਸੌਂਪੀ ਜਾਣੀ ਚਾਹੀਦੀ ਅਤੇ ਅਜੇਹੀ ਵਿਵਸਥਾ ਹੋਣੀ ਚਾਹੀਦੀ ਹੈ ਕਿ ਜੋ ਵਿਅਕਤੀ ਇਸ ਮਾਮਲੇ ਵਿਚ ਆਪਣੇ ਫਰਜ਼ਾਂ ਦੀ ਸਹੀ ਤਰੀਕੇ ਨਾਲ ਪਾਲਣਾ ਕਰਨ ਦੇ ਨਾਕਾਮ ਰਹਿਣ — "ਸਰਬੱਤ ਖਾਲਸਾ" ਰਾਹੀਂ ਹੀ ਉਨ੍ਹਾਂ ਨੂੰ ਪਾਸੇ ਕਰ ਦਿੱਤਾ ਜਾਵੇ।

ਭਾਵੇਂ ਮੋਹਕਮ ਸਿੰਘ ਨੇ ਇਕ ਪਾਸੇ ਟਕਸਾਲ ਅਤੇ ਫੈਡਰੇਸ਼ਨ ਅਤੇ ਦੂਸਰੇ ਪਾਸੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਮੁਖੀ ਸ੍ਰੀ ਕਾਬਲ ਸਿੰਘ ਵਿਚਾਲੇ ਹੋਈ ਕਿਸੇ ਕਿਸਮ ਦੀ ਆਪਸੀ ਸਹਿਮਤੀ ਬਾਰੇ ਖਬਰਾਂ ਦਾ ਵੀ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਉਨ੍ਹਾਂ ਦੱਸਿਆ ਕਿ 10 ਕੁ ਦਿਨ ਪਹਿਲਾਂ ਸ: ਕਾਬਲ ਸਿੰਘ ਹੋਰੀਂ ਦਰਬਾਰ ਸਾਹਿਬ ਮੱਥਾ ਟੇਕਣ ਆਏ ਸਨ। ਵਾਪਸ . ਸਾਨੂੰ ਇਸ ਬਾਰੇ ਕੋਈ ਇਲਮ ਨਹੀਂ ਸੀ। ਵਾਪਸ ਪਰਤਦਿਆਂ ਉਹ ਮੇਰੇ ਕਮਰੇ ਵਿਚ ਆ ਗਏ। ਅਸੀਂ ਗੁਰਦੁਆਰਿਆਂ ਦੀ ਸਾਂਭ ਸੰਭਾਲ ਨਾਲ ਸਬੰਧਤ ਮਾਮਲਿਆਂ ਬਾਰੇ ਸਲਾਹ ਮਸ਼ਵਰਾ ਕਰਨਾ ਸ਼ੁਰੂ ਕਰ ਦਿੱਤਾ। ਪ੍ਰੰਤੂ ਇਹ ਗੱਲ ਸਹੀ ਨਹੀਂ ਹੈ ਕਿ "ਸਾਡੇ ਵਿਚਾਲੇ" ਗੱਲਾਂ ਗੱਲਾਂ ਵਿਚ ਜਾਂ ਲਿਖਤੀ ਤੌਰ 'ਤੇ ਕਿਸੇ ਕਿਸਮ ਦਾ ਕੋਈ ਸਮਝੌਤਾ ਹੋਇਆ ਹੋਵੇ।"

ਉਨ੍ਹਾਂ ਦੱਸਿਆ ਕਿ ਸ਼ਰੋਮਣੀ ਕਮੇਟੀ ਦੇ ਦਫਤਰ, ਤੋਸ਼ਾਖਾਨਾ, ਗੋਲਕ ਅਤੇ ਲਾਇਬਰੇਰੀ ਸਮੇਤ ਇਕ ਤਰ੍ਹਾਂ ਨਾਲ ਦਰਬਾਰ ਸਾਹਿਬ ਕੰਪਲੈਕਸ ਦਾ ਸਮੁੱਚਾ ਕੰਟਰੋਲ ਪੂਰੀ ਤਰ੍ਹਾਂ ਨਾਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਹੀ ਹੈ ਦਮਦਮੀ ਟਕਸਾਲ ਤਾਂ ਕੇਵਲ ਅਕਾਲ ਤਖਤ ਅਤੇ ਲੰਗਰ ਦੀਆਂ ਇਮਾਰਤਾਂ ਦੀ "ਕਾਰ ਸੇਵਾ" ਹੀ ਕਰਵਾ ਰਹੀ ਹੈ। ਬਾਕੀ ਜਿਥੋਂ ਤੱਕ ਕਾਰ ਸੇਵਾ ਦਾ ਸਵਾਲ ਹੈ ਅਸੀਂ ਸ਼ਰੋਮਣੀ ਕਮੇਟੀ ਨੂੰ ਕਈ ਵਾਰ ਕਹਿ ਚੁਕੇ ਹਾਂ ਕਿ ਉਹ ਆਪਣਾ ਵਾਹ ਵਾਸਤਾ ਆਪਣੇ ਕੰਮ ਤੱਕ ਮਹਿਦੂਦ ਰੱਖੇ ਅਤੇ "ਕਾਰ ਸੇਵਾ" ਦੇ ਕੰਮ ਕਾਰ 'ਚ ਦਖਲ ਅੰਦਾਜ਼ੀ ਕਰਨ ਤੋਂ ਗੁਰੇਜ਼ ਕਰੇ। ਟਕਸਾਲ ਦੇ ਟੀਚੇ ਬਾਰੇ ਸਵਾਲਾਂ ਦੇ ਜਵਾਬ ਦਿੰਦਿਆਂ ਮੋਹਕਮ ਸਿੰਘ ਨੇ "ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ" ਦਾ ਵਾਕ ਉਚਾਰਿਆ ਅਤੇ ਕਿਹਾ ਕਿ ਸਾਡਾ ਨਿਸ਼ਾਨਾ ਤਾਂ ਇਸ ਵਾਕ ਨੂੰ ਹੀ ਅਮਲੀ ਜਾਮਾ ਪਹਿਨਾਉਣ ਲਈ ਕੰਮ ਕਰਨਾ ਹੈ। ਇਸ ਦਾ ਰਾਜਸੀ ਉਦੇਸ਼ ਇਹ ਹੈ ਕਿ ਸਿੱਖ ਦੇਸ਼ ਅੰਦਰ ਸੁਖ ਸ਼ਾਂਤੀ ਨਾਲ ਵਸ ਸਕਣ। "ਭਾਰਤ ਅੰਦਰ ਸਿੱਖਾਂ ਦੀ ਮਾਨ ਅਤੇ ਸ਼ਾਨ ਬਰਕਰਾਰ ਹੋਵੇ।" ਭਾਈ ਮੋਹਕਮ ਸਿੰਘ ਦਾ ਖਿਆਲ ਸੀ ਕਿ ਇਹ ਨਿਸ਼ਾਨਾਂ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਕੁਝ ਸੰਵਿਧਾਨਕ ਤਬਦੀਲੀਆਂ ਕਰ ਕੇ ਪੰਜਾਬ ਨੂੰ ਭਾਰਤੀ ਸੰਘ ਵਿਚ ਰਹਿੰਦੇ ਹੋਏ ਕਸ਼ਮੀਰ ਦੀ ਤਰਜ਼ 'ਤੇ ਵਿਸ਼ੇਸ਼ ਦਰਜਾ ਦੇਣ ਦੀ ਵਿਵਸਥਾ ਕੀਤੀ ਜਾਵੇ। "ਅਸੀਂ ਚਾਹੁੰਦੇ ਹਾਂ ਕਿ ਭਾਰਤ ਦੀ ਸੁਤੰਤਰਤਾ ਤੋਂ ਪਹਿਲਾਂ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਸਿੱਖਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕੀਤਾ ਜਾਵੇ।"

ਪੰਜਾਬ ਵਿਚ ਹੋ ਰਹੀਆਂ ਹਿੰਸਕ ਵਾਰਦਾਤਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿਤਾ ਕਿ ਰਾਜ ਅੰਦਰ ਕਤਲਾਂ, ਬੈਂਕ ਡਕੈਤੀਆਂ ਅਤੇ ਹੋਰ ਹਿੰਸਕ ਵਾਰਦਾਤਾਂ ਨਾਲ ਉਨ੍ਹਾਂ ਦੀ ਸੰਸਥਾ ਦਾ ਉਕਾ ਹੀ ਕੋਈ ਸਬੰਧ ਨਹੀਂ ਹੈ। ਸਾਡਾ ਹਿੰਸਕ ਘਟਨਾਵਾਂ ਤੇ ਲੁੱਟਮਾਰ ਨਾਲ ਕੋਈ ਸਬੰਧ ਨਹੀਂ, ਅਸੀਂ ਇਸ ਵਰਤਾਰੇ ਦੀ ਨਿਖੇਧੀ ਕਰਦੇ ਹਾਂ ਅਤੇ ਇਸ ਦੇ ਬੰਦ ਹੋਣ ਲਈ ਕਾਮਨਾ ਕਰਦੇ ਹਾਂ ਉਨ੍ਹਾਂ ਦੋਸ਼ ਲਗਾਇਆ ਕਿ ਡਕੈਤੀ ਦੇ ਕੇਸ ਵਿਚ ਗੁਰਦਾਸਪੁਰ ਜ਼ਿਲੇ ਨਾਲ ਸਬੰਧਤ ਇਕ ਵਜ਼ੀਰ ਦੇ ਆਦਮੀ ਸ਼ਾਮਲ ਹਨ ਪ੍ਰੰਤੂ ਕਿਸੇ ਅਖਬਾਰ ਨੇ ਇਸ ਦੀ ਰਿਪੋਰਟ ਨਹੀਂ ਦਿੱਤੀ। "ਇਸੇ ਤਰ੍ਹਾਂ ਫਿਰੋਜ਼ਪੁਰ ਜ਼ਿਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰੀ ਦਲੀਪ ਸਿੰਘ ਦੀ ਹੱਤਿਆ ਪਿਛੇ ਇਕ ਅਕਾਲੀ ਵਿਧਾਇਕ ਦਾ ਹੱਥ ਸੀ।" ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਬਹੁਤ ਸਾਰੀਆਂ ਵਾਰਦਾਤਾਂ ਮਹਿਜ਼ ਸਿੱਖਾਂ ਨੂੰ ਬਦਨਾਮ ਕਰਵਾਉਣ ਦੇ ਮੰਤਵ ਲਈ ਹੀ ਕਰਵਾਈਆਂ ਜਾ ਰਹੀਆਂ ਹਨ। ਅੰਤ ਵਿਚ 'ਖਾਲਿਸਤਾਨ' ਦੇ ਮਸਲੇ ਤੇ ਜਵਾਬ ਦਿੰਦਿਆਂ ਉਨ੍ਹਾਂ ਇਕ ਦਮ ਆਖਿਆ ਕਿ "ਅਸੀਂ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ; ਦੱਸੋ ਕੀਤੀ ਹੈ ਕਦੀ ਅਸਾਂ?" ਉਨ੍ਹਾਂ ਇਸ ਗੱਲ ਦਾ ਵੀ ਖੰਡਨ ਕੀਤਾ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਕੋਈ ਹਥਿਆਰ ਵਗੈਰਾ ਹਨ। ਉਨ੍ਹਾਂ ਦੱਸਿਆ ਕਿ ਸਾਡੇ ਕੋਲ ਤਾਂ ਏਥੇ ਬੇਲਚਿਆਂ, ਹਥੌੜਿਆਂ, ਟੋਕਰੀਆਂ ਅਤੇ ਕੁਝ ਰਵਾਇਤੀ ਹਥਿਆਰਾਂ ਤੋਂ ਛੁੱਟ ਹੋਰ 'ਹਥਿਆਰ' ਨਹੀਂ।"

## ਹਰਿਆਣਾ : ਸਿਵਲ ਨਾ-ਫੁਰਮਾਨੀ ਲਹਿਰ ਚਲਾਉਣ ਦਾ ਫੈਸਲਾ

ਨਵੀਂ ਦਿੱਲੀ — ਸ੍ਰੀ ਦੇਵੀ ਲਾਲ ਦੀ ਅਗਵਾਈ ਹੇਠਲੀ ਹਰਿਆਣਾ ਸੰਘਰਸ਼ ਸੰਮਤੀ ਨੇ ਪੰਜਾਬ ਸਮਝੌਤੇ ਨਾਲ ਰਾਜ ਦੇ ਹਿੱਤਾਂ ਨੂੰ ਹੋਏ ਨੁਕਸਾਨ ਦਾ ਵਿਰੋਧ ਕਰਨ ਲਈ 'ਸਿਵਲ-ਨਾ-ਫੁਰਮਾਨੀ' ਲਹਿਰ ਚਲਾਉਣ ਦਾ ਫੈਸਲਾ ਕੀਤਾ ਹੈ। ਇਲਾਕੇ ਅਤੇ ਪਾਣੀ ਦੇ ਮਸਲਿਆਂ ਬਾਰੇ ਲੋਕਾਂ ਦਾ ਧਿਆਨ ਖਿਚਣ ਲਈ ਸੰਮਤੀ ਨੇ ਰਾਜਸਥਾਨ ਦੀਆਂ ਵਿਰੋਧੀ ਪਾਰਟੀਆਂ ਨੂੰ 'ਸਮਸਤ ਹਰਿਆਣਾ ਸੰਮੇਲਨ' ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜੋ ਜੀਂਦ ਵਿਖੇ 23 ਨੂੰ ਮਾਰਚ ਨੂੰ ਹੋਇਆ।

ਸ੍ਰੀ ਦੇਵੀ ਲਾਲ ਨੇ ਇਥੇ ਦੱਸਿਆ ਕਿ ਰਾਜਸਥਾਨ ਦੇ ਪਰਮੁਖ ਨੇਤਾਵਾਂ ਨੂੰ ਸੱਦਾ ਦਿੱਤਾ ਹੈ ਕਿਉਂਕਿ ਪਾਣੀਆਂ ਦੇ ਮਾਮਲੇ ਵਿਚ ਰਾਜਸਥਾਨ ਨਾਲ ਵੀ ਬੇਇਨਸਾਫੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਭੈਰੋਂ ਸਿੰਘ ਸੇਖਾਵਤ, ਸ੍ਰੀ ਕਲਿਆਣ ਸਿੰਘ ਕਲਵੀ, ਸ੍ਰੀ ਐਨ. ਆਰ. ਮਿਰਧਾ ਅਤੇ ਸ੍ਰੀ ਕੁੰਭਾ ਰਾਮ ਆਰੀਆ ਸੰਮੇਲਨ ਵਿਚ ਭਾਗ ਲੈ ਰਹੇ ਹਨ। ਦੇਸ਼ ਦੇ ਹੋਰ ਸੂਬਿਆਂ ਤੇ ਵਿਦੇਸ਼ਾਂ ਵਿਚ ਰਹਿੰਦੇ ਹਰਿਆਣਵੀਆਂ ਨੂੰ ਵੀ ਸੰਮੇਲਨ ਵਿਚ ਸ਼ਾਮਲ ਹੋਣ ਲਈ ਵੱਡੇ ਪੱਧਰ ਉਤੇ ਸੱਦਾ ਪੱਤਰ ਭੇਜੇ ਗਏ ਹਨ। ਸ੍ਰੀ ਦੇਵੀ ਲਾਲ ਨੇ ਕਿਹਾ ਕਿ ਜੇ ਕਾਂਗਰਸ (ਆਈ) ਚਾਹੁੰਦੀ ਹੈ ਕਿ ਹਰਿਆਣਾ ਆਪਣੀਆਂ ਜਾਇਜ਼ ਮੰਗਾਂ ਲਈ ਲੜੇ ਤਾਂ ਅਸੀਂ ਇਸ ਲਈ ਤਿਆਰ ਹਾਂ। ਉਨ੍ਹਾਂ ਐਲਾਨ ਕੀਤਾ ਕਿ ਸਿਵਲ ਨਾ-ਫੁਰਮਾਨੀ ਲਹਿਰ ਅਧੀਨ ਸਰਕਾਰ ਨੂੰ ਟੈਕਸ ਅਦਾ ਨਹੀਂ ਕੀਤੇ ਜਾਣਗੇ ਅਤੇ ਮੰਤਰੀਆਂ ਦਾ ਘਿਰਾਉ ਕੀਤਾ ਜਾਵੇਗਾ।

## ਕਾਂਗਰਸੀ ਵਿਧਾਇਕ ਕਾਲੇ ਬਿੱਲੇ ਲਾਕੇ ਅਸੈਂਬਲੀ ਵਿਚ ਆਏ

ਚੰਡੀਗੜ੍ਹ — ਪੰਜਾਬ ਵਿਧਾਨ ਸਭਾ ਵਿਚ ਸਾਰੇ ਕਾਂਗਰਸ (ਆਈ) ਵਿਧਾਇਕਾਂ ਨੇ ਕਾਲੇ ਬਿੱਲੇ ਲਾਕੇ ਉਨ੍ਹਾਂ ਨੇ ਪੰਜਾਬ ਦੀ ਵਿਗੜ ਰਹੀ ਅਮਨ ਕਾਨੂੰਨ ਦੀ ਹਾਲਤ ਵਿਰੁੱਧ ਰੋਸ ਪ੍ਰਗਟ ਕੀਤਾ। ਸੁਆਲ-ਜੁਆਬ ਦਾ ਸਮਾਂ ਖਤਮ ਹੁੰਦਿਆਂ ਹੀ ਕਾਂਗਰਸ(ਆਈ) ਅਤੇ ਭਾਜਪਾ ਵਿਧਾਇਕਾਂ ਨੇ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਮੰਗ ਕੀਤੀ ਕਿ ਰਾਜ ਦੀ ਅਮਨ ਕਾਨੂੰਨ ਦੀ ਹਾਲਤ ਉਤੇ ਬਹਿਸ ਕਰਨ ਦੀ ਆਗਿਆ ਦਿੱਤੀ ਜਾਵੇ। ਕੁਝ ਮੈਂਬਰ ਸਪੀਕਰ ਦੀ ਆਗਿਆ ਲਏ ਬਿਨਾਂ ਬੋਲਦੇ ਰਹੇ ਪ੍ਰੰਤੂ ਉਨ੍ਹਾਂ ਦੇ ਸ਼ਬਦਾਂ ਨੂੰ ਸਦਨ ਦੀ ਕਾਰਵਾਈ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਸਪੀਕਰ ਨੇ ਭਾਜਪਾ ਵਿਧਾਇਕ ਮਾਸਟਰ ਮੋਹਣ ਲਾਲ ਨੂੰ ਬੋਲਣ ਦੀ ਆਗਿਆ ਦਿੱਤੀ ਪ੍ਰੰਤੂ ਉਨ੍ਹਾਂ ਵਲੋਂ ਅਮਨ ਕਾਨੂੰਨ ਬਾਰੇ ਬਹਿਸ ਦੀ ਮੰਗ ਸਪੀਕਰ ਨੇ ਪਰਵਾਨ ਕਰ ਦਿੱਤੀ। ਸਪੀਕਰ ਨੇ ਕਾਂਗਰਸ (ਆਈ) ਵਿਧਾਇਕ ਸ੍ਰੀ ਸਰਵਣ ਰਾਮ ਦਾ ਅਮਨ ਕਾਨੂੰਨ ਬਾਰੇ ਕੰਮ ਰੋਕੂ ਮਤਾ ਵੀ ਪਰਵਾਨ ਨਾ ਕੀਤਾ। ਸਪੀਕਰ ਨੇ ਦੱਸਿਆ ਕਿ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਅਮਨ ਕਾਨੂੰਨ ਦੀ ਸਥਿਤੀ ਉਤੇ ਸਦਨ ਵਿਚ ਬਹਿਸ ਰੱਖੀ ਗਈ ਹੈ। ਇਸ ਲਈ ਵਿਰੋਧੀ ਧਿਰ ਅੱਜ ਇਸ ਨੁਕਤੇ ਉਤੇ ਜ਼ੋਰ ਨਾ ਦੇਵੇ। ਮੈਂਬਰਾਂ ਨੇ ਸਪੀਕਰ ਦੀ ਸਲਾਹ ਨੂੰ ਪਰਵਾਨ ਕਰ ਲਿਆ।

## ਕਚਹਿਰੀਆਂ 'ਚ ਗੁੱਤ ਮੁੰਨ 'ਤੀ

ਬਰਨਾਲਾ — ਸ਼ਨੀਵਾਰ ਇਥੇ ਕਚਹਿਰੀਆਂ ਦੇ ਗੇਟ ਦੇ ਬਾਹਰ ਤੀਹ ਕੁ ਸਾਲਾ ਇਸਤਰੀ ਸੁਰਜੀਤ ਕੌਰ ਦੀ ਪਿੰਡ ਹੰਡਿਆਇਆ ਦੇ ਬਲਦੇਵ ਸਿੰਘ ਨਾਂ ਦੇ ਵਿਅਕਤੀ ਨੇ ਕੈਂਚੀ ਨਾਲ ਗੁੱਤ ਮੁੰਨ ਦਿੱਤੀ। ਦੋਹਾਂ ਧਿਰਾਂ ਦੇ ਹਿਮਾਇਤੀਆਂ ਵਿਚ ਲੜਾਈ ਵੀ ਹੋਈ। ਪਤਾ ਲੱਗਾ ਹੈ ਕਿ ਸੁਰਜੀਤ ਕੌਰ ਆਪਣੇ ਆਪ ਨੂੰ ਬਲਦੇਵ ਸਿੰਘ ਦੀ ਪਤਨੀ ਦਸਦੀ ਹੈ ਤੇ ਉਸ ਆਪਣੇ ਅਤੇ ਸੱਤ ਸਾਲ ਦੇ ਬੱਚੇ ਵਲੋਂ ਇਥੇ ਖਰਚੇ ਦਾ ਦਾਅਵਾ ਕੀਤਾ ਹੋਇਆ ਹੈ। ਉਹ ਐਸ. ਕੇ. ਸ਼ਰਮਾ ਮੈਜਿਸਟਰੇਟ ਦਰਜਾ ਅੱਵਲ ਦੀ ਕਚਹਿਰੀ ਵਿਚ ਪੇਸ਼ੀ ਭੁਗਤਣ ਉਪਰੰਤ ਬਾਹਰ ਸੜਕ ਉਤੇ ਆਈ ਸੀ ਜਦੋਂ ਉਸ ਨੂੰ ਜ਼ਮੀਨ ਉਤੇ ਡੇਗ ਕੇ ਉਸ ਦੀ ਗੁੱਤ ਕੱਟੀ ਗਈ। ਪਿਛੋਂ ਉਹ ਕੱਟੀ ਗੁੱਤ ਸਮੇਤ ਮੈਜਿਸਟਰੇਟ ਦੇ ਪੇਸ਼ ਹੋਈ ਜਿਨ੍ਹਾਂ ਦਫਾ 295-ਏ ਤਹਿਤ ਕੇਸ ਪੁਲੀਸ ਹਵਾਲੇ ਕਰ ਦਿੱਤਾ। ਪੁਲੀਸ ਨੇ ਬਲਦੇਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਸਤਰੀ ਦਾ ਦੋਸ਼ ਹੈ ਕਿ ਗੁੱਤ ਮੁੰਨਣ ਪਿਛੋਂ ਹਮਲਾਵਰ ਉਸ ਦੀ ਜੀਭ ਕੱਟਣ ਲੱਗਾ ਸੀ ਤੇ ਇਸ ਯਤਨ ਵਿਚ ਔਰਤ ਦੇ ਮੂੰਹ ਉਤੇ ਚੋਟਾਂ ਆਈਆਂ।

ਬਲਦੇਵ ਸਿੰਘ ਸੁਰਜੀਤ ਕੌਰ ਨੂੰ ਪਤਨੀ ਮੰਨਣ ਤੋਂ ਇਨਕਾਰੀ ਹੈ ਤੇ ਉਂਜ ਗੱਲਬਾਤ ਵਿਚ ਕਹਿੰਦਾ ਹੈ ਕਿ ਇਹ ਮੇਰੇ ਪਾਸ ਰਹਿੰਦੀ ਰਹੀ ਹੈ। ਉਹ ਬੱਚੇ ਨੂੰ ਆਪਣਾ ਲੜਕਾ ਵੀ ਨਹੀਂ ਮੰਨਦਾ, ਜਦੋਂ ਕਿ ਸੁਰਜੀਤ ਕੌਰ ਦਾ ਕਹਿਣਾ ਹੈ ਕਿ ਝਗੜੇ ਕਾਰਨ ਉਹ ਦੋ ਸਾਲ ਤੋਂ ਵੱਖ ਰਹਿ ਰਹੀ ਹੈ, ਪਹਿਲਾਂ ਬਲਦੇਵ ਸਿੰਘ ਦੇ ਘਰ ਹੀ ਰਹੀ ਹੈ ਤੇ ਲੜਕਾ ਉਸ ਦਾ ਹੈ। ਪੇਸ਼ੀ ਉਤੇ ਇਸ ਵਿਵਾਦ ਸਬੰਧੀ ਸਬੂਤ ਪੇਸ਼ ਹੋਏ ਹਨ। ਦੱਸਿਆ ਜਾਂਦਾ ਹੈ ਕਿ ਬਲਦੇਵ ਸਿੰਘ ਦੀ ਪਹਿਲੀ ਪਤਨੀ ਰਣਜੀਤ ਕੌਰ ਪਿੰਡ ਅਕਲੀਆ ਤੋਂ ਹੈ। ਉਸ ਨਾਲ ਵੀ ਮੁਕੱਦਮਾ ਚਲਿਆ ਤੇ ਅਦਾਲਤ ਨੇ ਉਸ ਦਾ ਖਰਚਾ ਬੰਨ੍ਹ ਦਿੱਤਾ ਸੀ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ। ਬਲਦੇਵ ਸਿੰਘ ਦਾ ਕਹਿਣਾ ਹੈ ਕਿ ਪੇਸ਼ੀ ਸਮੇਂ ਸੁਰਜੀਤ ਕੌਰ ਉਸ ਨੂੰ ਗਾਲ੍ਹਾਂ ਕੱਢਦੀ ਹੈ।


# Buyer Seller Meet

The Handloom Export Promotion Council of India is holding a display of the following handloom items in the Meeting Room of Vancouver Board of Trade (4th floor) Canada Place

**on 3rd and 4th of April, 1986**

- **Handloom Fabrics**
- **Upholstery Material**
- **Curtain Material**
- **Bed Linen, Bath Linen, & Kitchen Linen**
- **Floor Covering**
- **Furnishings etc.**

The display is open to the importers, whole salers and other members of the trade.

The display will be open
**from 8.30 A.M. to 7.00 P.M. on APRIL 3, 1986**
**from 8.30 A.M. to 2.30 P.M. on APRIL 4, 1986**

Importers and Wholesalers are cordially invited to witness the display and discuss business possibilities with the eight Indian exporters of handloom products who will be present at the display.

# ਸਾ ਹਿ ਤ ਦ ਰ ਪ ਣ

## ਕਹਾਣੀ:

## ਦੋ ਦੂਧੀਏ ਹੰਝੂ

ਕਰਨੈਲ ਸਿੰਘ ਕੈਲ, ਵੈਸਟ ਜਰਮਨੀ

ਗਲੀ ਵਿਚ ਤੁਰੇ ਆਉਂਦੇ ਮੇਰੇ ਭਤੀਜੇ ਕੌਰੇ ਦੇ ਕੰਨੀ ਵੀਹੀ ਵਾਲੇ ਮੋੜ ਉਤੇ ਖੜੀਆਂ ਗਲਾਂ ਕਰਦੀਆਂ ਤਿੰਨ ਚਾਰ ਔਰਤਾਂ 'ਚੋਂ ਇਕ ਦੀ ਇਹ ਆਵਾਜ਼ ਪਈ। ਹੈਂ ਕੁੜੇ ਕਹਿਰ ਆ ਗਿਆ, ਨੀ ਏਨੀ ਮੂੰਹ ਕੂਲ ਸੁਘੜ ਕੁੜੀ ਦੀ ਆਹ ਦਰਦਨਾਕ ਮੌਤ ? ਦੂਜੀ ਦਾ ਜਵਾਬ ਸੀ, ਕੁੜੇ ਰੱਬ ਦੇ ਘਰੇ ਵੀ ਕੋਈ ਨਿਆਂ ਨਹੀਂ, ਪਿਛਲੇ ਵਰ੍ਹੇ ਇਸ ਕੁੜੀ ਦੇ ਵਿਆਹ ਵਿਚ ਜਦੋਂ ਮੈਂ ਪਿੰਡ ਪਟੜੀ ਸ਼ਰੀਕੇ ਸਦਕਾ ਕੁੜੀ ਨੂੰ ਸ਼ਗਨ ਦਾ ਨੂਠੀ ਰੁਪਈਆ ਦੇਣ ਗਈ, ਸੂਹੇ ਸਾਲੂ 'ਚ ਸਜੀ ਬੈਠੀ ਮੂਰਤ ਵਰਗੀ ਕੁੜੀ ਦਾ ਹੁਸਨ ਵੇਖ ਕੇ ਸਾਹਮਣੀ ਅੱਖ ਤਾਬ ਨਹੀਂ ਸੀ ਝਲਦੀ। ਕੌਣ ਜਾਣਦਾ ਸੀ ਇਸ ਅਣਭੋਲ ਜ਼ਿੰਦਗੀ ਦਾ ਸਹੁਰੇ ਪਿੰਡ ਦਾ ਪੈਂਡਾ ਬਹੁਤ ਹੀ ਥੋੜ-ਚਿਰਾ ਹੈ। ਇਕ ਬੁੜੀ ਜਾਂਦੀ ਜਾਂਦੀ ਬੁੜ ਬੁੜਾ ਰਹੀ ਸੀ ਕਿ ਇਸੇ ਕਰਕੇ ਤਾਂ ਕਹਿੰਦੇ ਹਨ ਕਿ ਚਾਦਰ ਵੇਖ ਕੇ ਪੈਰ ਪਸਾਰੀਏ। ਆਪ ਤੋਂ ਉਚਿਆਂ ਨਾਲ ਸਿਰ ਜੋੜ ਕੇ ਇਹੋ ਘਸੀਟਾਂ ਹੀ ਤਾਂ ਮਿਲਦੀਆਂ ਹੁੰਦੀਐਂ। ਰਲੀਆਂ ਮਿਲੀਆਂ ਆਵਾਜ਼ਾਂ 'ਚੋਂ ਕੌਰਾ ਵਿਚਲੀ ਗਲ ਸਮਝ ਆਇਆ ਸੀ ਕਿ ਬਾਹਰਲੀ ਫਿਰਨੀ ਵਾਲੇ ਭੁਲਰਾਂ ਦੀ ਮੋਹਣੀ ਦੇ ਸਹੁਰਿਆਂ ਤੋਂ ਆਦਮੀ ਆਇਐ। ਰਾਤ ਅਚਾਨਕ ਰੋਟੀਆਂ ਪਕਾਉਂਦੀ ਮੋਹਣੀ ਤੋਂ ਸਟੋਵ ਫਟਣ ਕਰਕੇ ਉਸ ਦੀ ਮੌਤ ਹੋ ਗਈ ਅਤੇ ਸਸਕਾਰ ਲਈ ਉਸ ਦੇ ਮਾਪਿਆਂ ਨੂੰ ਉਡੀਕਿਆ ਜਾ ਰਿਹੈ।

ਘਰ ਆਉਣ ਸਾਰ ਕੌਰੇ ਨੇ ਸਭ ਤੋਂ ਪਹਿਲਾਂ ਮੈਨੂੰ ਇਹ ਮਨਹੂਸ ਖਬਰ ਦੱਸੀ। ਪਰ ਮੈਂ ਉਸ ਦੀ ਗਲ ਨੂੰ ਅਣਸੁਣਿਆਂ ਕਰਕੇ ਟਾਲ ਦਿਤਾ ਕਿ ਜਾਹ ਜਾ ਕੇ ਬੁੜੀਆਂ ਨੂੰ ਦਸ! ਇਹੋ ਜਿਹੀਆਂ ਮਰਨ ਮਕਾਣਾਂ ਦੀਆਂ ਗੱਲਾਂ ਵਿਚ ਬੁੜੀਆਂ ਹੀ ਵਧੇਰੇ ਦਿਲਚਸਪੀ ਰਖਦੀਆਂ ਹੁੰਦੀਆਂ ਹੈ। ਮਿਲਣ ਜੁੜਨ ਲਈ ਕਿਸੇ ਬੁੜੇ ਬੁੜੀ ਦੇ ਮਰਨੇ ਪਰਨੇ ਸਥਰ ਜਾਂ ਕੁੜਮਤ ਨੂੰ ਕਾਫੀ ਉਤੇਜਤੀ ਨਾਲ ਉਡੀਕਦੀਆਂ ਹੁੰਦੀਆਂ ਹਨ। ਮੈਂ ਕਿਸੇ ਸੋਚ ਅਧੀਨ ਲਿਵਲੀਨ ਬੈਠਾ ਸਾਂ ਇਸੇ ਕਰਕੇ ਮੈਂ ਮੁੰਡੇ ਨੂੰ ਟਾਲ ਦਿਤਾ ਸੀ ਪਰ ਉਸ ਦੇ ਚਲੇ ਜਾਣ ਬਾਦ ਜਦੋਂ ਮੇਰੀ ਚੇਤਨਾਂ ਪਰਤੀ ਤਾਂ ਮੇਰਾ ਸਰੀਰ ਥਾਂ ਦੀ ਥਾਂ ਹੀ ਠੰਡਾ ਹੋ ਗਿਆ। ਕਿਉਂਕਿ ਇਹ ਮੌਤ ਨਹੀਂ ਇਹ ਤਾਂ ਦੂਹਰਾ ਕਤਲ ਹੋਇਆ ਸੀ ਤੇ ਦੂਹਰੀ ਵਾਰ ਮੇਰੇ ਹੀ ਆਪੇ ਦਾ ਕਤਲ !! ਮੇਰੇ ਪਿਆਰ ਦਾ ਕਤਲ। ਦੋ ਦਿਲਾਂ ਦੀਆਂ ਸਾਂਝੀਆਂ ਵਫਾਵਾਂ ਭਾਵਨਾਵਾਂ ਦਾ ਕਤਲ, ਵਿਯੋਗੀ ਆਤਮਾਵਾਂ ਦਾ ਕਤਲ; ਨਿਰਸੰਦੇਹ ਏਨੇ ਮਿਲਾਪੜੇ ਮਿਠੇ ਸੁਭਾਅ, ਨਸ਼ੀਲੇ ਨੈਣਾਂ ਮਮੋਲੇ ਨਕਸ਼ਾਂ, ਵਾਲੀ ਸੁੰਦਰ ਸਰੀਰ ਭਰ ਜੁਆਨੀ ਦਾ ਆਹ ਅੰਜਾਮ, ਜਾਣੀ ਪਛਾਣੀ ਮੌਤ ਦੀ ਗੱਲ ਸੁਣ ਕੇ ਮੈਂ ਬਦਲੇ ਦੀ ਅੱਗ 'ਚ ਮੱਚ ਉਠਿਆ !

ਅਜੇ ਸਾਨੂੰ ਵਿਛੜਿਆਂ ਇਕ ਸਾਲ ਵੀ ਨਹੀਂ ਹੋਇਆ, ਸਾਡੇ ਪਿਆਰ ਦੀ ਕਤਲਗਾਹ ਬਾਰੇ ਲੋਕਾਂ ਦੀ ਸੋਚ ਨਿਰਾਸਰ ਟੇਵੇ ਲਗਾ ਰਹੀ ਸੀ। ਹਾਣ ਪ੍ਰਵਾਣ ਦੇ ਮੁੰਡੇ ਮੈਨੂੰ ਕਈ ਵਾਰ ਹੱਟੀ ਭੱਠੀ ਬੈਠਿਆਂ ਛੇੜ ਕੇ ਤਿਖੇ ਤਿਖੇ ਸ਼ਬਦਾਂ ਦੀ ਚੋਭ ਲਾ ਕੇ ਉਸ ਦਿਨ ਨੂੰ ਨਵਿਆ ਦੇਂਦੇ ਸਨ ਜਿਸ ਦਿਨ ਚੁੱਪ ਦੀ ਕਬਰ ਵਰਗੇ ਪੀੜਾਂ ਤੇ ਵਫਾਵਾਂ ਭਰੇ ਦਿਲ ਅੰਦਰ ਕੁਮਲਾਈਆਂ ਬੇਬਸ ਸਧਰਾਂ ਲੈ ਕੇ ਸਮਾਜੀ ਮਾਰਾਂ ਦੀ ਮਧੋਲੀ ਮੋਹਣੀ ਪਿੰਡ ਦੀਆਂ ਜੂਹਾਂ ਚੋਂ ਪ੍ਰਦੇਸਣ ਹੋ ਗਈ ਸੀ।

ਜੇਕਰ ਅਸੀਂ ਬਹੁਤੇ ਜ਼ਿਆਦੇ ਪੜ੍ਹੇ ਲਿਖੇ ਨਹੀਂ ਸਾਂ ਤਾਂ ਬਿਲਕੁਲ ਅਨਪੜ੍ਹ ਵੀ ਨਹੀਂ ਸਾਂ। ਆਪਣੇ ਆਪ ਨੂੰ ਸੰਭਾਲਣਾ ਤੇ ਸਮਾਜ ਨੂੰ ਸਮਝ ਕੇ ਜ਼ਿੰਦਗੀ ਜਿਉਣ ਦੇ ਸਮਰਥ ਤਾਂ ਹੈ ਹੀ ਸੀ। ਜਦੋਂ ਸਾਡੇ ਪਿਆਰ ਨੂੰ ਤੋੜਿਆ ਵਿਛੋੜਿਆ ਗਿਆ ਅਸੀਂ ਆਪਣੀ ਥਾਂ ਉਤੇ ਕਲਪ ਕੇ ਰਹਿ ਗਏ ? ਇਕ ਦੂਸਰੇ ਦੇ ਕੌਲਾਂ ਇਕਰਾਰਾਂ ਵਫਾਵਾਂ ਦੀ ਪਨਾਹ ਹੇਠ ਰਜ ਰਜ ਕੇ ਰੋਅ ਲਏ। ਪਹਿਲਾਂ ਭੁਰਦੀਆਂ ਪਿਆਰ ਈਸੀਆਂ ਨੂੰ ਬਚਾਉਣ ਲਈ ਲਖ ਯਤਨ ਕੀਤੇ ਤੇ ਫੇਰ ਢਹੇ ਹੋਏ ਪਿਆਰ ਮੀਨਾਰਾਂ ਦੀਆਂ ਕੰਕਰ ਰੋੜੀਆਂ ਚੁਣੀਆਂ। ਜਦੋਂ ਮੋਹਣੀ ਦੇ ਵਿਆਹ ਬਾਰੇ ਪੱਕ ਹੋ ਜਾਣ ਦਾ ਸਾਨੂੰ ਪਤਾ ਲੱਗਾ ਤਾਂ ਅਸੀਂ ਇਸ ਸਮਾਜ ਦੇ ਅਨਿਆ-ਇਕ ਬੰਧਨਾਂ ਤੇ ਸਭਿਅਕ ਮਰਿਯਾਦਾ ਨੂੰ ਚਕਨਾਂ ਚੂਰ ਕਰਨ ਲਈ ਕਈ ਵਾਰ ਸਿਰ ਚੁੱਕੇ, ਬਲ ਧਾਰੇ, ਸਕੀਮਾਂ ਬਣਾਈਆਂ, ਪਰ ਮਾਵਾਂ ਦੀ ਮਮਤਾ, ਪਿਤਾਵਾਂ ਦੀ ਪੱਗ ਤੇ ਜੰਮਣ ਭੋਇੰ ਤੋਂ ਜਿਉਂਦੇ ਜੀਅ ਸਦਾ ਲਈ ਜਲਾਵਤਨ ਹੋ ਜਾਣ ਦੀ ਨਮੋਸ਼ੀ ਦੀਆਂ ਜੰਜ਼ੀਰਾਂ ਨੇ ਸਾਨੂੰ ਪਿੰਡ ਧਰਤੀ ਤੇ ਇਨ੍ਹਾਂ ਲੋਕਾਂ ਨਾਲ ਜੋੜੀ ਰਖਿਆ ਅਤੇ ਸਮਾਜਕ ਪਰੰਪਰਾਵਾਂ ਨੂੰ ਬਰਕਰਾਰ ਰਖਣ ਲਈ ਸਾਨੂੰ ਆਪਣਾ ਪਿਆਰ ਨਿਛਾਵਰ ਕਰਨ, ਆਤਮਿਕ ਅਹੂਤੀ ਦੇਣ ਜਿਉਂਦੀਆਂ ਲਾਸ਼ਾਂ ਬਣ ਕੇ ਜੀਣ, ਮਨ ਚਾਹੇ ਪ੍ਰੇਮੀਆਂ ਨੂੰ ਦੂਰ ਦੂਰ ਰਹਿਣ ਲਈ ਪਰੇਰਿਆ।

ਮੋਹਣੀ ਮੇਰੀ ਹਮ ਉਮਰ ਜਮਾਤਣ ਸੀ। ਪਹਿਲੀ ਤੋਂ ਲੈ ਕੇ ਦਸਵੀਂ ਜਮਾਤ ਤਕ ਅਸੀਂ ਇਕੱਠੇ ਪੜ੍ਹੇ ਸਕੂਲੀਏ ਬੱਚੇ ਹੋਣ ਕਰਕੇ ਦਸਵੀਂ ਜਮਾਤ ਤਕ ਸਾਡੇ ਆਪਣੇ ਮਨਾਂ ਵਿਚ ਕੋਈ ਹੱਲ ਚਲ ਨਾ ਹੋਈ ਤੇ ਨਾਂ ਲੋਕਾਂ ਦੀ ਸਾਡੇ ਪ੍ਰਤੀ ਅੱਖ ਮੈਲੀ ਦਿਸੀ। ਪਰ ਜਿਉਂ ਹੀ ਅਸੀਂ ਸਕੂਲ ਤੋਂ ਕਾਲਜ ਦੀਆਂ ਦਹਿਲੀਜ਼ਾਂ ਤਕ ਵਧੇ, ਸਾਡੇ ਪ੍ਰਤੀ ਸਾਡੇ ਨਾਲੋਂ ਵਧੇਰੇ ਜਮਾਨਾਂ ਬਦਲ ਗਿਆ। ਇਹ ਗਲ ਵਖਰੀ ਕਿ ਸਕੂਲ ਤੇ ਕਾਲਜ ਦੇ ਸ਼ਬਦਾਂ ਦਾ ਭਾਰ ਤੇ ਆਕਾਰ ਲਗਭਗ ਬਰਾਬਰ ਹੀ ਹੈ। ਇਹਨਾਂ ਸ਼ਬਦਾਂ ਦੇ ਮਹੱਤਵ ਤੇ ਉਚਾਈ ਢਲਾਈ ਬਾਰੇ ਸਾਨੂੰ ਉਦੋਂ ਗਿਆਨ ਹੋਇਆ ਜਦੋਂ ਸਾਡੇ ਮੇਲ ਮਿਲਾਪ ਦੀ ਗਲ ਬਾਲ ਖੇਡਾਂ ਤੋਂ ਇਕ ਦਮ ਬਦਲ ਕੇ ਲੋਕਾਂ ਦੇ ਮੂੰਹਾਂ ਵਿਚ ਉਂਗਲਾਂ ਲੈਣ ਵਾਲੀ ਗਲ ਬਣ ਗਈ। ਇਸ ਲੋਕ ਚਰਚਾ ਨੇ ਸਾਨੂੰ ਇਕ ਦੂਸਰੇ ਤੋਂ ਹੋਰ ਵੀ ਦੂਰ ਤੇ ਸੁਚੇਤ ਰਹਿ ਕੇ ਸਵੈਕਾਬੂ ਕਰਨ ਤੇ ਲੋਕ ਲਾਜ ਵਿਰਾਸਤ ਨੂੰ ਪਾਲਣ ਲਈ ਜਾਗਰਿਤ ਕਰ ਦਿਤਾ। ਆਤਿਮਕ ਤੌਰ ਤੇ ਇਕ ਹੋਣ ਵਾਲੇ ਵੀ ਅਸੀਂ ਲੋਕਾਂ ਸਾਹਮਣੇ ਮਜ਼ਬੂਰਨ ਦੋ ਹੋ ਗਏ। ਪ੍ਰਮਾਤਮਾਂ ਦੀ ਪਵਿਤਰ ਸਾਖਸੀ ਵਿਚ ਜਿੰਦਗੀਆਂ ਨੂੰ ਲਾਰਾ ਲਾ ਲਿਆ ਕਿ ਨਿਯਤ ਸਮਾਂ ਆਉਣ ਤੇ ਜ਼ਰੂਰ ਇਕ ਹੋਣ ਦਾ ਹਰ ਸੰਭਵ ਯਤਨ ਕਰਾਂਗੇ। ਹਥੋਂ ਗੁਆਚੇ ਵਕਤਾਂ ਦੇ ਨਾ ਮੁੜਨ ਵਾਂਗ ਯਤਨਬਧ ਰਹਿੰਦਿਆਂ ਵੀ ਉਹ ਸਮਾਂ ਨਾ ਆਇਆ ਤੇ ਇਕ ਹੋਣੀ ਵਾਪਰ ਗਈ। ਮੋਹਣੀ ਦੀ ਸਲਾਹ ਲਏ ਬਿਨਾਂ ਹੀ ਮਾਪਿਆਂ ਨੇ ਮੋਹਣੀ ਦਾ ਰਿਸ਼ਤਾ ਇਕ ਦਾਜ ਦੇ ਲੋਭੀ ਘਰਾਣੇ ਵਿਚ ਕਰ ਦਿਤਾ ਅਤੇ ਜਲਦੀ ਵਿਆਹ ਕਰਨ ਦਾ ਇਕਰਾਰ ਵੀ ਕਰ ਲਿਆ। ਸਾਨੂੰ ਪਤਾ ਲੱਗਣ ਤੋਂ ਵਿਆਹ ਵਾਲੇ ਦਿਨ ਤੱਕ ਮੋਹਣੀ ਨੇ ਆਪਣੇ ਮਾਂ ਬਾਪ ਦੇ ਵਾਰ ਵਾਰ ਤਰਲੇ ਕੀਤੇ ਕਿ ਮੈਂ ਬਾਲਗ ਹਾਂ ਜੇ ਮੈਂ ਚਾਹਾਂ ਤਾਂ ਤੁਹਾਡੀ ਕਰਨੀ ਤੋਂ ਬਾਗੀ ਹੋ ਸਕਦੀ ਹਾਂ ਪਰ ਮੈਂ ਅਜੇਹਾ ਕਰਨਾ ਨਹੀਂ ਚਾਹੁੰਦੀ। ਲੇਕਿਨ ਤੁਸੀਂ ਮੈਨੂੰ ਮੇਰੀ ਨਾ ਪਸੰਦ ਵਾਲੇ ਘਰੇ ਨਾ ਤੋਰੋ ਅਤੇ ਮੇਰੇ ਆਪਣੇ ਵੇਖੇ ਪਰਖੇ ਘਰ ਨਾਲ ਜੁੜਨ ਲਈ ਭਾਵੇਂ ਤੁਸੀਂ ਖੁਦ ਵਿਚ ਹੋ ਕੇ ਗਰੀਬੋ ਗਰੀਬੀ ਮੇਰੀਆਂ ਸਧਰਾਂ ਦੀ ਹਟੜੀ ਜਗਾ ਦਿਓ। ਪਰ ਹੋਇਆ ਉਹੀ ਜੋ ਅਜ ਕਲ ਦੀਆਂ ਪੜ੍ਹੀਆਂ ਲਿਖੀਆਂ ਬੇਜ਼ਬਾਨ ਧੀਆਂ ਦੇ ਅਨਪੜ੍ਹ ਮਾਪਿਆਂ ਤੋਂ ਦਗੇਬਾਜ ਸਮਾਜਕ ਵਿਚੋਲੇ ਕਰਵਾਉਂਦੇ ਹਨ। ਮੋਹਣੀ ਦਾ ਵਿਆਹ ਹੋ ਗਿਆ, ਹਾਰਿਆ ਤੇ ਬੁਝਿਆ ਨਿਰਉਤਸ਼ਾਹ ਸ਼ਰੀਰ ਲੈ ਕੇ ਬੱਧੀ ਰੁਧੀ ਉਹ ਡੋਲੀ ਚੜ ਗਈ।

ਡੋਲੀ ਚੜ੍ਹਦਿਆਂ ਮੋਹਣੀ ਦੇ ਧੁਰ ਆਤਮਾਂ ਤੋਂ ਵਿਲਕਦੇ ਹਿਰਦੇ, ਲਿਲਕੜੀਆਂ ਕੱਢ ਦੇ ਮਨ ਚੋਂ, ਕਿਸੇ ਤਪੀਏ ਸਾਧੂ ਫਕੀਰ ਦੇ ਸਰਾਪ ਵਰਗੇ ਰੋਂਦੇ ਬੋਲ ਦਰਸੀਸਾਂ ਦੀ ਮਾਲਾ ਬਣੇ, ਪਿੰਡ ਨੂੰ ਪਰਵਾਰ ਲਾ ਰਹੇ ਸਨ। ਉਸ ਦੇ ਸੁਆਲੀਏ ਹੰਝੂ ਪੱਗਾਂ ਪਰ੍ਹਿਆਂ ਤੇ ਚੌਧਰਾਂ ਪ੍ਰਧਾਨ ਪਿਤਾਵਾਂ ਤੋਂ ਪੁੱਛ ਰਹੇ ਸਨ ਕਿ ਧੀਆਂ ਵਾਲਿਓ ? ਕਿੰਨੀ ਕੁ ਦੇਰ ਹੋਰ ਮੂੰਨਾਂ ਦੀਆਂ ਡਾਰਾਂ ਨੂੰ ਪਾਲ ਪਲੋਸ ਕੇ ਤਨ ਤੇ ਧਨ ਦੇ ਭੁਖਿਆਂ ਬਘਿਆੜਾਂ ਮੂਹਰੇ ਸੁਟੀ ਜਾਉਗੇ। ਚਿਟੀ ਚੁੰਨੀ ਦੇ ਬੇਦਾਗ਼ ਆਲਣੇ ਵਿਚ ਪਾਲਣ ਵਾਲੀਏ ਅਮੜੀਏ, ਜੇ ਅਜ ਤੱਕ ਹਰ ਤੱਤੇ ਠੰਢੇ ਜਮਾਨੇ ਦੀ ਵਾਅ ਤੋਂ ਮੈਨੂੰ ਲਪੇਟ ਕੇ ਰੱਖਣ ਬਾਅਦ ਇਸੇ ਤਰ੍ਹਾਂ ਦਾਜ ਦੀ ਬਲੀ ਵਰਗੇ ਬੁਚੜਖਾਨੇ ਵਲ ਨੂੰ ਧਕਣਾ ਸੀ ਤਾਂ ਘੱਟੋ ਘੱਟ ਮੇਰੇ ਸੂਖਮ ਹਿਰਦੇ ਨੂੰ ਸਮੇਂ ਦੀਆਂ ਗਰਮ ਹਵਾਵਾਂ ਨਾਲ ਸੇਕ ਲੈਂਦੀ ! ਪਰ ਹੁਣ ਮੈਂ ਜਿਬਾਹ ਹੋਵਾਂਗੀ ਤੇ ਤੂੰ ਸਾਰੀ ਉਮਰ ਪੀੜਾਂ ਪੂਣੇਗੀ। ਕਿੰਨਾ ਚੰਗਾ ਸੀ ਜੇ ਤੁਸੀਂ ਬਿਗਾਨੇ ਘਰ ਨੂੰ ਮੂੰਹ ਮੰਗਿਆ ਦਾਜ ਦੇਣ ਦੀ ਬਜਾਇ ਮੈਨੂੰ ਮੇਰੇ ਹੱਕ ਦੇ ਦੇਂਦੇ। ਮਾਂ ਤੇਰੀ ਮਮਤਾ ਵਰਗੇ ਪਵਿਤਰ ਕੱਚ ਵਰਗੇ ਪਾਰਦਰਸ਼ੀ, ਸਾਫ ਦੂਧੀਏ ਮੇਰੇ ਜਵਾਨ ਅਰਮਾਨ, ਮੇਰੇ ਹਿਰਦੇ ਵਿਚ ਵਸੇ ਕਿਸੇ ਹਮ ਉਮਰ ਸਾਥੀ ਦੀ ਇਮਾਨਤ ਸਨ। ਪਰ ਅਜ ਨਿਰੀ ਅਮਾਨਤ ਵਿਚ ਖਿਆਨਤ ਹੀ ਨਹੀਂ ਸਗੋਂ ਪਿਆਰ ਦੀਆਂ ਸ਼ੀਤ ਪੌਣਾਂ ਵਿਚ ਪਲਰੀਆਂ ਪਾਕ-ਆਤਮਾਵਾਂ ਨੂੰ ਅਧਰੰਗ ਹੋ ਗਿਆ ਹੈ। ਬਿਗਾਨੀਆਂ ਧੀਆਂ ਨੂੰ ਹੀਰਾਂ ਬਣਾ ਕੇ ਵਰਨ ਵਾਲਿਉ ਭਰਾਵੋ ? :- ਭੈਣਾਂ ਦੀ ਅਜ਼ਾਦੀ ਵਲ ਵੀ ਝਾਕੋ ! ਸਮਾਜ ਦੇ ਜਹਾਦ ਵਿਚ ਕੁਦਣ ਲਈ ਬਰਾਬਰਤਾ ਜਾਣ ਕੇ ਭੈਣਾਂ ਦੀ ਗਿਣਤੀ ਵੀ ਕਰੋ !

ਮੋਹਣੀ ਚਲੀ ਗਈ ਤੇ ਮੈਂ ਇਸ ਨਿਰਉਤਸ਼ਾਹ ਜਿੰਦਗੀ ਨੂੰ ਇਕ ਵੀਰਾਨ ਬੀਆਬਾਨ 'ਚ ਲੈ ਵੜਿਆ। ਜਿਥੇ ਮੇਰੇ ਲਈ ਸੰਸਾਰ ਦੀ ਹਰ ਰੁਤ ਪਤਝੜ ਹੀ ਬਣ ਗਈ। ਪੜ੍ਹਾਈ ਛੁੱਟ ਗਈ, ਨੌਕਰੀ ਤੋਂ ਬੇਆਸ ਆਪਣੇ ਆਪ ਨੂੰ ਇਸ ਧਰਤੀ ਉਤੇ ਬੋਝ ਸਮਝ ਕੇ ਜਿਉਣ ਤੋਂ ਵੱਧ ਕੁਝ ਨਾ ਰਿਹਾ। ਮੋਹਣੀ ਇਕ ਸੁਸ਼ੀਲ ਕੁੜੀ ਤੋਂ ਵੱਧ ਮੇਰੀ ਇਕ ਚੰਗੀ ਗੁਆਂਢਣ ਸਾਥਣ ਵੀ ਸੀ। ਸਾਡਾ ਪਿੰਡ ਇਕ, ਗੋਤ ਵਖਰੇ ਵਖਰੇ ਸਨ ਅਸੀਂ ਇਕ ਦੂਸਰੇ ਨੂੰ ਜਾਨਣ ਤੋਂ ਵੱਧ ਸਮਝ-ਪਾ ਗਏ ਸਾਂ। ਅਸੀਂ ਸਮਾਂ ਮਿਲਣ ਤੇ ਇਕ ਦੂਸਰੇ ਨੂੰ ਮਿਲਦੇ ਰਹੇ ਪਰ ਇਕ ਦੂਸਰੇ ਤੋਂ ਅਛੋਹ ਰਹਿ ਕੇ ਜਿੰਦਗੀਆਂ ਦੇ ਪਾਸੇ ਥਲਦੇ ਸਾਂ। ਕਿਤਾਬੀ ਪੜ੍ਹਾਈ ਦੇ ਨਾਲ ਨਾਲ ਸਮਾਜੀ ਹੋਂਦ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਰਹੇ। ਬਿਨ੍ਹਾਂ ਕਿਸੇ ਹੱਥ ਲਿਖਤ ਤਸਦੀਕ ਵਸੀਅਤ ਨਾਮੇ ਦੇ ਅਸੀਂ ਇਕ ਦੂਸਰੇ ਦੀਆਂ ਅੱਖਾਂ ਰਾਹੀਂ ਜੀਵਨ ਬਧ ਸਾਂਝੇ ਸਫਰੀ ਬਣਨ ਦੇ ਹਾਮੀ ਹੋ ਗਏ ਸਾਂ। ਪਰ ਜਦੋਂ ਤੋਂ ਮੋਹਣੀ ਨੂੰ ਧਿੰਗੋਜ਼ੋਰੀ ਮਾਪਿਆਂ ਨੇ ਮੈਥੋਂ ਵਖ ਕਰ ਦਿਤਾ ਸੀ ਆਪਣੀ ਥਾਂ ਉਤੇ ਖੁਸ਼ ਤੇ ਸੁਖੀ ਤਾਂ ਉਹ ਵੀ ਨਹੀਂ ਸੀ ਪਰ ਮੈਂ ਤਾਂ ਅਸਲੋਂ ਹੀ ਹਾਰੇ ਹੋਏ ਜੁਆਰੀਏ ਦੀ ਤਰ੍ਹਾ ਬੇਸੁਧ ਬਾਵਲਾ ਜਿਹਾ ਹੋਇਆ ਦਿਨ ਕਟ ਰਿਹਾ ਸਾਂ। ਪੋਸਤੀ ਦੀ ਪੀਨਕ ਵਾਂਗ ਜ਼ਿਥੇ ਬੈਠ ਜਾਣਾ ਬੈਠੇ ਰਹਿਣਾ, ਖਾਣ ਪੀਣ ਵਲੋਂ ਬੇਫਿਕਰ, ਮਨ ਆਏ ਖਿਆਲਾਂ ਨੂੰ ਉਂਗਲਾਂ ਨਾਲ ਮਿਟੀ ਉਤੇ ਲਿਖ ਲਿਖ ਮਿਟਾਈ ਜਾਣਾ। ਭਾਵ ਕਿ ਨਾ ਭਵਿਖ ਨਾਲ ਕੋਈ ਲਗਾਉ ਰਿਹਾ ਤੇ ਨਾ ਵਰਤਮਾਨ ਵਿਚ ਦਿਲ-ਚਸਪੀ।

ਸਹੁਰਿਆਂ ਵਲੋਂ ਮੋਹਣੀ ਦੇ ਵਿਆਹ ਮਗਰਲੇ ਚਾਰ ਪੰਜ ਮਹੀਨੇ ਚੰਗੇ ਅੰਗਾਂ ਸਾਕਾਂ 'ਚ ਆਵਾਜਾਈ ਅਤੇ ਸਜਰੀਆਂ ਸਜਰੀਆਂ ਪੇਕੇ ਸੁਹਰੇ ਫੇਰੀਆਂ ਵਿਚ ਲੰਘ ਗਏ ਤੇ ਫੇਰ ਹੌਲੀ ਹੌਲੀ ਤਲਖੀਆਂ ਦਾ ਬੀਜ ਮੋਹਣੀ ਦੇ ਵਿਹੜੇ ਵੀ ਪੁੰਗਰ ਪਿਆ। ਗਲ ਗਲ ਤੋਂ ਘਰ 'ਚ ਨੋਕਾ ਟੋਕੀ ਸੱਸ ਤੇ ਨਨਾਣਾਂ ਵਲੋਂ ਦਾਜ ਦੀ ਘਾਟ ਪ੍ਰਤੀ ਤਾਹਨੇ ਮਿਹਣੇ, ਪਤੀ ਵਲੋਂ ਮਾਂ ਤੇ ਭੈਣਾਂ ਦੀ ਚੁੱਕ 'ਚ ਆ ਕੇ ਦੂਜੇ ਚੌਥੇ ਦਿਨ ਛਿਤਰ ਪੋਲਾ ਸ਼ੁਰੂ ਹੋ ਗਿਆ। "ਪੰਜਾਬ ਵਿਚ ਖਾਨਦਾਨੀ ਧੀਆਂ ਪੁੱਤਰਾਂ ਦਾ ਸਮਾਜੀ ਸਿਰੜ ਵੀ ਸਾਡੇ ਇਤਿਹਾਸਕ ਕੌਮੀ ਸ਼ਹੀਦਾਂ ਦੇ ਸਬਰ ਨਾਲੋਂ ਕੋਈ ਘੱਟ ਨਹੀਂ ਹੁੰਦਾ।" ਮੋਹਣੀ ਦੀ ਮਲੂਕ ਜਿੰਦ ਨੂੰ ਸੋਚਾਂ ਤੇ ਮਾਰਾਂ ਦੇ ਚੁੰਬਕ ਚਿੰਬੜ ਗਏ। ਨਿਤ ਨਵੇਂ ਬੋਲਾਂ ਕਬੋਲਾਂ ਤੇ ਤਸੀਹਿਆਂ ਨਾਲ ਹੋਰ ਗੁਪਤ ਦਾਜ ਲਿਆਉਣ ਲਈ ਉਸ ਦੇ ਤਨ ਮਨ ਨੂੰ ਕੋਹਿਆ ਜਾਂਦਾ। ਸਹੁਰਿਆਂ ਵਲੋਂ ਸਤਾਈ ਪੇਕੇ ਆ ਜਾਂਦੀ ਪਰ ਆਪਣਾ ਆਪ ਪਿੰਜ ਕੇ ਮੁੜ ਜਾਂਦੀ। ਮਾਂ ਦੀ ਅੱਖ ਚੋਣ ਤੋਂ ਡਰਦੀ ਦਰਦਾਂ ਦੀ ਗੰਢ ਨਾ ਖੋਲਦੀ। ਪਿੰਡ ਆਈ ਮੋਹਣੀ ਨੂੰ ਮੈਂ ਹਮੇਸ਼ਾਂ ਮਿਲਣ ਦੀ ਬਜਾਇ ਉਸ ਦਾ ਮੂੰਹ ਵੇਖਣ ਲਈ ਉਤਸੁਕਤ ਰਹਿੰਦਾ ਤਾਂ ਕਿ ਆਪਣੇ ਜੀਵਨ ਦੇ ਦੂਜੇ ਰੁਖ ਦੀਆਂ ਖੁਸ਼ੀਆਂ ਗ਼ਮੀਆਂ ਭਾਂਪ ਸਕਾਂ। ਕੋਠੀ ਲਾਗੇ ਕਾਤਲ ਦੀ ਤਰ੍ਹਾਂ ਮੋਹਣੀ ਸਾਡੇ ਪਿੰਡ ਪੇਕੇ ਘਰ ਚਾਰ ਦਿਨ ਚਾਨਣੀ ਮਾਣ ਕੇ ਫੇਰ ਜੀਵਨ ਹਨੇਰੇ ਦੀ ਕਾਲ ਕੋਠੜੀ ਵਲ ਕਦਮ ਵਧਾ ਜਾਂਦੀ। ਮਾਪਿਆਂ ਦੀ ਗਰੀਬੀ ਨੂੰ ਕੁੰਲਜਣ ਨਾਲੋਂ ਸਹੁਰਿਆਂ ਦਾ ਤਸ਼ਦਦ ਹੱਡੀ ਸਹਿਣਾ ਉਹ ਆਪਣਾ ਧਰਮ ਸਮਝਦੀ ਪਰ ਸਬਰ ਦੀ ਪੁਤਲੀ ਕਿੰਨਾ ਕੁ ਚਿਰ ਘਣ ਬਣੀ ਸੱਟਾ ਸਹਿੰਦੀ ਰਹਿੰਦੀ। ਦਾਜ ਦੀ ਸੀਖ ਤੋਂ ਵਧ ਕੇ ਇਕ ਹੋਰ ਸਹੁਰਿਆਂ ਦੀ ਊਂਝ ਜਿਹੜੀ ਮੋਹਣੀ ਦੀ ਆਤਮਾ ਨੂੰ ਬਿਜਲੀ ਦੇ ਕਰੰਟ ਵਾਂਗ ਝੁਲਸ ਕੇ ਸੁਟ ਗਈ, ਉਹ ਸੀ ਮੋਹਣੀ ਦੇ ਚਰਿਤਰ ਉਤੇ ਕਿਸੇ ਪਾਪ ਦੀ ਮੋਹਰ ਅਣਜਾਣੇ ਨਾਮ ਦੀ ਗੋਂਦ !! ਇਨ੍ਹਾਂ ਧੁਖਦੇ ਕੋਲਿਆਂ ਵਰਗੇ ਸ਼ਬਦਾਂ ਨੇ ਮੋਹਣੀ ਦੇ ਸਬਰ ਪਿਆਲੇ ਨੂੰ ਉਛਾਲ ਦਿਤਾ। ਸਾਲਾਂ ਬਧੀ ਸਿਰੜ ਰਖ ਕੇ ਜਿਉਣ ਵਾਲੀ ਮੋਹਣੀ ਦਿਲਾਂ ਵਿਚ ਹੀ ਹਾਰ ਗਈ। ਸਬਰ ਦੀ ਧਾਰ ਹੇਠੋਂ ਨਿਕਲ ਕੇ ਸਾਰੇ ਟੱਬਰ ਦੇ ਜ਼ੁਲਮ ਸਾਹਮਣੇ ਡਟ ਗਈ ਜਵਾਬੀ ਕਾਰਵਾਈ ਲਈ ਮੂੰਹ ਖੋਹਲ ਲਿਆ ਆਪਣੇ ਸਤ ਉਤੋਂ ਜਾਨ ਵਾਰਨ ਉਤੇ ਤੁਲ ਗਈ। ਆਖਰ ਹਾਲਾਤ ਉਸੇ ਹੱਦ ਤੱਕ ਅਪੜ ਗਏ। ਇਕ ਰਾਤ ਮੋਹਣੀ ਆਪਣੀ ਸੱਸ ਨਨਾਣਾਂ ਅਤੇ ਖਸਮ ਦੇ ਅਣਮਨੁੱਖੀ ਤਸੀਹਿਆਂ ਹੇਠ ਦੱਬ ਕੇ ਗੁਝੀਆਂ ਮਾਰਾਂ ਖਾਂਦੀ ਮਰ ਗਈ। ਸਵੇਰ ਨੂੰ ਥਾਂ ਥਾਂ ਤੋਂ ਫਿਸੇ ਸਰੀਰ ਉਤੇ ਮਿੱਟੀ ਦਾ ਤੇਲ ਸੁੱਟ ਕੇ ਅਧ ਝੁਲਸਿਆ ਕਰਕੇ ਸਟੋਵ ਫਟਣ ਦਾ ਕੇਸ ਬਣਾਇਆ ਹੋਇਆ ਸੀ। ਠੰਢੇ ਹੋਏ ਸਰੀਰ ਪਿਛੋਂ ਡੁੱਲੇ ਤੇਲ, ਉਲਟਾਏ ਸਟੋਵ ਦੀ ਕਹਾਣੀ ਚੋਂ ਸੱਚ ਵਖਰਾ ਚਮਕ ਰਿਹਾ ਸੀ। ਮੋਹਣੀ ਦੇ ਅਧ ਜਲੇ ਮੂੰਹ ਉਪਰ ਪਾਣੀ ਦੇ ਕਤਰੇ ਛਾਲਿਆਂ ਚੋਂ ਨੁਚੜ ਨੁਚੜ ਵਗੇ ਆਪਣੇ ਰਾਹੀਂ ਵਖਰੇ ਹੀ ਖੜੇ ਦਿਸਦੇ ਸਨ ਤੇ ਉਸ ਦੀਆਂ ਅੱਖਾਂ ਚੋਂ ਨਿਕਲੇ ਹੋਏ ਦੋ ਆਖਰੀ ਹੰਝੂ ਮੋਹਣੀ ਦਾ ਆਖਰੀ ਸੰਦੇਸ਼ ਲੋਕਾਂ ਨੂੰ ਦੇ ਰਹੇ ਸਨ !

ਮੋਹਣੀ ਦੀ ਮੌਤ ਦਾ ਪਿੰਡ 'ਚ ਸੁਨੇਹਾ ਆਉਣ ਤੇ ਸਸਕਾਰ ਵਜੋਂ ਜਾਣ ਲਈ ਪਿੰਡ ਦੀ ਹਰ ਹਮਦਰਦ ਅਖ ਵਗ ਪਈ। ਉਸ ਦੇ ਮਾਪੇ ਘਰ ਰੋਣੇ ਧੋਣੇ ਸ਼ੁਰੂ ਹੋ ਗਏ। ਪਿੰਡ ਚੋਂ ਇਕ ਸੋਗੀ ਕਾਫਲਾ ਮੋਹਣੀ ਦੇ ਘਰ ਜੁੜ ਗਿਆ। ਪੱਕੀ ਸੜਕੋਂ ਪਿੰਡ ਦੂਰ ਹੋਣ ਕਰਕੇ ਆਵਾਜਾਈ ਦਾ ਕੋਈ ਯੋਗ ਸਾਧਨ ਨਹੀਂ ਸੀ। ਗੱਡੀ ਬਸ ਫੜਨ ਲਈ ਸਮੇਂ ਅਤੇ ਸਫਰ ਵਿਚ ਬਹੁਤ ਵਲੇਵਾਂ ਪੈਂਦਾ ਸੀ। ਮੋਹਣੀ ਦੇ ਪਰੀਵਾਰ ਚੋਂ ਕਿਸੇ ਦੇ ਕਹਿਣ ਤੇ ਮੈਨੂੰ ਟਰੈਕਟਰ ਲੈ ਕੇ ਨਾਲ ਜਾਣਾ ਪਿਆ। ਪੇਕਿਆਂ ਦੇ ਆਉਣ ਤੇ ਸਹੁਰਿਆਂ ਦੇ ਸਥਰ ਵਲੋਂ ਕੁੜੀ ਦਾ ਮੂੰਹ ਦਿਖਾਉਣ ਲਈ ਕਪੜਾ ਚੁਕਿਆ ਗਿਆ। ਮੌਤ ਬਾਰੇ ਤਾਂ ਪੇਕਿਆਂ ਨਾਲੋਂ ਸਹੁਰੇ ਪਿੰਡ ਦੇ ਲੋਕ ਪਹਿਲਾਂ ਹੀ ਅਨੁਮਾਨ ਲਗਾਈ ਬੈਠੇ ਸਨ ਪਰ ਉਸ ਵੇਲੇ ਤਾਂ ਕਿਸੇ ਲਾਹਨਤ ਹੇਠ ਸਿਰ ਦੇਣ ਲਈ ਵੇਲਾ ਉਡੀਕ ਰਹੇ ਸਨ ਅਜੇ ਇਕ ਸਾਲ ਹੋਇਆ ਏਹੋ ਦੋਵੇਂ ਧਿਰਾਂ ਤੇ ਪਿੰਡ ਪੰਚਾਇਤਾਂ ਹਾਸਿਆਂ ਵਿਚ ਜੁੜੇ ਖੁਸ਼ੀਆਂ ਵਿਚ ਮਸਤ ਜਿਸ ਲਾਹਨਤ ਦਾ ਸਿਰ ਪਲੋਸ ਰਹੇ ਸਨ ਅਜ ਦੇ ਹੰਝੂ ਉਹ ਲਾਹਨਤ ਨੂੰ ਧੋਣ ਲਈ ਕਾਫੀ ਨਹੀਂ ਰਹੇ !

ਮੋਹਣੀ ਦੀਆਂ ਅੱਖਾਂ ਵਿਚ ਅਟਕੇ ਹੋਏ ਉਹੀ ਦੋ ਦੂਧੀਏ ਹੰਝੂ ਇਸ ਗਲ ਦੇ ਸੰਦੇਸ਼ਕ ਸਨ ਕਿ :- ਐ ਦੁਨੀਆਂ ਵਾਲਿਉ :- ਮੇਰੇ ਵਰਗੀਆਂ ਮਸੂਮ ਨਿਰਦੋਸ਼ ਜਿੰਦਾਂ ਦੇ ਚਰਿਤਰ ਉਤੇ ਜਿੰਨੇ ਮਰਜੀ ਧੱਬੇ ਲਾ ਲਾ ਸਾੜੋ ! ਚਾਹੇ ਜਿੰਨੀਆਂ ਮਰਜੀ ਬੇਰਹਿਮੀਆਂ ਨਾਲ ਕੋਹ ਕੋਹ ਮਾਰਨ ਉਪਰੰਤ ਮਨਘੜਤ ਕਹਾਣੀਆਂ ਬਣਾਉ ਸਾਡਾ ਪਵਿਤਰ ਸਤ ਬੇਦਾਗ ਹੀ ਰਹੇਗਾ ਅਤੇ ਜੇ ਤੁਹਾਡੇ ਦਾਜ਼ ਦੀ ਭੁੱਖ ਸਾਡੀਆਂ ਹੋਣੀਆਂ ਨਾਲ ਘਟਦੀ ਹੈ ਤਾਂ ਮਾਰੀ ਚਲੋ ਬਿਗਾਨੀਆਂ ਨਿਰਦੋਸ਼ ਧੀਆਂ ! ਪ੍ਰਮਾਤਮਾ ਦੀ ਹਜ਼ੂਰੀ 'ਚ ਬੈਠ ਕੇ ਪਰਮ ਧਰਮ ਕਰਕੇ ਲਾਵਾਂ ਲੈਣ ਵਾਲਿਉ ਸਾਡੀ ਮੌਤ ਉਪਰੰਤ ਤੁਹਾਡੀ ਆਤਮਾਂ ਵੀ ਸ਼ਾਂਤ ਨਹੀਂ ਰਹੇਗੀ। ਸਾਡੇ ਨਿਰਦੋਸ਼ੀਆਂ ਦੇ ਹੰਝੂ ਤੁਹਾਡੀ ਨੀਂਦ ਚੈਨ ਹਰਾਮ ਕਰ ਦੇਣਗੇ ਤਾਂ ਕਿਸੇ ਰੋਜ਼ ਵਧਿਆ ਹੋਇਆ ਇਨ੍ਹਾਂ ਹੰਝੂਆਂ ਦਾ ਆਕਾਰ ਪਰਲੋ ਦੇ ਤੂਫਾਨਾਂ ਵਿਚ ਬਦਲ ਜਾਏਗਾ !

## ਸ਼ਿਵ ਕੁਮਾਰ ਬਟਾਲਵੀ ਦੇ ਨਾਂ ਤੇ ਕਿਤਾਬ ਰਿਲੀਜ਼

ਫਿਰੋਜ਼ਪੁਰ — ਸਥਾਨਕ ਮਾਲਵਾ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਖੇ ਪੰਜਾਬੀ ਲਿਖਾਰੀ ਸਭਾ ਵਲੋਂ ਪੁਸਤਕ ਰਿਲੀਜ਼ ਸਮਾਗਮ ਕੀਤਾ ਗਿਆ। ਇਸ ਮੌਕੇ ਤੇ ਮੁਖ ਮਹਿਮਾਨ ਸ੍ਰੀ ਰਾਜ ਕੁਮਾਰ ਪ੍ਰਿੰਸੀਪਲ ਮਾਲਵਾ ਖਾਲਸਾ ਹਾਇਰ ਸੈਕੰਡਰੀ ਸਕੂਲ ਨੇ ਸਭਾ ਦੇ ਮੈਂਬਰ ਸ੍ਰੀ ਹਰੀਸ਼ ਗਰੋਵਰ ਦੀ ਪੰਜਾਬੀ ਦੇ ਉਘੇ ਕਵੀ ਮਰਹੂਮ ਸ਼ਿਵ ਕੁਮਾਰ ਬਟਾਲਵੀ ਦੇ ਨਾਂ ਪੁਸਤਕ 'ਸ਼ਰਧਾਂਜਲੀ' ਰਿਲੀਜ਼ ਕੀਤੀ ਹੈ, ਅਤੇ ਭਾਸ਼ਨ ਵਿਚ ਸਾਹਿਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਅਜ ਕੱਲ ਦੇ ਮਾਹੌਲ ਤੇ ਵੀ ਲਿਖਣ ਤਾਂ ਜੋ ਆਪਸੀ ਭਾਈਚਾਰੇ ਅਤੇ ਫਿਰਕੂ ਸਦਭਾਵਨਾ ਤੇ ਅਮਨ ਦੀ ਕਾਇਮੀ ਰਹੇ।


INCOME TAX
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254

## ਇੰਦਰਾ ਗਾਂਧੀ ਦਾ ਕਤਲ

# ਕਿਉਂ ਤੇ ਕਿਸ ਹੱਥੋਂ?



ਉੱਜਲ ਦੁਸਾਂਝ

ਜੂਨ 1984 ਦੀਆਂ ਘਟਨਾਵਾਂ ਅਤੇ ਨਵੰਬਰ 1984 ਦੇ ਕਤਲੇਆਮ ਨਾਲ ਭਾਰਤ ਦੀ ਅਖੰਡਤਾ ਪੁਰ ਉਤਨੀ ਹੀ ਸੱਟ ਵੱਜੀ ਜਿੰਨੀ ਇੰਦਰਾ ਗਾਂਧੀ ਦੇ ਕਤਲ ਨਾਲ ਸਿੱਖ ਕਮਿਊਨਿਟੀ ਦੇ ਵਾਕਾਰ ਉਪਰ। ਕਤਲ ਕਿਉਂ ? ਕਿਸ ਤਰਾਂ ਅਤੇ ਕਿਸੇ ਦੇ ਹੱਥੋਂ ? ਇਹ ਤਿੰਨ ਸਵਾਲ ਹਨ ਜਿਹਨਾਂ ਦਾ ਨਵੰਬਰ 1984 ਅਤੇ ਜੇ ਸੱਚ ਪੁੱਛੋ ਤਾਂ ਜੂਨ 1984 ਤੋਂ ਹੀ ਚਰਚਾ ਹੋ ਰਿਹਾ ਹੈ। ਇੰਦਰਾ ਦੇ ਕਤਲ ਤੋਂ ਪਹਿਲਾਂ ਬਹੁਤ ਸਾਰੇ ਅਤਿਵਾਦੀ ਅਤੇ ਵੱਖਵਾਦੀ ਉਸਦੇ ਕਤਲ ਦੀ ਭਵਿਖਬਾਣੀ ਕਰਦੇ ਅਤੇ ਕਤਲ ਕਰਨ ਦੇ ਦਮਗਜੇ ਮਾਰਦੇ ਸੁਣੇ ਗਏ। ਬਾਹਰ ਵਸਦੇ ਸਿੱਖਾਂ ਦੀ ਬਹੁਗਿਣਤੀ ਇੰਦਰਾ ਤੋਂ ਗੁੱਸੇ ਤਾਂ ਸੀ — ਪਰ ਇਹ ਸਮਝਦੀ ਸੀ ਕਿ ਉਸ ਦੇ ਕਤਲ 'ਚ ਸਿੱਖਾਂ ਦਾ ਭਲਾ ਨਹੀਂ। ਸਿੱਖਾਂ ਦਾ ਭਲਾ ਸ਼ਾਂਤੀ ਪਸੰਦ ਤਰੀਕਿਆਂ ਰਾਹੀਂ ਮੁੜ ਆਪਦਾ ਵਾਕਾਰ ਬਹਾਲ ਕਰਨ ਵਿਚ ਹੈ। ਪਰ ਕੁੱਝ ਅੰਸ਼ ਚਾਹੁੰਦੇ ਸਨ ਕਿ ਉਸਦਾ ਕਤਲ ਹੋਵੇ ਅਤੇ ਭਵਿਖ ਬਾਣੀ ਕਰਦੇ ਸਨ ਇਸ ਵਾਰੇ। ਸੋ ਦੁਨੀਆਂ ਦੇ ਮੀਡੀਏ ਅਤੇ ਭਾਰਤ ਦੀ ਪ੍ਰੈਸ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ — ਇੰਦਰਾ ਦੇ ਕਤਲ ਤੋਂ ਬਾਅਦ — ਕਿ ਇਹ ਕਾਰਨਾਮਾ ਸਿੱਖ ਵੱਖਵਾਦੀਆਂ ਅਤੇ ਅਤਿਵਾਦੀਆਂ ਦਾ ਸੀ। ਅਤੇ ਵੱਖਵਾਦੀ ਖੜਪੰਚਾਂ ਨੇ ਬਾਹਰਲੇ ਮੁਲਕਾਂ 'ਚ ਭੰਗੜੇ ਪਾ ਪਾ ਕੇ ਇਸ ਕਤਲ ਦਾ ਇਲਜ਼ਾਮ ਸਾਰੀ ਸਿੱਖ ਬਰਾਦਰੀ ਦੇ ਨਾਮ ਮੜ੍ਹ ਦਿੱਤਾ। ਭੰਗੜੇ ਪਾਉਣ ਵਾਲਿਆਂ ਅਤੇ ਨਾਹਰੇ ਲਗਾਉਣ ਵਾਲਿਆਂ ਨੇ ਇਹ ਨਹੀਂ ਸੋਚਿਆ ਕਿ ਇਸ ਕਤਲ ਦੇ ਪਿਛੇ ਅੰਤਰਰਾਸ਼ਟਰੀ ਹੱਥ ਵੀ ਹੋ ਸਕਦਾ ਹੈ। ਮੁਲਕ ਦੇ ਅੰਦਰਲੀਆਂ ਉਹ ਤਾਕਤਾਂ ਜਿਹੜੀਆਂ ਇੰਦਰਾ ਦਾ ਸਫਾਇਆ ਕਦ ਤੋਂ ਹੀ ਕਰ ਦੇਣਾ ਚਾਹੁੰਦੀਆਂ ਸਨ — ਉਹ ਭੀ ਇਸ ਕਤਲ ਦੀਆਂ ਜ਼ਿੰਮੇਵਾਰ ਹੋ ਸਕਦੀਆਂ ਸਨ। ਹੋ ਸਕਦਾ ਹੈ ਕਿ ਸਤਵੰਤ ਅਤੇ ਬੇਅੰਤ ਦਾ ਇਸ ਕਤਲ ਨਾਲ ਦੂਰ ਦਾ ਵੀ ਵਾਸਤਾ ਨਾ ਹੋਵੇ ਸਿਵਾਏ ਇਸ ਤੋਂ ਕਿ ਉਹ ਉਸ ਵੇਲੇ ਡਿਊਟੀ ਪੁਰ ਸਨ ਅਤੇ ਅਸਲੀ ਕਾਤਲਾਂ ਨੇ ਅਤਿਵਾਦੀਆਂ ਅਤੇ ਵੱਖਵਾਦੀਆਂ ਦੇ ਦਮਗਜ਼ਿਆਂ ਨੂੰ ਮਿਲੀ ਪਬਲੀਸਿਟੀ ਵਰਤਕੇ ਕਤਲ ਸਤਵੰਤ ਅਤੇ ਬੇਅੰਤ ਦੇ ਸਿਰ ਮੜ੍ਹਨਾ ਚਾਹਿਆ ਹੋਵੇ।

ਨਵੰਬਰ 1, 1984 ਤੋਂ ਲੈ ਕੇ ਹੁਣ ਤੱਕ ਇੰਦਰਾ ਕਤਲ ਕਾਂਡ ਦੇ ਸਬੰਧ ਵਿਚ ਜੋ ਜਾਣਕਾਰੀ ਅਤੇ ਰਾਵਾਂ ਸਾਹਮਣੇ ਆਈਆਂ ਹਨ ਉਹਨਾਂ ਨਾਲ ਇਹੋ ਜਿਹੀਆਂ ਸ਼ੱਕਾਂ ਹੋਰ ਪੱਕੀਆਂ ਹੋਈਆਂ ਅਤੇ ਵਧੀਆ ਹੀ ਹਨ — ਘਟੀਆਂ ਜਾਂ ਕਮਜ਼ੋਰ ਨਹੀਂ ਹੋਈਆਂ। ਸਤਵੰਤ ਅਤੇ ਦੂਸਰੇ ਦੋ ਵਿਅਕਤੀਆਂ ਨੇ ਭੀ ਅਪੀਲਾਂ ਫਾਈਲ ਕਰ ਦਿੱਤੀਆਂ ਹਨ। ਬਹੁਤ ਸਾਰੇ ਸਵਾਲ ਹਨ ਜਿਹਨਾਂ ਦਾ ਜਵਾਬ ਇਸ ਸਾਰੇ ਕੇਸ ਦੀ ਸੁਣਵਾਈ ਅਤੇ ਫੈਸਲੇ ਤੋਂ ਨਹੀਂ ਮਿਲਦਾ। ਜਿਹੜੀਆਂ ਗੱਲਾਂ ਇਸ ਸਾਰੇ ਕੇਸ ਵਾਰੇ ਇਕ ਸਧਾਰਨ ਵਿਅਕਤੀ ਦੀ ਸੋਚ ਵਿਚ ਰੜਕਦੀਆਂ ਹਨ ਅਸੀਂ ਉਹਨਾਂ ਬਾਰੇ ਸੰਖੇਪ ਸ਼ਬਦਾਂ ਵਿਚ ਲਿਖਾਂਗੇ।

1. ਜਦੋਂ ਇਹ ਕਤਲ ਹੋਇਆ ਦੱਸਿਆ ਜਾਂਦਾ ਹੈ ਉਸ ਵਕਤ ਮਿਸਜ਼ ਗਾਂਧੀ ਪੀਟਰ ਉਸਤੀਕੋਵ ਨੂੰ ਮਿਲਣ ਲਈ ਪੈਦਲ ਜਾ ਰਹੀ ਸੀ ਅਤੇ ਉਸਤੀਕੋਵ ਅਤੇ ਉਸ ਦਾ ਸਾਰਾ crew ਕੈਮਰੇ ਆਦਿ ਸੈੱਟ ਕਰਕੇ ਬੈਠੇ ਸਨ। ਇਸ ਗੱਲ ਦੀ ਹੈਰਾਨੀ ਹੈ ਉਸ ਦੇ ਕੈਮਰੇ ਆਦਿ ਕਤਲ ਤੋਂ ਬਾਅਦ ਖੋਹ ਕੇ ਪੁਲੀਸ ਆਦਿ ਨੇ ਆਪਣੇ ਕਬਜ਼ੇ 'ਚ ਕਰ ਲਏ ਸਨ ਅਤੇ ਫਿਲਮ ਆਦਿ ਸਾਰੀ ਕੱਢ ਕੇ ਵਾਪਸ ਦਿੱਤੇ ਸਨ। ਇਸ ਗੱਲ ਦੀ ਅੱਜ ਤੱਕ ਪੁਸ਼ਟੀ ਨਹੀਂ ਹੋਈ ਕਿ ਉਸ ਫਿਲਮ ਤੇ ਕੀ ਸੀ, ਜਾਂ ਬਿਲਕੁਲ ਕੁਝ ਨਹੀਂ ਸੀ ? ਜੇ ਸੀ ਤਾਂ ਉਹ ਕਚਹਿਰੀ 'ਚ ਪੇਸ਼ ਕਿਉਂ ਨਹੀਂ ਕੀਤਾ ਗਿਆ। ਮੁਲਕ ਦੀ ਪ੍ਰਧਾਨ ਮੰਤਰੀ ਦਾ ਕਤਲ ਹੋਇਆ ਹੋਵੇ — ਲਾਗੇ ਖੜੇ ਕੈਮਰਾਂ ਮੈਨਾਂ ਨੇ ਘੱਟ ਤੋਂ ਘੱਟ ਗੋਲੀਆਂ ਦੀ ਆਵਾਜ਼ ਸੁਣਨ ਤੋਂ ਬਾਅਦ ਜ਼ਰੂਰ ਹਫੜਾ ਦਫੜੀ, ਗੋਲੀਆਂ ਵਾਲੀ ਅਤੇ ਮਿਸਜ਼ ਗਾਂਧੀ ਦੇ ਡਿਗਣ ਵਾਲੀ ਜਗ੍ਹਾ ਆਦਿ, ਮਿਸਜ਼ ਗਾਂਧੀ ਨੂੰ ਕਾਰ 'ਚ ਪਾਏ ਜਾਣ ਅਤੇ ਕਾਰ ਦੇ ਚਲਦੇ ਸਮੇਂ ਦੀ, ਅਤੇ ਉਥੇ ਉਸ ਵਕਤ ਕੌਣ ਕੌਣ ਕਿਹੜੇ ਹਾਲਤ 'ਚ ਹਾਜ਼ਰ ਸੀ, ਇਸ ਸਭ ਕੁਝ ਦੀ ਫੋਟੋ ਜਾਂ ਫਿਲਮ ਆਦਿ ਲਈ ਹੋਵੇ —। ਜੇ ਲਈ ਸੀ ਤਾਂ ਉਹ ਅੱਜ ਤਾਈਂ ਦਿਖਾਈ ਕਿਉਂ ਨਹੀਂ ਗਈ ?

2. ਕਤਲ ਤੋਂ ਬਾਅਦ ਖਬਰਾਂ 'ਚ ਇਹ ਕਿਹਾ ਗਿਆ ਸੀ ਕਿ ਸਤਵੰਤ ਅਤੇ ਬੇਅੰਤ ਨੇ ਆਪਣੇ ਆਪ ਨੂੰ ਪੁਲੀਸ ਹਿਰਾਸਤ ਵਿਚ ਦੇ ਦਿਤਾ ਸੀ। ਫਿਰ ਪਤਾ ਲੱਗਾ ਕਿ ਹਿਰਾਸਤ ਵਿਚ ਸਤਵੰਤ ਅਤੇ ਬੇਅੰਤ ਨੇ ਰਾਖਿਆਂ ਨਾਲ ਸਰੀਰਕ ਜੱਦੋ ਜਹਿਦ ਸ਼ੁਰੂ ਕਰ ਦਿੱਤੀ ਅਤੇ ਇਸ ਭੱਜ ਦੌੜ ਵਿਚ ਬੇਅੰਤ ਮਾਰਿਆ ਗਿਆ ਅਤੇ ਸਤਵੰਤ ਸਖਤ ਜ਼ਖਮੀ ਹੋ ਗਿਆ। ਜੇ ਸਤਵੰਤ ਅਤੇ ਬੇਅੰਤ ਨੇ ਆਤਮ ਸਮਰਪਣ ਕਰ ਦਿੱਤਾ ਤਾਂ ਉਹ ਖਾਲੀ ਹੱਥੀਂ ਇਨ੍ਹਾਂ ਖਤਰਾ ਤਾਂ ਨਹੀਂ ਸਨ ਪੈਦਾ ਕਰ ਸਕਦੇ ਕਿ ਉਹਨਾਂ ਨੂੰ ਮਾਰੇ ਜਾਣ ਤੱਕ ਨੌਬਤ ਪਹੁੰਚ ਜਾਵੇ। ਇਹ ਜਦੋ ਜਹਿਦ ਅਤੇ ਭੱਜ ਦੌੜ ਵਾਲੀ ਗੱਲ ਇਸ ਕਰਕੇ ਵਿਸ਼ਵਾਸ਼ ਯੋਗ ਨਹੀਂ ਜਾਪਦੀ। ਇੰਝ ਮਹਿਸੂਸ ਹੁੰਦਾ ਹੈ ਕਿ ਜਾਂ ਤਾਂ ਸਤਵੰਤ ਅਤੇ ਬੇਅੰਤ ਨੇ ਕਤਲ ਕੀਤਾ ਹੀ ਨਹੀਂ ਅਤੇ ਉਹਨਾਂ ਦੇ ਨਾਮ ਇਹ ਇਲਜ਼ਾਮ ਮੜ੍ਹ ਕੇ ਉਹਨਾਂ ਨੂੰ ਮਾਰਨ ਦੀ ਸਕੀਮ ਬਣਾਈ ਗਈ ਤਾਂ ਕਿ ਕਤਲ ਦੀ ਅਸਲੀਅਤ ਸਾਹਮਣੇ ਨਾ ਆ ਸਕੇ ਨਾਲ ਭੀ ਇਹ ਭੀ ਮਹਿਸੂਸ ਹੁੰਦਾ ਹੈ ਕਿ ਸਤਵੰਤ ਅਤੇ ਬੇਅੰਤ ਨੇ ਹੋ ਸਕਦਾ ਹੈ ਆਤਮ ਸਮਰਪਣ ਨਾ ਕੀਤਾ ਹੋਵੇ ਅਤੇ ਉਹਨਾਂ ਤੇ ਕਾਬੂ ਪਾਉਣ ਲਈ ਉਹਨਾਂ ਪੁਰ ਗੋਲੀਆਂ ਚਲਾਈਆਂ ਗਈਆਂ ਹੋਣ। ਸਰਕਾਰੀ ਗਵਾਹੀ ਦੇ ਮੁਤਾਬਕ ਹੋਇਆ ਇਸ ਦੇ ਉਲਟ। ਗੱਲ ਕੀ — ਇਹ ਸੋਚਿਆ ਜਾ ਸਕਦਾ ਹੈ ਕਿ ਇਹ ਸਾਰਾ ਮਾਮਲਾ ਉਲਝਿਆ ਹੋਇਆ ਹੈ। ਮਹਿਸੂਸ ਇਹ ਹੁੰਦਾ ਹੈ ਕਿ ਜਾਂ ਤਾਂ ਸਤਵੰਤ ਅਤੇ ਬੇਅੰਤ ਨੇ ਕਤਲ ਨਹੀਂ ਕੀਤਾ ਅਤੇ ਜਾਂ ਆਪਣੇ ਆਪ ਨੂੰ ਬਾਕੀ ਗਾਰਡਾਂ ਦੇ ਹਵਾਲੇ ਨਹੀਂ ਕੀਤਾ। ਜੇ ਉਹਨਾਂ ਨੇ ਕਤਲ ਨਾ ਕੀਤਾ ਹੋਵੇ — ਉਹ ਆਪਣੇ ਆਪ ਨੂੰ ਕਿਸੇ ਦੇ ਹਵਾਲੇ ਭੀ ਕਿਉਂ ਕਰਨ ?

3. ਪੀ. ਐਨ ਲੇਖੀ ਦੇ ਕਹਿਣ ਅਨੁਸਾਰ ਮਿਸਜ਼ ਗਾਂਧੀ ਦੇ ਕਤਲੋਂ ਇੱਕ ਜਾਂ ਦੋ ਮਿੰਟ ਪਹਿਲਾਂ ਇਕ ਕਾਰ ਉਸਦੇ ਨਿਵਾਸ ਪੁਰ ਆਈ ਅਤੇ ਵਾਪਸ ਗਈ। ਉਸ ਦੇ ਨਿਵਾਸ ਅਸਥਾਨ ਦੀ ਲੌਗ ਬੁੱਕ ਵਿਚ ਕੋਈ ਵੇਰਵਾ ਨਹੀਂ। ਉਹ ਕਾਰ ਕਿਸਦੀ ਸੀ ? ਕਿਉਂ ਆਈ ? ਉਸ ਵਿਚ ਕੌਣ ਸੀ ? ਉਹ ਕਿੱਥੇ ਗਿਆ ?

4. ਮਿਸਜ਼ ਗਾਂਧੀ ਦੇ ਕਤਲ ਦਾ ਟਾਈਮ ਠੀਕ ਦਰਜ ਨਹੀਂ ਹੋਇਆ। ਇਸ ਵਿਚ ਤਕਰੀਬਨ ਦੋ ਮਿੰਟ ਦਾ ਫਰਕ ਹੈ — ਮਿਸਟਰ ਲੇਖੀ ਦੇ ਕਹਿਣ ਅਨੁਸਾਰ। ਕਤਲ ਹੋਇਆ ਦੋ ਮਿੰਟ ਪਹਿਲਾਂ ਅਤੇ ਲਿਖਿਆ ਗਿਆ ਹੈ ਦੋ ਮਿੰਟ ਬਾਅਦ ਦਾ। ਕਿਉਂ ? ਕੀ ਇਹਨਾਂ ਦੋ ਮਿੰਟਾਂ ਦੀ ਰੀਪੋਰਟਿਸ ਦੀ "ਗਲਤੀ" ਦਾ ਉਸ ਕਾਰ ਨਾਲ ਤਾਂ ਕੋਈ ਸਬੰਧ ਨਹੀਂ ਜੋ ਦੋ ਮਿੰਟ ਪਹਿਲਾਂ ਆ ਕੇ ਗਈ ਸੀ ਅਤੇ, ਲੇਖੀ ਦੀ ਸੋਚਣੀ ਮੁਤਾਬਿਕ ਕਾਰ ਦੇ ਜਾਣ ਤੋਂ ਪਹਿਲਾਂ ਕਤਲ ਹੋ ਚੁੱਕਾ ਸੀ।

5. ਸਤਵੰਤ ਦੇ ਉਗਾਹੀ ਮੁਤਾਬਿਕ ਉਸ ਨੇ ਕਤਲ ਵਾਲੇ ਦਿਨ ਲਈ ਮਿਸਜ਼ ਗਾਂਧੀ ਦੇ ਨਿਵਾਸ ਦੀ ਡੀਊਟੀ ਨਹੀਂ ਮੰਗੀ ਸੀ। ਉਸ ਨੂੰ ਉਸ ਦੇ ਉਚ ਅਧਿਕਾਰੀਆਂ ਨੇ ਉਥੇ ਲਗਾਇਆ ਸੀ। ਅਤੇ ਉਸ ਨੇ ਕੋਈ ਬਹਾਨਾ ਨਹੀਂ ਬਣਾਇਆ ਸੀ ਬੇਅੰਤ ਦੇ ਲਾਗੇ ਡਿਊਟੀ ਲੈਣ ਲਈ। ਜੇ ਸਤਵੰਤ ਦੀ ਉਗਾਹੀ ਸੱਚ ਹੈ ਤਾਂ ਉਸ ਦਾ ਉਥੇ ਪੋਸਟ ਕੀਤਾ ਜਾਣਾ ਇਕ ਕਿਸੇ ਵੱਡੀ ਸਾਜ਼ਿਸ਼ ਦਾ ਭੀ ਹਿੱਸਾ ਹੋ ਸਕਦਾ ਹੈ — ਜਿਸ ਵਾਰੇ ਸਤਵੰਤ ਨੂੰ ਕੋਈ ਖਬਰ ਸ਼ਾਇਦ ਨਾ ਹੋਵੇ।

6. ਮਿਸਜ਼ ਗਾਂਧੀ ਦੀ ਸ੍ਰੀਰਕ ਮੁਆਇਨੇ ਦੀ ਰੀਪੋਰਟ ਇਹ ਦੱਸਦੀ ਸੀ ਕਿ ਉਸਦੇ ਸਰੀਰ ਚੋਂ ਤਿੰਨ ਗੋਲੀਆਂ ਆਰ ਪਾਰ ਲੰਘਣ ਦੇ ਨਿਸ਼ਾਨ ਸਨ ਅਤੇ ਚਾਰ ਗੋਲੀਆਂ ਉਸ ਦੇ ਕੱਪੜਿਆਂ ਤੋਂ ਮਿਲੀਆਂ ਸਨ। ਪੀ. ਐਨ. ਲੇਖੀ ਮੁਤਾਬਿਕ ਗੋਲੀਆਂ ਇੰਦਰਾ ਦੇ ਨਿਵਾਸ ਅਸਥਾਨ ਵਲੋਂ ਭੀ ਆਈਆਂ ਜਦੋਂ ਕਿ ਸਰਕਾਰੀ ਗਵਾਹਾਂ ਦੇ ਮੁਤਾਬਿਕ ਸਤਵੰਤ ਅਤੇ ਬੇਅੰਤ ਮਿਸਜ਼ ਗਾਂਧੀ ਦੇ ਸਾਹਮਣੇ ਸਨ ਅਤੇ ਉਸ ਪੁਜ਼ੀਸ਼ਨ ਤੋਂ ਉਹਨਾਂ ਨੇ ਗੋਲੀਆਂ ਮਾਰੀਆਂ ? ਜੇ ਗੋਲੀਆਂ ਹੋਰ ਦਿਸ਼ਾਵਾਂ ਚੋਂ ਭੀ ਆਈਆਂ — ਉਹ ਗੋਲੀਆਂ ਮਾਰਨ ਵਾਲੇ ਕੌਣ ਸਨ ?

7. ਇਹ ਮਸਲਾ ਹੋਰ ਭੀ ਮਹੱਤਵਪੂਰਨ ਅਤੇ ਗੁੰਝਲਦਾਰ ਬਣ ਜਾਂਦਾ ਹੈ ਜਦੋਂ ਇਹ ਦੇਖੀਏ ਕਿ ਸਰਕਾਰੀ ਸਬੂਤਾਂ ਦੇ ਮੁਤਾਬਿਕ ਕਤਲ ਵਾਲੇ ਹਥਿਆਰ (murder weapon) ਪੁਰ ਸਤਵੰਤ ਦੇ ਹੱਥਾਂ ਦੇ ਨਿਸ਼ਾਨ ਨਹੀਂ ਸਨ (finger prints ਨਹੀਂ ਸਨ)। ਯਾਦ ਰਹੇ ਕਿ ਸਰਕਾਰੀ ਜਾਂ ਕਿਸ ਹੋਰ ਗਵਾਹ ਨੇ ਇਹ ਸਬੂਤ ਨਹੀਂ ਪੇਸ਼ ਕੀਤਾ ਕਿ ਸਤਵੰਤ ਨੇ ਕਤਲ ਕਰਦੇ ਸਮੇਂ ਕੋਈ ਦਸਤਾਨੇ ਪਾ ਰੱਖੇ ਸਨ। ਜੇ ਦਸਤਾਨੇ ਨਹੀਂ ਪਾਏ ਸਨ ਤਾਂ ਉਸਦੇ finger prints ਕਿੱਥੇ ਗਏ ਕਿ ਜਾਂ ਫਿਰ ਕਤਲ ਪੇਸ਼ ਕੀਤੇ ਗਏ ਹਥਿਆਰ ਨਾਲ ਹੋਇਆ ਹੀ ਨਹੀਂ ?

8. ਦੋ ਗੋਲੀਆਂ ਜਿਹੜੀਆਂ ਇਹ ਕਹਿਕੇ ਪੇਸ਼ ਕੀਤੀਆਂ ਗਈਆਂ ਕਿ ਉਹਨਾਂ ਨਾਲ ਮਿਸਜ਼ ਗਾਂਧੀ ਦੀ ਮੌਤ ਹੋਈ ਸੀ — ਉਹਨਾਂ ਪੁਰ ਮਨੁੱਖੀ ਸਰੀਰ ਦੇ ਮਾਸ ਦੇ ਕੋਈ ਅੰਸ਼ ਭੀ ਨਹੀਂ ਸਨ।

9. ਹਸਪਤਾਲ ਦੇ ਰੀਕਾਰਡ ਮੁਤਾਬਕ ਮਿਸਜ਼ ਗਾਂਧੀ ਨੂੰ ਪੋਸਟ ਮਾਰਟਮ ਸ਼ੁਰੂ ਹੋਣ ਦੇ ਵਕਤ ਤੋਂ ਬਾਅਦ ਖੂਨ ਚੜ੍ਹਾਇਆ ਗਿਆ। ਪੋਸਟ ਮਾਰਟਮ ਮੌਤ ਤੋਂ ਬਾਅਦ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ ਖੂਨ ਕਿਉਂ ਦਿੱਤਾ ਗਿਆ ? ਜੇ ਵਕਤ ਗਲਤ ਲਿਖਿਆ ਗਿਆ ਹੈ — ਕਿਉਂ ?

10. ਸਰਕਾਰੀ ਗਵਾਹਾਂ ਦੀ ਗਿਣਤੀ 148 ਸੀ ਜਿਹਨਾਂ ਵਿਚੋਂ 75 ਬਿਲਕੁਲ ਪੇਸ਼ ਨਹੀਂ ਕੀਤੇ ਗਏ। ਉਹਨਾਂ ਵਿਚ ਹੀ R.K. Dhawan (ਆਰ. ਕੇ. ਧਵਨ) ਅਤੇ ਐਮ. ਐਲ. ਫੋਤੇਦਾਰ ਭੀ ਸਨ ਜਿਹਨਾਂ ਨੇ ਉਗਾਹੀ ਨਹੀਂ ਦਿੱਤੀ। ਧਵਨ ਅਤੇ ਫੋਤੇਦਾਰ ਦਾ ਨਾ ਉਗਾਹੀ ਦੇਣਾ ਇਸ ਲਈ ਮਤਹੱਵਪੂਰਨ ਹੈ ਕਿਉਂਕਿ ਉਹ ਬੜੇ ਜਾਣੇ ਪਹਿਚਾਣੇ ਨਜ਼ਦੀਕੀ ਸਨ ਜਿਹਨਾਂ ਨੂੰ ਮਿਸਜ਼ ਗਾਂਧੀ ਦੀ ਹਰ ਹਰਕਤ, ਆਉਣ ਜਾਣ ਆਦਿ ਦੇ ਸਮਿਆਂ ਵਾਰੇ ਪਤਾ ਹੁੰਦਾ ਸੀ। ਨਾਲ ਹੀ ਜੱਜ ਨੇ ਤਿੰਨ ਚਸ਼ਮਦੀਦ ਉਗਾਹਾਂ ਨਾਰਇਨ ਸਿੰਘ, ਰਾਮੇਸ਼ਵਰ ਦਿਆਲ, ਅਤੇ ਨੱਥੂ ਰਾਮ ਦੀ ਗਵਾਹੀ ਦੇ ਆਧਾਰ ਤੇ ਸਤਵੰਤ ਨੂੰ ਦੋਸ਼ੀ ਠਹਿਰਾਇਆ। ਸਰਕਾਰੀ ਵਕੀਲ ਮੁਤਾਬਿਕ ਇਹ ਤਿੰਨੇ ਗਵਾਹ ਮਿਸਜ਼ ਗਾਂਧੀ, ਧਵਨ ਅਤੇ ਫੋਤੇਦਾਰ ਨਾਲ ਜਾ ਰਹੇ ਸਨ ਜਦੋਂ ਸਤਵੰਤ ਅਤੇ ਬੇਅੰਤ ਨੇ ਗੋਲੀਆਂ ਚਲਾਈਆਂ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਧਵਨ ਨੇ ਪੁਲੀਸ ਨੂੰ ਦਿੱਤੇ ਆਪਣੇ ਬਿਆਨ ਵਿਚ ਨੱਥੂਰਾਮ ਦੇ ਕਤਲ ਦੀ ਜਗ੍ਹਾ ਉਤੇ ਹਾਜ਼ਰ ਹੋਣ ਵਾਰੇ ਬਿਲਕੁਲ ਨਹੀਂ ਲਿਖਿਆ ਸੀ। ਇਸ ਤੋਂ ਭਾਵ ਕਿ ਧਵਨ ਦੀ ਰੀਪੋਰਟ ਵਿਚ ਬਾਕੀ ਸਾਰੇ ਚਸ਼ਮਦੀਦ ਗਵਾਹਾਂ ਦਾ ਜ਼ਿਕਰ ਹੈ — ਪਰ ਨੱਥੂ ਰਾਮ ਦਾ ਨਹੀਂ। ਇਹਨਾਂ ਹਾਲਤਾਂ ਵਿਚ ਧਵਨ ਦੀ ਗਵਾਹੀ ਜ਼ਰੂਰੀ ਬਣਦੀ ਸੀ। ਪਰ ਧਵਨ ਨੂੰ ਪੇਸ਼ ਨਹੀਂ ਕੀਤਾ ਗਿਆ।

11. ਨਾਲ ਹੀ ਇਹ ਭੀ ਹੈ security standing-orders ਦੇ ਮੁਤਾਬਿਕ ਅਸਿਸਟੈਂਟ-ਸਬ-ਇਨਸਪੈਕਟਰ ਦੇ ਅਹੁਦੇ ਤੋਂ ਥੱਲੇ ਕੋਈ ਭੀ ਪ੍ਰਧਾਨ ਮੰਤਰੀ ਨਿਵਾਸ ਦੇ ਅੰਦਰੂਨੀ ਸਕਿਊਰਿਟੀ ਕੌਰਡਨ ਦਾ ਹਿੱਸਾ ਨਹੀਂ ਬਣ ਸਕਦਾ। ਸੋ ਕਾਂਸਟੇਬਲ ਨਰਾਇਨ ਸਿੰਘ (ਇਕ ਸਿਪਾਹੀ ਹੋਣ ਦੇ ਨਾਤੇ) ਮਿਸਜ਼ ਗਾਂਧੀ ਦੇ ਕਤਲ ਸਮੇਂ ਉਥੇ ਕਿਸ ਤਰ੍ਹਾਂ ਅਤੇ ਕਿਉਂ ਹਾਜ਼ਰ ਸੀ ? ਇਸ ਗੱਲ ਦਾ ਕੋਈ ਜਵਾਬ ਨਹੀਂ ਭਾਸਦਾ।

12. ਸਤਵੰਤ ਨੇ ਜ਼ੁਰਮ ਇਕਬਾਲ ਨਹੀਂ ਕੀਤਾ। ਜੇ ਉਸਨੇ ਕਤਲ ਕੀਤਾ ਹੁੰਦਾ — ਸ਼ਾਇਦ ਉਹ ਇਕਬਾਲ ਕਰਦਾ।

ਇਹਨਾਂ ਉਪਰਲੇ ਸਾਰੇ ਕਾਰਨਾਂ ਦੇ ਨਾਲ ਨਾਲ ਹੋਰ ਭੀ ਕਈ ਗੱਲਾਂ ਵਿਚਾਰਨ ਵਾਲੀਆਂ ਹਨ। ਲੇਖੀ ਨੇ ਬਹੁਤ ਸਾਰੇ ਇਸ਼ਾਰੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲ ਕੀਤੇ ਹਨ। ਭਾਵੇਂ ਉਹਨਾਂ ਵਿਚ ਕੋਈ ਵਜ਼ਨ ਨਹੀਂ ਦਿਸਦਾ — ਚਾਹੀਦਾ ਹੈ ਕਿ ਇਹੋ ਜਿਹੇ ਮਹੱਤਵਪੂਰਨ ਮਸਲੇ ਤੇ ਵੱਧ ਤੋਂ ਵੱਧ ਵਿਸਥਾਰ ਖੁਲ੍ਹੇ ਰੂਪ ਵਿਚ ਦਿਤਾ ਜਾ ਸਕੇ। ਅਦਾਲਤਾਂ ਦਾ ਫਰਜ਼ ਬਣਦਾ ਹੈ ਕਿ ਇਨਸਾਫ ਸਿਰਫ ਕਰਨਾ ਹੀ ਕਾਫੀ ਨਹੀਂ — ਇਹ ਭੀ ਜ਼ਰੂਰੀ ਹੁੰਦਾ ਹੈ ਕਿ ਇਨਸਾਫ ਹੁੰਦਾ ਲੋਕਾਂ ਨੂੰ ਦਿਸੇ।

ਕਤਲ 'ਚ ਬਦੇਸ਼ੀ ਹੱਥ ਬਾਰੇ ਬਹੁਤ ਚਰਚਾ ਸੀ ਅਤੇ ਹੈ। ਤੁਹਾਨੂੰ ਯਾਦ ਹੋਵੇਗਾ — ਇੰਦਰਾ ਦੇ ਕਤਲ ਤੋਂ ਕੁਝ ਘੰਟੇ ਬਾਅਦ ਐਨ. ਬੀ. ਸੀ (T.V.) ਦੀਆਂ ਖਬਰਾਂ ਨੇ (ਅਮਰੀਕਾ ਤੋਂ) ਇਹ ਐਲਾਨ ਕਰ ਦਿੱਤਾ ਸੀ ਕਿ ਪਰਨਾਬ ਮੁਕਰਜੀ ਅੰਤਰਿਮ ਪ੍ਰਧਾਨ ਮੰਤਰੀ ਥਾਪੇ ਗਏ ਹਨ। ਉਹ ਕਦੇ ਭੀ ਅੰਤ੍ਰਿਮ ਪ੍ਰਧਾਨ ਨਹੀਂ ਥਾਪੇ ਗਏ ਸਨ। ਕੀ ਐਨ. ਬੀ. ਸੀ. ਨੂੰ ਕੁਝ ਆਸ ਸੀ ਜਾਂ ਪਤਾ ਸੀ ਜੋ ਹੋਰ ਕਿਸੇ ਨੂੰ ਨਹੀਂ ਸੀ ?

ਪੀ. ਐਨ. ਲੇਖੀ ਬਾਰੇ ਨਵੀਆਂ ਖਬਰਾਂ ਮਿਲੀਆਂ ਹਨ ਕਿ ਉਸ ਦਾ ਸਬੰਧ ਰਾਮ ਸਰੂਪ ਨਾਲ ਸੀ ਅਤੇ ਰਾਮ ਸਰੂਪ ਇਸ ਵੇਲੇ ਕੈਦ 'ਚ ਹੈ ਅਤੇ ਉਸ ਉਪਰ ਭਾਰਤ ਦੇ ਖਿਲਾਫ ਜਾਸੂਸੀ ਕਰਨ ਦਾ ਦੋਸ਼ ਹੈ। ਦੋਸ਼ ਹੈ ਕਿ ਉਹ ਇਹ ਜਾਸੂਸੀ ਕਰਕੇ ਅਮਰੀਕਾ, ਇਸਰਾਈਲ ਅਤੇ Taiwan ਨੂੰ ਦਿੰਦਾ ਸੀ। ਜਿਸ ਬਦਲੇ ਰਾਮ ਸਰੂਪ ਨੂੰ ਪਿਛਲੇ 36 ਸਾਲਾਂ ਵਿਚ ਲੱਖਾਂ ਰੁਪਏ ਮਿਲੇ — ਇਹਨਾਂ ਮੁਲਕਾਂ ਵੱਲੋਂ। ਰਾਮ ਸਰੂਪ ਏਸ਼ੀਆ ਪੈਸਿਫਿਕ ਐਂਟੀ ਕਮਿਊਨਿਸਟ ਲੀਗ ਦਾ ਮੈਂਬਰ ਹੈ ਅਤੇ ਬਾਹਰਲੇ ਮੁਲਕਾਂ ਵਿਚ ਚੱਕਰ ਕੱਟਦਾ ਰਹਿੰਦਾ ਹੁੰਦਾ ਸੀ। ਭਰੋਸੇ ਯੋਗ ਵਸੀਲਿਆਂ ਦਾ ਕਹਿਣਾ ਹੈ — ਭਾਰਤ ਤੋਂ ਛਪਦੇ ਫਰੰਟਲਾਈਨ ਮੁਤਾਬਿਕ — ਕਿ ਰਾਮ ਸਰੂਪ ਦੀਆਂ ਕਰਤੂਤਾਂ ਵਾਰੇ ਸ਼ੱਕ ਉਹਨਾਂ ਨੂੰ ਤਦ ਪਿਆ ਜਦ ਸਰਕਾਰੀ ਖੁਫੀਆਂ ਨੇ ਲੇਖੀ ਪੁਰ ਨਜ਼ਰ ਰੱਖਣੀ ਸ਼ੁਰੂ ਕੀਤੀ। ਜਨਵਰੀ ਅਤੇ ਜੁਲਾਈ ਵਿਚ ਲੇਖੀ ਅਫਗਾਨ ਲੀਗਲ ਕਮੇਟੀ ਦੇ ਸਬੰਧ ਵਿਚ ਜਨੇਵਾ ਗਿਆ ਉਸ ਵੇਲੇ, ਫਰੰਟ ਲਾਈਨ ਮੁਤਾਬਿਕ, "ਰਾਮ ਸਰੂਪ ਨੇ ਅਮਰੀਕਨਾਂ ਵਲੋਂ ਲੇਖੀ ਨੂੰ 48000 ਰੁਪਏ ਦਿੱਤੇ ਅਤੇ ਜਦੋਂ ਭੀ ਕਦੇ ਰੂਸ ਦੇ ਹਿੱਤਾਂ ਦੇ ਖਿਲਾਫ ਲੇਖੀ ਨੇ ਮੁਕੱਦਮਾ ਕੀਤਾ — ਤਾਂ 10,000 ਰੁਪਿਆ ਪਰ ਮੁਕੱਦਮਾ ਦਿਤਾ ਗਿਆ ਅਮਰੀਕਨਾਂ ਵਲੋਂ ਰਾਮ ਸਰੂਪ ਰਾਹੀਂ।"......" 1981 ਵਿਚ ਅਫਗਾਨ ਲੀਗਲ ਕਮੇਟੀ ਦੀ ਮੀਟਿੰਗ ਆਰਗੇਨਾਈਜ਼ ਕਰਨ ਲਈ ਅਮਰੀਕਾ ਵਲੋਂ ਰਾਮ ਸਰੂਪ ਰਾਹੀਂ ਲੇਖੀ ਨੂੰ 20,000 ਰੁਪਿਆ ਦਿਤਾ ਗਿਆ।"

ਇਸ ਸਭ ਕੁਝ ਨੂੰ ਪੜ੍ਹ ਕੇ ਜਿੱਥੇ ਲੇਖੀ ਦੀ ਦਿਆਨਤਦਾਰੀ ਪੁਰ ਸ਼ੱਕ ਹੁੰਦਾ ਹੈ - ਉਥੇ ਨਾਲ ਹੀ ਇਹ ਸਵਾਲ ਭੀ ਪੈਦਾ ਹੁੰਦਾ ਹੈ ਕਿ ਕੀ ਲੇਖੀ ਨੇ ਚੰਗੀ ਤਰ੍ਹਾਂ ਸਤਵੰਤ ਦਾ ਕੇਸ ਪੇਸ਼ ਕੀਤਾ ਕਿ ਨਹੀਂ ? ਮੈਂ ਸਮਝਦਾ ਹਾਂ ਉਸਦੇ ਕੇਸ ਪੇਸ਼ ਕਰਨ ਵਿਚ ਬਹੁਤ ਸਾਰੀਆਂ ਊਣਤਾਈਆਂ ਸਨ। ਜਿਹੜੇ ਬਹੁਤ ਸਾਰੇ ਸਵਾਲ ਉਸ ਨੇ ਆਪਣੀ ਆਖਰੀ ਬਹਿਸ ਵਿਚ ਉਠਾਏ — ਉਹ ਪਹਿਲਾਂ ਕਿਉਂ ਨਹੀਂ ਉਠਾਏ ਜਦੋਂ ਇਕ ਸਧਾਰਨ ਵਕੀਲ ਭੀ ਜਾਣਦਾ ਹੁੰਦਾ ਹੈ ਕਿ ਸਾਰੇ ਸਵਾਲ ਗਵਾਹੀਆਂ ਵੇਲੇ ਉਠਾਉਣੇ ਚਾਹੀਦੇ ਹਨ — ਬਹਿਸ 'ਚ ਹੀ ਨਹੀਂ।

ਇਹ ਤਾਂ ਲੇਖੀ ਦੀ ਬਹਾਦਰੀ ਸੀ ਕਿ ਨਵੰਬਰ 84 ਦੇ ਡਰਾਉਣੇ ਅਤੇ ਘਿਨਾਉਣੇ ਦਿਨਾਂ 'ਚ ਉਸ ਨੇ ਸਤਵੰਤ ਦੇ ਕੇਸ ਦੀ ਪੈਰਵਾਈ ਕਰਨ ਦਾ

ਬਾਕੀ ਪੰਨਾ 12 ਤੇ



ਅਸੀਂ ਪਲ ਪਲ ਜੀਵੀਏ ਉਧਾਰਾ,
ਨੀ ਉਹਨੂੰ ਜਾ ਕੇ ਕਹਿ ਦੇਵਣਾਂ,
ਜਿਥੇ ਵੱਸੇ ਮੇਰਾ ਮਿਤਰ ਪਿਆਰਾ

THINKING OF BUYING or SELLING
(RESIDENTIAL, COMMERCIAL, FARMS & INDUSTRIAL)
L/R
Lake View Realty
FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property
FOR FRIENDLY & EFFICIENT SERVICE


NIRMAL (NEIL) DHALIWAL
Bus: 588-9955 Res: 597-2069

I know the signs of a good neighbourhood.
If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully

ਪੰਨਾ 11 ਦੀ ਬਾਕੀ **ਉਜੱਲ ਦੁਸਾਂਝ**

ਹੌਂਸਲਾ ਕੀਤਾ। ਨਫਰਤ ਦੇ ਹੜ੍ਹ ਦੇ ਉਲਟ ਖੜਨਾ ਬਹੁਤ ਕਠਨ ਹੁੰਦਾ ਹੈ ਔਰ ਉਹ ਖੜ੍ਹਾ ਹੋਇਆ। ਹਿੰਦੁਸਤਾਨ 'ਚ ਨਵੰਬਰ 1,2,3 ਅਤੇ 4 ਨੂੰ ਅਤੇ ਕੁਝ ਚਿਰ ਬਾਅਦ 'ਚ ਫਿਰਕਾਪ੍ਰਸਤੀ ਦੀ ਨਫਰਤ ਸੀ। ਕੈਨੇਡਾ 'ਚ ਭੀ ਸੀ — ਇੱਥੇ ਭੀ ਕੋਈ ਵਿਰਲਾ ਹੀ ਫਿਰਕੂ ਹਨੇਰੀ ਦੇ ਖਿਲਾਫ ਖੜ੍ਹਾ ਹੋਇਆ।

ਪਰ ਬਦੇਸ਼ੀ ਤਾਕਤਾਂ ਦੇ ਲੇਖੀ ਨਾਲ ਅਸਿੱਧੇ ਸਬੰਧਾਂ ਕਾਰਨ ਅਤੇ ਬਦੇਸ਼ੀ ਤਾਕਤਾਂ ਦੇ ਰੋਲ ਵਾਰੇ ਵਿਚਾਰ ਕਰਦਿਆਂ ਸਤਵੰਤ ਦੇ ਨਿਰਦੋਸ਼ ਹੋਣ ਬਾਰੇ ਹੋਰ ਜ਼ੋਰ ਨਾਲ ਮਹਿਸੂਸ ਹੋਣ ਲੱਗ ਪੈਂਦਾ ਹੈ ਖਾਸ ਕਰਕੇ ਜਦੋਂ ਅਸੀਂ ਇਹ ਸੋਚਦੇ ਹਾਂ ਕਿ ਲੇਖੀ ਨੇ ਸਤਵੰਤ ਦਾ ਕੇਸ ਲੜਿਆ ਤਾਂ ਸੀ — ਪਰ ਚੰਗੀ ਤਰ੍ਹਾਂ ਨਹੀਂ। ਇਹ ਕਿਉਂ ? ਕੀ ਇਸ ਪਿੱਛੇ ਭੀ ਕਿਸੇ ਬਦੇਸ਼ੀ ਤਾਕਤ ਦਾ ਹੱਥ ਸੀ ? ਉਸ ਤਾਕਤ ਦਾ ਜਿਸ ਦੇ T.V. station ਨੇ ਪਰਨਾਬ ਮੁਕਰਜੀ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਬਣਾ ਦਿਤਾ ਜਦੋਂ ਕਿ ਉਹ ਅਸਲੋਂ ਕਦੇ ਬਣਿਆ ਹੀ ਨਹੀਂ ?

ਮੇਰਾ ਇਹ ਸਭ ਕੁਝ ਲਿਖਣ ਤੋਂ ਭਾਵ ਕਿਸੇ ਨੂੰ ਇਲਜ਼ਾਮ ਦੇਣ ਤੋਂ ਨਹੀਂ। ਮੈਂ ਸਿਰਫ ਸਵਾਲ ਉਠਾ ਰਿਹਾ ਹਾਂ ਜਿਹਨਾਂ ਦੇ ਜਵਾਬ ਲੱਭਣੇ ਜ਼ਰੂਰੀ ਹਨ। ਪਿਛਲੇ ਦੋ ਸਾਲਾਂ ਦੇ ਕਮਲੇਪਨ ਵਿਚੋਂ ਦੀ ਅਸੀਂ ਲੰਘੇ ਹਾਂ — ਸਾਨੂੰ ਇੰਨਾਂ ਤਾਂ ਜ਼ਰੂਰ ਪਤਾ ਲੱਗ ਹੀ ਗਿਆ ਹੋਵੇਗਾ ਕਿ ਗੱਲ ਬੰਦੂਕਾਂ ਜਾਂ ਮੁੱਕਿਆਂ ਨਾਲ ਨਹੀਂ ਬਣਦੀ — ਵਿਚਾਰ ਵਟਾਂਦਰੇ ਨਾਲ ਗੱਲਾਂ ਨਜਿੱਠਣੀਆਂ ਬਿਹਤਰ ਹੁੰਦੀਆਂ ਹਨ। ਲੋਕਾਂ 'ਚ ਇਕੱਠ ਪੈਦਾ ਕਰਨਾ, ਪਿਆਰ ਪੈਦਾ ਕਰਨਾ, ਫਿਰਕੂ ਸਦਭਾਵਨਾ ਪੈਦਾ ਕਰਨੀ ਚੰਗੀ ਹੁੰਦੀ ਹੈ। ਭਰਾਵਾਂ ਨੂੰ ਇਕੱਠੇ ਰਹਿਣਾ ਚਾਹੀਦਾ ਹੈ। ਧਰਮਾਂ ਦੇ ਨਾਮ ਪੁਰ ਜੰਗਾਂ ਨਹੀਂ ਕਰਨੀਆਂ ਚਾਹੀਦੀਆਂ। ਲੋਕਾਂ ਨੂੰ ਸ਼ਾਂਤੀ, ਬਹਿਸ ਅਤੇ ਵਿਚਾਰ ਵਟਾਂਦਰੇ ਨਾਲ ਜਿੱਤੋ। ਜੇ ਅਸੀਂ ਪਿਛਲੇ ਦੋ ਸਾਲਾਂ ਦੇ ਦੁਖਾਂਤ ਤੋਂ ਇਨਾ ਭੀ ਨਹੀਂ ਸਿਖੇ — ਤਾਂ ਹੁਣ ਤੱਕ ਡੁੱਲ੍ਹਾ ਖੂਨ ਅਜਾਈਂ ਹੀ ਗਿਆ ਹੈ। ਡੁਲ੍ਹੇ ਖੂਨ, ਵਾਰੇ ਸੋਚੋ - ਹੋਰ ਖੂਨ ਡੋਲ੍ਹਣ ਦੀਆਂ ਗੱਲਾਂ ਨਾ ਕਰੋ। ਜ਼ਖਮਾਂ ਪੁਰ ਮਹਰਮਾਂ ਲਾਓ - ਜ਼ਖਮ ਹੋਰ ਵੱਡੇ ਨਾ ਕਰੀਏ ਤਾਂ ਚੰਗਾ ਹੈ।

## ਸਨਮਾਨ ਸਮਾਰੋਹ ਤੇ ਕਵੀ ਦਰਬਾਰ



ਜਗੀਰ ਸਿੰਘ ਜਗਤਾਰ ਹਰਭਜਨ ਸਿੰਘ ਹੁੰਦਲ ਨੂੰ ਪੁਰਸਕਾਰ ਭੇਟ ਕਰਦੇ ਹੋਏ।

ਕੋਟਕਪੂਰਾ: ਪੰਜਾਬੀ ਸਾਹਿਤ ਸਭਾ, ਕੋਟਕਪੂਰਾ ਵਲੋਂ ਪਿਛਲੇ ਦਿਨੀਂ ਸਥਾਨਕ ਵਿਸ਼ਵਕਰਮਾ ਧਰਮਸਾਲਾ ਵਿਖੇ ਇਕ ਭਾਵਪੂਰਤ ਸਮਾਗਮ ਵਿਚ ਸ਼ਾਇਰ ਹਰਭਜਨ ਹੁੰਦਲ ਨੂੰ 1984 ਲਈ ਕਰਨੈਲ ਬਾਗੀ ਪੁਰਸਕਾਰ ਦਿੱਤਾ ਗਿਆ। ਇਹ ਪੁਰਸਕਾਰ ਜੋ ਕਿ 501 ਰੁਪਏ, ਇਕ ਸ਼ੀਲਡ ਅਤੇ ਕਰਨੈਲ ਬਾਗੀ ਰਚਿਤ ਪੁਸਤਕਾਂ ਦੇ ਇਕ ਸੈਟ ਉਤੇ ਆਧਾਰਤ ਸੀ, ਕਰਨੈਲ ਬਾਗੀ ਟਰੱਸਟ ਦੇ ਪ੍ਰਧਾਨ ਜਗੀਰ ਸਿੰਘ ਜਗਤਾਰ ਨੇ ਸ੍ਰੀ ਹੁੰਦਲ ਨੂੰ ਭੇਟ ਕੀਤਾ।

ਜਗਤਾਰ ਨੇ ਪੰਜਾਬੀ ਦੇ ਅਗਰਗਾਮੀ ਲੇਖਕ ਹਰਭਜਨ ਹੁੰਦਲ ਦੀਆਂ ਰਚਨਾਵਾਂ ਅਤੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ "ਸਾਡਾ ਇਹ ਪੁਰਸਕਾਰ ਦੇਣ ਦਾ ਮਕਸਦ ਕੇਵਲ ਕਰਨੈਲ ਬਾਗੀ ਦੀ ਯਾਦ ਨੂੰ ਹਰ ਵਰ੍ਹੇ ਤਾਜ਼ਾ ਕਰਨਾ ਹੀ ਨਹੀਂ ਸਗੋਂ ਇਸ ਤੋਂ ਵੀ ਅੱਗੇ ਇਸ ਮੰਚ ਨੂੰ ਇਕ ਵਿਕਾਸਸ਼ੀਲ ਵਿਚਾਰਧਾਰਾ ਦੇ ਪ੍ਰਚਾਰ ਲਈ ਵਰਤ ਕੇ ਅਗਾਂਹਵਧੂ ਲੇਖਕਾਂ ਨੂੰ ਉਤਸ਼ਾਹਿਤ ਕਰਨਾ ਵੀ ਹੈ।"

ਟਰੱਸਟ ਦੇ ਜਨਰਲ ਸਕੱਤਰ ਸੁਰਜੀਤ ਗਿੱਲ ਨੇ ਬਾਗੀ ਦੀ ਵਿਚਾਰਧਾਰਾ ਬਾਰੇ ਆਪਣੇ ਵਿਚਾਰ ਰੱਖੇ। ਹਰਭਜਨ ਹੁੰਦਲ ਨੇ ਪੁਰਸਕਾਰ ਸਵੀਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਕਰਨੈਲ ਬਾਗੀ ਦੀਆਂ ਸਾਰੀਆਂ ਪੁਸਤਕਾਂ ਪਹਿਲਾਂ ਵੀ ਪੜ੍ਹੀਆਂ ਸਨ ਅਤੇ ਅਜੋਕੇ ਪ੍ਰਸੰਗ ਵਿਚ ਦੁਬਾਰਾ ਪੜ੍ਹੀਆਂ ਹਨ। "ਉਹ ਸਾਡੀ ਢਾਣੀ ਦਾ ਕਵੀ ਹੈ।"

ਉਪਰੰਤ ਪ੍ਰਸਿੱਧ ਗ਼ਜ਼ਲਗੋ ਜਨਾਬ ਦੀਪਕ ਜੈਤੋਈ, ਹਰਭਜਨ ਹੁੰਦਲ, ਤੇਰਾ ਸਿੰਘ ਚੰਨ, ਐਸ. ਤਰਸੇਮ, ਜਗੀਰ ਸਿੰਘ ਜਗਤਾਰ ਅਤੇ ਪੰਜਾਬੀ ਸਾਹਿਤ ਸਭਾ ਕੋਟਕਪੂਰਾ ਦੇ ਪ੍ਰਧਾਨ ਸੁਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਇਕ ਕਵੀ ਦਰਬਾਰ ਹੋਇਆ। ਧਰਮ ਕੰਮੇਆਣਾ ਦੇ ਮੰਚ ਸੰਚਾਲਨ ਅਧੀਨ ਜਨਾਬ ਦੀਪਕ ਜੈਤੋਈ, ਤੇਰਾ ਸਿੰਘ ਚੰਨ, ਹਰਭਜਨ ਹੁੰਦਲ, ਸ. ਤਰਸੇਮ, ਗੁਰਤੇਜ ਕੋਹਾਰਵਾਲਾ, ਪ੍ਰਸ਼ੋਤਮ ਵਿਜੇ ਸ਼ਰਮਾ, ਦਰਸ਼ਨ ਗਿੱਲ, ਜਗੀਰ ਸੱਧਰ, ਸ਼ਾਹ ਚਮਨ, ਸੰਤੋਖ ਮਿਨਹਾਸ, ਨਰਿੰਦਰ ਭੱਲਾ, ਸੁਰੇਸ਼, ਹਰਦੀਪ ਸਿੰਘ, ਗੁਰਮੇਲ ਸਿੰਘ, ਗੁਰਦਾਸ ਗੀਟ, ਨਵਰਾਹੀ ਘੁਗਿਆਣਵੀ, ਪਵਨ ਕੁਮਾਰ, ਭਜਨ ਆਦੀ, ਲਾਲ ਫਰੀਦਕੋਟੀ, ਬੂਟਾ ਸਿੰਘ ਢਿੱਲੋਂ, ਰੋਸ਼ਨ ਲਾਲ ਜੈਨ ਅਤੇ ਹਰਭਜਨ ਮਠਾੜੂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

—ਗੁਰਮੀਤ ਸਿੰਘ

## ਜਾਗ ਜਾਗ ਓ ਲੋਕਾ

ਸੰਪਾਦਕ : ਗੁਰਸ਼ਰਨ ਸਿੰਘ/ਸੁਰਜੀਤ ਬਰਾੜ

ਪਲਸ ਮੰਚ ਪ੍ਰਕਾਸ਼ਨ, ਪੰਜਾਬ

ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬ ਜਿਸ ਉਦਾਸ, ਖ਼ੂਨੀ ਦੌਰ 'ਚੋਂ ਗੁਜ਼ਰਿਆ ਹੈ, ਉਸ ਨੇ ਪੁਰਾਣਾ ਬਹੁਤ ਕੁਝ ਰੱਦ ਕਰ ਦਿੱਤੈ ਤੇ ਕਈ ਨਵੇਂ ਪ੍ਰਸ਼ਨ ਉਪਜਾਏ ਹਨ। ਇਹ ਸਾਡਾ ਦੁਖਾਂਤ ਹੈ ਕਿ ਅਸੀਂ ਅਜੇ ਤੱਕ ਵੀ ਧਰਮ ਨੂੰ ਸਹੀ ਮਾਮਲਿਆਂ ਵਿਚ ਨਾ ਸਮਝ ਰਹੇ ਹਾਂ ਤੇ ਨਾ ਹੀ ਗ੍ਰਹਿਣ ਕਰ ਰਹੇ ਹਾਂ, ਪੜ੍ਹ ਲਿਖ ਕੇ, ਅਗਾਂਹਵਧੂ ਹੋ ਕੇ ਵੀ ਸਾਡੀ ਸੋਚ ਵਿਗਿਆਨਕ ਘੱਟ ਤੇ ਭਾਵੁਕ ਵਧੇਰੇ ਹੈ। ਇਸ ਕਰਕੇ ਹੀ ਸੱਤਾ, ਰਾਜਨੀਤੀ ਇਸ ਭਾਵੁਕਤਾ ਨੂੰ ਐਕਸਪਲਾਇਟ ਕਰਦੀ, ਆਪਣੇ ਹੱਕ ਵਿਚ ਭੁਗਤਾ ਜਾਂਦੀ ਹੈ। 'ਮਾਣਸ ਕੀ ਜਾਤਿ ਸਭੈ ਏਕੈ ਪਹਿਚਾਣਬੋ', 'ਕੁਦਰਤ ਕੇ ਸਭ ਬੰਦੇ' ਆਦਿ ਗੁਰੂ-ਕਥਨਾਂ ਨੂੰ ਵਿਸਾਰ-ਦਿਆਂ ਮਨੁੱਖਤਾ, ਇਨਸਾਨੀਅਤ ਦੀ ਦੋਫਾੜ ਕੀਤੀ ਜਾ ਰਹੀ ਹੈ।

ਅੱਜ ਦਾ ਅਦੀਬ ਇਸ ਸਭ ਕੁਝ ਤੋਂ ਬੇਖ਼ਬਰ ਨਹੀਂ, ਕਈ ਦਹਾਕੇ ਪਹਿਲਾਂ ਵੀ ਅਜਿਹੇ ਸਥਿਤੀ, ਤਣਾਓ ਸੀ। ਉਦੋਂ ਦੇ ਅਦੀਬ ਨੇ ਵੀ ਇਸ ਨੂੰ ਅਭਿਵਿਅਕਤ ਕੀਤਾ ਸੀ, ਪੂਰੀ ਸ਼ਿੱਦਤ, ਈਮਾਨਦਾਰੀ ਨਾਲ, ਪਰ ਭਾਵੁਕਤਾ ਵਿਚ ਉਹ ਵਿਸਰ ਗਿਆ। ਅੱਜ ਉਹੋ ਤਣਾਓ, ਸਥਿਤੀ ਫਿਰ ਸਾਹਿਤ ਦੀ ਅਭੀਵਿਅਕਤੀ ਬਣ ਰਹੀ ਹੈ। 'ਜਾਗ ਜਾਗ ਓ ਲੋਕਾ' ਕਾਵਿ-ਸੰਕਲਨ ਅਜਿਹੀਆਂ ਸਰੋਦੀ ਕਵਿਤਾਵਾਂ/ਗੀਤਾਂ ਦਾ ਸੰਕਲਨ ਹੈ। ਨਵੇਂ ਪੁਰਾਣੇ ਸ਼ਾਇਰਾਂ ਨੇ ਫਿਰਕੂ ਜਨੂੰਨ ਨੂੰ ਸਿਰਫ ਪੇਸ਼ ਹੀ ਨਹੀਂ ਕੀਤਾ, ਸਗੋਂ ਕੁਝ ਨੇ ਪੂਰੇ ਪਰਿਪੇਖ ਸਹਿਤ ਅਭੀਵਿਅਕਤ ਵੀ ਕੀਤਾ ਹੈ। ਇਸ ਪੂਰੇ ਤਣਾਓ ਪਿੱਛੇ ਕ੍ਰਿਆਸ਼ੀਲ ਰਾਜਨੀਤੀ ਸੱਤਾ ਨੂੰ ਪਛਾਣਦਿਆਂ, ਜ਼ਿਕਰ ਕਰਕੇ ਆਮ ਆਦਮੀ ਦੀ ਸਮਝ ਬਰਾਬਰ ਪੇਸ਼ ਕੀਤਾ ਹੈ। ਇਹੋ ਨਹੀਂ 'ਧਰਮ' ਨਾਮ 'ਤੇ ਬਣੇ ਸੀਮਤ ਦਾਇਰਿਆਂ ਨੂੰ ਉਲੰਘ ਕੇ 'ਇਨਸਾਨੀਅਤ', 'ਮਨੁੱਖਤਾ' ਨੂੰ ਅਪਨਾਉਣ ਦਾ ਸੰਦੇਸ਼ ਵੀ ਹੈ।

ਜੋ ਕੁਝ ਕਵਿਤਾਵਾਂ/ਗੀਤ ਸਪਾਟ ਬਿਆਨੀ, ਸਥਿਤੀ-ਰੂਪਾਂਤਰਣ ਨੇ ਤਾਂ ਸਹਿਰਾਈ, ਰਵੀ, ਗਿਲ, ਬੇਦੀ ਨੇ ਕਾਵਿਕਤਾ ਕਾਇਮ ਰੱਖੀ ਹੈ। ਸਪਾਟ ਬਿਆਨੀ ਦੀ ਥਾਂ ਭਾਵਾਂ ਨੂੰ ਚਿੰਨਾਤਮਕ ਬਣਾ ਕੇ ਨਾਅਰੇ ਤੋਂ ਬਚਾਇਆ ਹੈ, ਇਹ ਸੰਕਲਨ ਪੂਰੀ ਸਥਿਤੀ ਨੂੰ ਵਿਗਿ-ਆਨਕ ਸੋਚ ਸੰਦਰਭ ਵਿਚ ਵੇਖਣ, ਸਮਝਣ, ਪ੍ਰਗਟਾਉਣ ਲਈ ਇਕ ਪ੍ਰੇਰਣਾ ਹੋ ਸਕਦਾ ਹੈ।




ਯਾਦਾਂ ਦੇ ਸਨ ਸਾਏ ਮੇਰੇ ਵਿਹੜੇ ਵਿਚ
ਕਿਸ ਨੇ ਦੀਪ ਜਗਾਏ ਮੇਰੇ ਵਿਹੜੇ ਵਿਚ

ਮੈਨੂੰ ਵੱਲ ਨਾ ਆਇਆ ਰਾਸ ਰਚਾਣੇਂ ਦਾ
ਰੋਜ਼ ਕਨ੍ਹੈਈਆ ਆਏ ਮੇਰੇ ਵਿਹੜੇ ਵਿਚ

ਰਿਮ ਝਿਮ ਬੱਦਲ ਵਰ੍ਹਿਆ ਅੰਗਣ ਗੈਰਾਂ ਦੇ
ਹੋਂਠ ਰਹੇ ਤ੍ਰਿਹਾਏ ਮੇਰੇ ਵਿਹੜੇ ਵਿਚ

ਬਿਰਹਾ, ਅੱਥਰੂ, ਗ਼ਮ, ਉਦਾਸੀ, ਪਾਗਲਪਨ
ਰੱਬ ਨੇ ਮੇਲ ਮਿਲਾਏ ਮੇਰੇ ਵਿਹੜੇ ਵਿਚ

ਮਹਿਕਾਂ ਦਾ ਇਕ ਬੁੱਲਾ ਅੰਦਰ ਆਇਆ ਹੈ
ਕੌਣ ਪ੍ਰਾਹੁਣੇ ਆਏ ਮੇਰੇ ਵਿਹੜੇ ਵਿਚ

ਕਾਮ ਵਾਸ਼ਨਾਂ ਦੇ ਵਿਚ ਲੀਨ ਜ਼ਮਾਨੇ ਨੇ
ਝੂਠੇ ਪਿਆਰ ਜਿਤਾਏ ਮੇਰੇ ਵਿਹੜੇ ਵਿਚ

ਕਿਥੋਂ ਏ ਹੜ੍ਹ ਆਇਆ ਅਜ ਸਰੂਰਾਂ ਦਾ
ਕਾਹਦੇ ਦੌਰ ਚਲਾਏ ਮੇਰੇ ਵਿਹੜੇ ਵਿਚ

ਤੱਤੇ ਮਨਾਂ ਵਾਂਗਰ ਕਰਨ ਕਲੋਲਾਂ ਜੋ
ਹੋਂਠ ਗਏ ਪਥਰਾਏ ਮੇਰੇ ਵਿਹੜੇ ਵਿਚ

—ਮੋਹਣ ਦੋਸਾਂਝਵੀ

ਕੰਬਦੀ ਧਰਤੀ, ਗਗਨ ਵੀ ਦਹਿਲਦਾ,
ਕੰਬਦੇ ਪਲਕਾਂ ਦੇ ਜਦ ਵਿਰਕਾਰ ਨੇ।

ਤ੍ਰੇਲ ਉੱਡ ਜਾਏਗੀ, ਜੁਗਨੂੰ ਸੌਣਗੇ,
ਤਾਰਿਆਂ ਦਾ ਡੁਲ੍ਹਕਦਾ-ਸੰਸਾਰ ਨੇ।




ਇਸ ਨੂੰ ਛਡ ਦੇ... ਨਹੀਂ ਤਾਂ... ਮੈਂ ਤੇਰੇ ਦੰਦ ਭੰਨ ਦੇਣੇ ਨੇ...

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**

**PLUMBING & ELECTRICAL SUPPLY**



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

**Goyal Travels Inc.**

IATA

4152 Fraser Street, Vancouver, B.C., Canada V5V 4E8
PH: (604) 872-7658

Toll Free Numbers
In B.C. 112-800-663-9079
In Alberta 1-800-663-9079
From 4 pm to 7 p.m.

Cheapest Fares to:
FIJI—INDIA—PAKISTAN—COLOMBO—NEPAL

THINKING OF TRAVEL?
WE CAN SAVE YOU
TIME—TROUBLE—MONEY

ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

# ਕਪੂਰਥਲਾ 'ਚ ਅਤਿਵਾਦੀ ਕਾਰੇ ਦਾ ਵੇਰਵਾ

ਕਪੂਰਥਲਾ ਵਿਚ ਬੀਤੀ ਸ਼ਾਮ ਬੇਕਿਰਕੀ ਨਾਲ ਜੀਪ ਵਿਚੋਂ ਅਤਿਵਾਦੀਆਂ ਵਲੋਂ ਲਗਭਗ ਤਿੰਨ ਕਿਲੋਮੀਟਰ ਤਕ ਸੜਕ ਦੇ ਦੋਵੇਂ ਪਾਸੇ ਅੰਨੇਵਾਹ ਗੋਲੀਆਂ ਵਰ੍ਹਾ ਕੇ ਅਨਭੋਲ ਲੋਕਾਂ ਦੇ ਖੂਨ ਨਾਲ ਸ਼ਰੇਆਮ ਹੋਲੀ ਖੇਡੀ ਗਈ। ਜਿਸ ਨਾਲ ਹੁਣ ਤੱਕ ਸੱਤ ਵਿਅਕਤੀਆਂ ਦੀਆਂ ਮੌਤਾਂ ਹੋ ਗਈਆਂ ਹਨ। ਮਰਨ ਵਾਲਿਆਂ ਵਿਚ ਸ੍ਰੀਮਤੀ ਕਾਂਤਾ ਦੇਵੀ, ਸ੍ਰੀ ਨਾਜ਼ਰ ਸਿੰਘ, ਸ: ਰਵੇਲ ਸਿੰਘ, ਸ੍ਰੀ ਹੀਰਾ ਸਿੰਘ, ਸ੍ਰੀ ਮਨੋਹਰ ਲਾਲ, ਸ੍ਰੀ ਰਾਮ ਲਾਲ ਅਤੇ ਸ: ਬਲਵਿੰਦਰ ਸਿੰਘ ਹਨ ਅਤੇ ਇਕ ਵਿਅਕਤੀ ਸ੍ਰੀ ਮੱਖਣ ਸਿੰਘ ਜਿਹੜਾ ਗੰਭੀਰ ਜ਼ਖਮੀ ਅਤੇ ਸ੍ਰੀ ਰਵੇਲ ਸਿੰਘ ਤੇ ਸ: ਕਾਬਲ ਸਿੰਘ ਨੂੰ ਲੁਧਿਆਣਾ ਤੇ ਜਲੰਧਰ ਵਿਖੇ ਦਾਖਲ ਕਰਵਾ ਦਿਤਾ ਹੈ। ਬਾਕੀ ਜ਼ਖਮੀ ਸਿਵਲ ਹਸਪਤਾਲ ਕਪੂਰਥਲਾ ਵਿਚ ਦਾਖਲ ਹਨ ਜਿਹਨਾਂ ਵਿਚ ਡੀ. ਐਸ. ਪੀ. ਜਰਨੈਲ ਸਿੰਘ ਬਰਾੜ ਤੇ ਸਰਵ ਸ੍ਰੀ ਰੁਲਦਾ ਸਿੰਘ, ਰਣਜੀਤ ਸਿੰਘ ਤੇ ਹਰਿੰਦਰ ਸਿੰਘ ਤੇ ਹਰੀਸ਼ ਪ੍ਰਸ਼ਾਦ ਹਨ। ਤਿੰਨ ਜ਼ਖਮੀਆਂ ਨੂੰ ਡਿਸਚਾਰਜ ਕਰ ਦਿਤਾ ਗਿਆ ਹੈ। ਇਹਨਾਂ ਜ਼ਖਮੀਆਂ ਵਿਚ ਡੀ. ਐਸ. ਪੀ. ਜਰਨੈਲ ਸਿੰਘ ਬਰਾੜ, ਡਰਾਈਵਰ ਰੁਲਦਾ ਸਿੰਘ ਅਤੇ ਦੋ ਪੁਲਸ ਕੰਸਟੇਬਲ ਸ਼ਾਮਲ ਹਨ ਅਤਿਵਾਦੀਆਂ ਨੇ ਲਗਪਗ ਅਲੱਗ ਅਲੱਗ ਹਥਿਆਰਾਂ ਸਟੇਨਗੰਨ, ਸਬ ਮਸ਼ੀਨ ਗੰਨ ਐਸ. ਐਲ. ਆਰ. ਅਤੇ 315 ਬੋਰ ਨਾਲ 300 ਗੋਲੀਆਂ ਦੀ ਝੜੀ ਲਗਾ ਦਿੱਤੀ। ਲਗਪਗ 100 ਗੋਲੀਆਂ ਐਸ. ਪੀ. ਕਪੂਰਥਲਾ ਦੀ ਕੋਠੀ ਨੇੜੇ, ਡੀ. ਐਸ. ਪੀ. ਦੀ ਜੀਪ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ: ਕਾਬਲ ਸਿੰਘ ਦੀ ਕਾਰ ਉਪਰ ਚਲਾਈਆਂ ਗਈਆਂ। ਸਵੇਰੇ ਤੜਕੇ ਹੀ ਲਾਸਾਂ ਦਾ ਪੋਸਟ ਮਾਰਟਮ ਕਰਕੇ ਪੁਲਸ ਦੀ ਨਿਗਰਾਨੀ ਵਿਚ ਵਾਰਸਾਂ ਦੇ ਘਰਾਂ ਵਿਚ ਭੇਜ ਦਿਤੀਆਂ ਗਈਆਂ। ਦੋ ਲਾਸ਼ਾਂ ਕਾਂਤਾ ਦੇਵੀ ਤੇ ਰਾਮ ਲੀਲਾ ਦੀਆਂ ਜਲੰਧਰ ਭੇਜ ਦਿਤੀਆਂ ਤੇ ਰਵੇਲ ਸਿੰਘ ਦੀ ਲਾਸ਼ ਉਸਦੇ ਪਿੰਡ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਕੂਲੋਂ ਨਜ਼ਦੀਕ ਮਾਹਲਪੁਰ ਭੇਜੀ ਗਈ ਹੈ। ਨਾਜਰ ਸਿੰਘ ਦੀ ਲਾਸ਼ ਉਸਦੇ ਘਰ ਰੋਪੜ ਵਿਖੇ ਭੇਜੀ ਗਈ ਹੈ। ਬਲਵਿੰਦਰ ਸਿੰਘ ਦੀ ਲਾਸ਼ ਪਿੰਡ ਡੋਗਰਾ ਵਾਲਾ ਜ਼ਿਲਾ ਕਪੂਰਥਲਾ ਵਿਖੇ ਭੇਜੀ ਗਈ ਹੈ ਅਤੇ ਸ੍ਰੀ ਹੀਰਾ ਲਾਲ ਤੇ ਮਨੋਹਰ ਲਾਲ ਦਾ ਸੰਸਕਾਰ ਇਥੇ ਕਰ ਦਿਤਾ ਗਿਆ ਹੈ। ਖਬਰ ਮਿਲਦਿਆਂ ਹੀ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਸ੍ਰੀ ਦਨੇਸ਼ ਚੰਦਰ ਤੇ ਡੀ. ਆਈ. ਜੀ. ਪੁਲਸ ਸ੍ਰੀ ਪੂਰਨ ਚੰਦ ਡੋਗਰਾ ਸਿਵਲ ਹਸਪਤਾਲ ਪਹੁੰਚ ਗਏ। ਸਾਰੇ ਸ਼ਹਿਰ ਵਿਚ ਮਾਤਮ ਛਾਇਆ ਹੋਇਆ ਹੈ। ਸੀ. ਆਰ. ਪੀ. ਐਫ. ਤੇ ਬੀ. ਐਸ. ਐਫ. ਦੀਆਂ ਹੋਰ ਚਾਰ ਕੰਪਨੀਆਂ ਇਥੇ ਪਹੁੰਚ ਗਈਆਂ ਹਨ। ਦਸਿਆ ਜਾਦਾ ਹੈ ਕਿ ਇਹਨਾਂ ਅਤਿਵਾਦੀਆਂ ਨੇ ਜਰਮਨੀ ਦਾਸ ਪਾਰਕ ਦੇ ਨੇੜੇ ਜੀਪ ਖੜੀ ਕੀਤੀ ਹੋਈ ਸੀ ਤੇ ਅਗੇ ਸੜਕ ਉਪਰ ਰਿਸਕਾ ਖੜਾ ਕੀਤਾ ਹੋਇਆ ਸੀ। ਡੀ. ਐਸ. ਪੀ. ਸ. ਬਰਾੜ ਦੀ ਜੀਪ ਜਦ ਨੇੜੇ ਆਈ ਤਾਂ ਉਸ ਉਪਰ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ ਤੇ ਆਪਣੀ ਜੀਪ ਨਾਲ ਪੁਲਸ ਦੀ ਜੀਪ ਦਾ ਪਿਛਾ ਕੀਤਾ ਪਰ ਪੁਲਸ ਜੀਪ ਨੇੜੇ ਹੀ ਐਸ. ਪੀ. ਦੀ ਕੋਠੀ ਅੰਦਰ ਵੜ ਗਈ। ਏਸੇ ਸਮੇਂ ਵਿਚ ਹੀ ਸ: ਕਾਬਲ ਸਿੰਘ ਦੀ ਕਾਰ ਆ ਗਈ ਤਾਂ ਉਸ ਉਪਰ ਦੀ ਗੋਲੀਆਂ ਵਰਾਈਆਂ ਗਈਆਂ। ਐਸ. ਪੀ. ਦੀ ਗਾਰਦ ਨੇ ਅਗੋਂ ਗੋਲੀ ਚਲਾਈ ਤਾਂ ਅਤਿਵਾਦੀਆਂ ਆਪਣੀ ਜੀਪ ਸੈਨਕ ਰੈਸਟ ਹਾਊਸ ਵੱਲ ਗੋਲੀਆਂ ਚਲਾਉਂਦੇ ਆ ਗਏ ਤੇ ਬਹੁਤ ਹੀ ਹਲਕੀ ਚਾਲ ਨਾਲ ਜੀਪ ਚਲਾਕੇ ਸੜਕ ਦੇ ਦੋਵੇਂ ਪਾਸੇ ਗੋਲੀ ਚਲਾਉਂਦੇ ਰਹੇ। ਸਿਵਲ ਹਸਪਤਾਲ ਦੇ ਸਾਹਮਣੇ ਇਕ ਬੱਸ ਤੇ ਸਿਵਲ ਹਸਪਤਾਲ ਦੇ ਡਾਕਟਰ ਦੀ ਕਾਰ ਅਤੇ ਦੂਸਰੇ ਲੋਕਾਂ ਉਪਰ ਵੀ ਗੋਲੀਆਂ ਚਲਾਈਆਂ, ਬੱਸ ਦੇ ਇਕ ਮੁਸਾਫਰ ਰਾਮ ਲਾਲ ਦੇ ਗੋਲੀ ਲਗਣ ਨਾਲ ਮੌਤ ਹੋ ਗਈ ਤੇ ਡਾਕਟਰ ਦੀ ਕਾਰ ਦਾ ਡਰਾਈਵਰ ਨਾਜ਼ਰ ਸਿੰਘ ਵੀ ਗੋਲੀਆਂ ਲਗਣ ਨਾਲ ਮਰ ਗਿਆ।

ਪਸ਼ੂਆਂ ਦੇ ਹਸਪਤਾਲ ਨੇੜੇ ਸ੍ਰੀਮਤੀ ਕਾਂਤਾ ਦੇਵੀ ਵੀ ਗੋਲੀ ਨਾਲ ਹਲਾਕ ਹੋ ਗਈ ਤੇ ਅਤਿਵਾਦੀ ਦੇਸ਼ ਵਿਰੋਧੀ ਨਾਹਰੇ ਲਾਉਂਦੇ ਤੇ ਲਲਕਾਰਦੇ ਹੋਏ ਗੋਲੀਆਂ ਚਲਾਉਂਦੇ ਔਜਲਾ ਰੇਲਵੇ ਫਾਟਕ ਵੱਲ ਜਾਂਦੇ ਰਸਤੇ ਵਿਚ ਇਕ ਲੋਹੇ ਦੇ ਵਪਾਰੀ ਸ੍ਰੀ ਹੀਰਾ ਲਾਲ ਨੂੰ ਵੀ ਢੇਰੀ ਕਰ ਗਏ। ਸਰਕੂਲਰ ਰੋਡ ਉਪਰ ਇਕ ਕੋਲਡ ਸਟੋਰਜ ਨੇੜੇ ਜੈਨ ਸਾਲ ਵੈਕਸ ਕੈਮੀਕਲ ਦੀ ਕਾਰ ਤੇ ਫਾਇਰਿੰਗ ਕੀਤੀ ਔਜਲਾ ਫਾਟਕ ਨੇੜੇ ਮੋਪਡ ਤੇ ਆਉਂਦੇ ਮਨੋਹਰ ਲਾਲ ਨੂੰ ਜ਼ਖਮੀ ਕਰ ਦਿਤਾ। ਜਿਸ ਦੀ ਬਾਅਦ ਵਿਚ ਮੌਤ ਹੋ ਗਈ। ਇਸ ਤੋਂ ਬਾਅਦ ਇਕ ਟਰੱਕ ਤੇ ਵੀ ਫਾਇਰਿੰਗ ਕੀਤੀ ਗਈ। ਪੁਲਸ ਕਪਤਾਨ ਕਪੂਰਥਲਾ ਨੇ ਦਸਿਆ ਕਿ ਢਾਈ 300 ਗੋਲੀਆਂ ਚਲੀਆਂ ਹਨ, ਪਰ ਮੁਜਰਮਾਂ ਦਾ ਸੁਰਾਗ ਹਾਲਾਂ ਤਕ ਨਹੀਂ ਮਿਲਿਆ। ਡਿਪਟੀ ਕਮਿਸ਼ਨਰ ਕੰਵਰ ਗੁਲਵੰਤ ਸਿੰਘ ਨੇ ਦਸਿਆ ਕਿ ਮਰਨ ਵਾਲੇ ਤੇ ਜ਼ਖਮੀ ਹੋਣ ਵਾਲਿਆਂ ਨੂੰ ਮਾਲੀ ਸਹਾਇਤਾ ਦਿਤੀ ਜਾਵੇਗੀ। ਕਪੂਰਥਲਾ ਵਿਚ ਹੋਏ ਇਸ ਖੂਨੀ ਹੋਲੀ ਸਮੇਂ ਸ਼ਹਿਰ ਦੇ ਟੈਲੀਫੋਨ ਲਗਪਗ ਬੰਦ ਪਏ ਸੰਨ, ਜਿਸ ਨਾਲ ਜ਼ਿਲਾ ਅਧਿਕਾਰੀ ਤੇ ਪੱਤਰਕਾਰ ਬਹੁਤ ਪਰੇਸ਼ਾਨ ਹਨ। ਸ਼ਹਿਰ ਵਿਚ ਕਰਫਿਊ ਦਾ ਸਖਤੀ ਨਾਲ ਅਮਲ ਕਰਵਾਇਆ ਜਾ ਰਿਹਾ ਹੈ। ਸ਼ਹਿਰ ਵਿਚ ਸਥਿਤੀ ਕੰਟਰੋਲ ਵਿਚ ਹੈ ਪਰ ਲੋਕ ਸਹਿਮੇ ਹੋਏ ਹਨ। ਸ਼ਹਿਰ ਦੇ ਲੋਕਾਂ ਨੇ ਜ਼ਖਮੀਆਂ ਨੂੰ ਖੁਸ਼ੀ ਖੁਸ਼ੀ ਆਪਣਾ ਖੂਨ ਦਿਤਾ ਤੇ ਬਾਕੀ ਹੋਰ ਵੀ ਮਦਦ ਕੀਤੀ।

ਨੇ. ਨਿ ਏ ਅਨੁਸਾਰ ਕਪੂਰਥਲਾ ਵਿਚ ਅਤਿਵਾਦੀਆਂ ਦੀਆਂ ਗੋਲੀਆਂ ਨਾਲ ਜ਼ਖਮੀ ਹੋਏ ਤੇਰਾਂ ਵਿਅਕਤੀਆਂ ਵਿਚੋਂ ਤਿੰਨ ਵਿਅਕਤੀਆਂ ਜਿਹਨਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟਿੰਗ ਪ੍ਰਧਾਨ ਸ੍ਰੀ ਕਾਬਲ ਸਿੰਘ ਵੀ ਸ਼ਾਮਲ ਹਨ, ਨੂੰ ਜਲੰਧਰ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਬਾਕੀ ਦੋ ਵਿਅਕਤੀਆਂ ਵਿਚ ਮਹਿੰਦਰ ਸਿੰਘ ਅਤੇ ਜਸਵੰਤ ਸਿੰਘ ਸ਼ਾਮਲ ਹਨ। ਇਹ ਦੋਨੇ ਸ੍ਰੀ ਕਾਬਲ ਸਿੰਘ ਦੀ ਕਾਰ ਵਿਚ ਉਹਨਾਂ ਨਾਲ ਬੈਠੇ ਹੋਏ ਸ਼ਨ।

ਅੱਜ ਸਵੇਰੇ ਸ੍ਰੀ ਕਾਬਲ ਸਿੰਘ ਨਾਲ ਸਥਾਨਕ ਪੱਤਰਕਾਰਾਂ ਨੂੰ ਨਾ ਮਿਲਣ ਦਿਤਾ ਗਿਆ। ਜਦ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸ੍ਰੀ ਹਰਚਰਨ ਸਿੰਘ ਮਹਾਲੋਂ ਅਤੇ ਠੇਕੇਦਾਰ ਸੁਰਜਨ ਸਿੰਘ ਨੂੰ ਮੁਲਾਕਾਤ ਲਈ ਉਹਨਾਂ ਪਾਸ ਜਾਣ ਦਿਤਾ ਗਿਆ। ਇਸ ਦੌਰਾਨ ਸਖਤ ਸੁਰਖਿਆ ਪ੍ਰਬੰਧ ਹਸਪਤਾਲ ਵਿਚ ਕੀਤੇ ਗਏ ਸਨ।

# ਕਿਰਤੀ ਕਿਸਾਨ ਯੂਨੀਅਨ ਦੇ ਵਲੰਟੀਅਰਾਂ ਦੀਆਂ ਗ੍ਰਿਫਤਾਰੀਆਂ

ਚੰਡੀਗੜ੍ਹ — ਕਿਰਤੀ ਕਿਸਾਨ ਯੂਨੀਅਨ ਪੰਜਾਬ ਵਲੋਂ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਸ਼ੁਰੂ ਕੀਤੇ ਗਏ ਪੜਾਅਵਾਰ ਗ੍ਰਿਫਤਾਰੀਆਂ ਦੇਣ ਦੇ ਪਰੋਗਰਾਮ ਦੇ ਤਹਿਤ ਅੰਮ੍ਰਿਤਸਰ, ਜਲੰਧਰ ਅਤੇ ਕਪੂਰਥਲਾ ਜ਼ਿਲਿਆਂ ਤੋਂ ਆਏ ਹੋਏ ਯੂਨੀਅਨ ਦੇ ਵਾਲੰਟੀਅਰਾਂ ਵਲੋਂ ਸਥਾਨਕ ਐਮ. ਐਲ. ਏ. ਹੋਸਟਲ ਦੇ ਸਾਹਮਣੇ ਮੁੜ ਗ੍ਰਿਫਤਾਰੀਆਂ ਦਿੱਤੀਆਂ ਗਈਆਂ। ਇਸ ਗੱਲ ਦਾ ਪ੍ਰਗਟਾਵਾ ਯੂਨੀਅਨ ਦੇ ਸੂਬਾਈ ਪ੍ਰਧਾਨ ਸ੍ਰੀ ਜੋਮਲ ਸਿੰਘ ਪੱਡਾ ਵਲੋਂ ਕੀਤਾ ਗਿਆ।

ਕਿਸਾਨ ਆਗੂ ਨੇ ਦੋਸ਼ ਲਗਾਇਆ ਕਿ ਪੁਲੀਸ ਵਲੋਂ ਇਨ੍ਹਾਂ ਜ਼ਿਲਿਆਂ ਤੋਂ ਗ੍ਰਿਫਤਾਰੀਆਂ ਦੇਣ ਲਈ ਚੰਡੀਗੜ੍ਹ ਪਹੁੰਚ ਰਹੇ ਸੈਂਕੜੇ ਕਿਸਾਨਾਂ ਨੂੰ ਮੋਹਾਲੀ ਬੈਰੀਅਰ ਤੇ ਰੋਕ ਲਏ ਜਾਣ ਕਾਰਨ ਉਹ ਗ੍ਰਿਫਤਾਰੀਆਂ ਦੇਣ ਲਈ ਪ੍ਰਦਰਸ਼ਨ ਵਾਲੀ ਜਗ੍ਹਾ ਉਪਰ ਪਹੁੰਚ ਨਾ ਸਕੇ। ਹਿਰਾਸਤ ਵਿਚ ਲਏ ਗਏ ਕਿਸਾਨ ਵਾਲੰਟੀਅਰਾਂ ਵਿਚ ਯੂਨੀਅਨ ਦੀ ਅੰਮ੍ਰਿਤਸਰ ਜ਼ਿਲਾ ਕਮੇਟੀ ਦਾ ਮੈਂਬਰ ਸੁਖਰਾਜ ਸਿੰਘ ਛੀਨਾ ਵੀ ਸ਼ਾਮਲ ਸੀ। ਕਿਰਤੀ ਕਿਸਾਨ ਯੂਨੀਅਨ ਵਲੋਂ ਡੀਜ਼ਲ, ਤੇਲ ਦੀਆਂ ਕੀਮਤਾਂ ਅਤੇ ਆਬਿਆਨੇ 'ਚ ਕੀਤਾ ਗਿਆ ਵਾਧਾ ਵਾਪਸ ਲਏ ਜਾਣ, ਲਿੰਕ ਨਹਿਰ ਦੀ ਸੇਧ ਤਬਦੀਲ ਕੀਤੇ ਜਾਣ, ਹੁਸ਼ਿਆਰਪੁਰ ਛਾਉਣੀ ਦੀ ਜਗ੍ਹਾ ਬਦਲੇ ਜਾਦ ਅਤੇ ਸਰਹੱਦੀ ਇਲਾਕੇ ਦੇ ਪਿੰਡਾਂ 'ਚ ਸ਼ਨਾਖਤੀ ਕਾਰਡ ਜਾਰੀ ਕਰਨ ਦੀਆਂ ਮੰਗਾਂ ਨੂੰ ਲੈ ਕੇ ਤਿੰਨ ਮਾਰਚ ਤੋਂ ਪੜਾਅਵਾਰ ਗ੍ਰਿਫਤਾਰੀਆਂ ਦਾ ਪਰੋਗਰਾਮ ਸ਼ੁਰੂ ਕੀਤਾ ਹੋਇਆ ਹੈ।

# ਮੁਸਲਮਾਨਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਕਾਨਫਰੰਸ

ਚੰਡੀਗੜ੍ਹ — ਦੇਸ਼ ਭਰ ਦੇ ਉਘੇ ਮੁਸਲਮਾਨ ਆਗੂ ਅਤੇ ਪ੍ਰਤੀਨਿਧ ਇਥੇ 18 ਅਪਰੈਲ ਨੂੰ ਹੋਣ ਵਾਲੀ ਇਕ ਕਾਨਫਰੰਸ ਵਿਚ ਭਾਗ ਲੈਣਗੇ। ਇਸ ਮੌਕੇ 'ਤੇ ਇਸ ਫਿਰਕੇ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਚੰਡੀਗੜ੍ਹ ਵਿਚ ਇਹ ਆਪਣੀ ਕਿਸਮ ਦੀ ਪਹਿਲੀ ਕਾਨਫਰੰਸ ਹੋਵੇਗੀ ਜਿਸ ਦਾ ਆਯੋਜਨ ਅੰਜੁਮਨ, ਹਿਫਾਜਤ ਏ-ਇਲਾਮ ਜਾਮੀਆ ਮਸਜਿਦ ਚੰਡੀਗੜ੍ਹ ਵਲੋਂ ਕੀਤਾ ਜਾਵੇਗਾ। ਕਾਨਫਰੰਸ ਦੀ ਪ੍ਰਧਾਨਗੀ ਆਲ ਇੰਡੀਆ ਪਰਸਨਲ ਲਾਅ ਬੋਰਡ ਦੇ ਪ੍ਰਧਾਨ ਮੌਲਾਨਾ ਸਈਅਦ ਅਬੁਲਹਸਨ ਕਰਨਗੇ। ਇਸਤਰੀਆਂ ਦੀਆਂ ਸਮੱਸਿਆਵਾਂ ਬਾਰੇ ਕਾਨਫਰੰਸ ਦੌਰਾਨ ਇਕ ਵੱਖਰਾ ਸੈਸ਼ਨ ਕੀਤਾ ਜਾਵੇਗਾ।

ਇਹ ਜਵਾਨੀ ਦੀ ਨਦੀ ਦੇ ਭੰਵਰ ਨੇ,
ਇਹ ਮਿਰੇ ਬਚਪਨ ਦੇ ਗੂਹੜੇ ਯਾਰ ਨੇ।

# ਡੀ. ਸੀ. ਵਲੋਂ ਗੜ੍ਹੇਮਾਰ ਪਿੰਡਾਂ ਦਾ ਦੌਰਾ

ਮੋਗਾ — ਫਰੀਦਕੋਟ ਦੇ ਡਿਪਟੀ ਕਮਿਸ਼ਨਰ ਸ੍ਰੀ ਭੁਪਿੰਦਰ ਸਿੰਘ ਸਿੱਧੂ ਨੇ ਪਿਛਲੇ ਦਿਨਾ ਦੌਰਾਨ ਹੋਈ ਗੜ੍ਹੇਮਾਰ ਕਾਰਨ ਤਬਾਹ ਹੋਈਆਂ ਫਸਲਾਂ ਦਾ ਜਾਇਜ਼ਾ ਲੈਣ ਲਈ ਇਸ ਸਬ ਡਿਵੀਜ਼ਨ ਦੇ ਕੋਈ ਦੋ ਦਰਜਨ ਪਿੰਡਾਂ ਦਾ ਦੌਰਾ ਕੀਤਾ। ਡੀ. ਸੀ. ਨੇ ਦੱਸਿਆ ਕਿ ਹੁਣ ਤੱਕ 34 ਪਿੰਡਾਂ ਵਿਚ ਗੜਿਆਂ ਨਾਲ ਫਸਲਾਂ ਨਸ਼ਟ ਹੋਣ ਦੀਆਂ ਖਬਰਾਂ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਮਾਲ ਅਧਿਕਾਰੀਆਂ ਨੂੰ ਕਣਕ ਅਤੇ ਹੋਰ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਰਦਾਵਰੀਆਂ ਕਰਨ ਲਈ ਕਹਿ ਦਿਤਾ ਗਿਆ ਹੈ। ਡੀ ਸੀ ਨੇ ਦੱਸਿਆ ਕਿ ਮੁਕਤਸਰ ਅਤੇ ਮਲੋਟ ਦੇ ਇਲਾਕਿਆਂ ਵਿਚੋਂ ਵੀ ਨੁਕਸਾਨ ਹੋਣ ਦੀਆਂ ਖਬਰਾਂ ਮਿਲੀਆਂ ਹਨ।

# ਸ਼ਹੀਦਾਂ ਦੀ ਯਾਦਗਾਰ ਦੀ ਤਿਆਰੀ ਲਈ ਕਮੇਟੀ ਕਾਇਮ

ਫਿਰੋਜ਼ਪੁਰ — ਹੁਸੈਨੀਵਾਲਾ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦਗਾਰ ਕਾਇਮ ਕਰਨ ਲਈ ਪੰਜਾਬ ਦੇ ਰਾਜਪਾਲ ਡਾ. ਸ਼ੰਕਰ ਦਿਆਲ ਸ਼ਰਮਾ ਦੀ ਅਗਵਾਈ ਹੇਠ ਇਕ ਕਮੇਟੀ ਕਾਇਮ ਕੀਤੀ ਜਾ ਰਹੀ ਹੈ। ਇਸ ਕਮੇਟੀ ਨੇ 23 ਮਾਰਚ ਨੂੰ ਹੁਸੈਨੀਵਾਲਾ ਦਾ ਦੌਰਾ ਕੀਤਾ। ਪੰਜਾਬ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸ੍ਰੀ ਡੀ. ਐਸ. ਜਸਪਾਲ, ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਸ੍ਰੀ ਇੰਦਰਜੀਤ ਸਿੰਘ ਅਤੇ ਰਾਕ ਗਾਰਡਨ (ਚੰਡੀਗੜ੍ਹ) ਦੇ ਨਿਰਮਾਤਾ ਸ੍ਰੀ ਨੇਕ ਚੰਦ ਨੇ ਬੀਤੇ ਦਿਨ ਸਮਾਧੀ ਵਾਲੀ ਥਾਂ ਦਾ ਦੌਰਾ ਕੀਤਾ। ਸ਼ਹੀਦਾਂ ਦੀ ਯਾਦਗਾਰ ਦਾ ਨੀਂਹ ਪੱਥਰ ਪਿਛਲੇ ਸਾਲ 23 ਮਾਰਚ ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਰੱਖਿਆ ਸੀ।

# ਨਜ਼ਰਬੰਦਾਂ ਦੀ ਰਿਹਾਈ ਲਈ ਯਤਨ ਜਾਰੀ

ਫਗਵਾੜਾ — ਸੈਰ ਸਪਾਟੇ ਬਾਰੇ ਰਾਜ ਮੰਤਰੀ ਸੁੱਚਾ ਸਿੰਘ ਛੋਟੇਪੁਰ ਨੇ ਇਥੇ ਕਿਹਾ ਕਿ ਬਰਨਾਲਾ ਸਰਕਾਰ ਵਲੋਂ ਗੁੰਮਰਾਹ ਹੋਏ ਨੌਜਵਾਨਾਂ ਨੂੰ "ਮੋੜ ਲਿਆਉਣ" ਦੇ ਯਤਨ ਜਾਰੀ ਹਨ ਤੇ ਦਾਅਵਾ ਕੀਤਾ ਕਿ ਜੋਧਪੁਰ ਜੇਲ੍ਹ ਵਿਚਲੇ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਾਉਣ ਲਈ ਅਕਾਲੀ ਸਰਕਾਰ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਿਚ ਕੋਈ ਫੁੱਟ ਨਹੀਂ। ਰਾਜ ਮੰਤਰੀ ਨੇ ਕਿਹਾ ਕਿ ਅਕਾਲੀ ਸਰਕਾਰ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੇ ਕਹਿਣ ਅਨੁਸਾਰ ਵਿਸਾਖੀ ਵਾਲੇ ਦਿਨ ਤੱਕ ਚੰਡੀਗੜ੍ਹ ਦੇ ਪੰਜਾਬ 'ਚ ਸ਼ਾਮਲ ਹੋ ਜਾਣ ਦੀ ਸੰਭਾਵਨਾ ਹੈ।

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

S. & S. INSURANCE
6658 Main St. Vancouver
ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੇਂਸ ਦਫਤਰ
ਇੰਨਸ਼ੋਰੇਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੇਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

ਦਲਜੀਤ ਸਿੰਘ ਸਿੱਧੂ
Autoplan
RENEW EARLY INSURANCE
* FINANCING AVAILABLE
* SAFE DRIVING DISCOUNT (if eligible)
Ph. 324-5711

ਹਰਦੇਵ ਸਿੰਘ ਗਿੱਲ
324-5711

# ਫੈਡਰੇਸ਼ਨ ਵਲੋਂ ਧਮਕੀ

ਆਨੰਦਪੁਰ ਸਾਹਿਬ — ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਧਮਕੀ ਦਿੱਤੀ ਹੈ ਕਿ ਜੇ ਸੀ. ਆਰ. ਪੀ. ਦੇ ਮੁਲਾਜ਼ਮਾਂ ਨੇ ਤਖਤ ਕੇਸਗੜ੍ਹ ਸਾਹਿਬ ਦੇ ਨੇੜੇ ਬੀੜੀਆਂ ਸਿਗਰਟਾਂ ਪੀਣੀਆਂ ਬੰਦ ਨਾ ਕੀਤੀਆਂ ਤਾਂ ਜਥੇਬੰਦੀ ਸਿੱਧੀ ਕਾਰਵਾਈ ਕਰੇਗੀ। ਫੈਡਰੇਸ਼ਨ ਦੀ ਜ਼ਿਲਾ ਹੁਸ਼ਿਆਰਪੁਰ ਯੂਨਿਟ ਦੇ ਪ੍ਰਧਾਨ ਸ: ਭੁਪਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਸੀ. ਆਰ. ਪੀ. ਵਾਲੇ ਗੁਰਦੁਆਰੇ ਆਉਣ ਵਾਲੇ ਸ਼ਰਧਾਲੂਆਂ ਦੀ ਤਲਾਸ਼ੀ ਲੈ ਕੇ ਉਨ੍ਹਾਂ ਨੂੰ ਪਰੇਸ਼ਾਨ ਕਰਦੇ ਹਨ। ਉਨ੍ਹਾਂ ਸੀ. ਆਰ. ਪੀ. ਨੂੰ ਅਜਿਹੀਆਂ ਹਰਕਤਾਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿਤੀ। ਵਰਨਣਯੋਗ ਹੈ ਕਿ ਬੀਤੇ ਦਿਨੀਂ ਇਥੇ ਫੈਡਰੇਸ਼ਨ ਦੇ ਵਰਕਰਾਂ ਤੇ ਸੀ. ਆਰ. ਪੀ. ਵਿਚਕਾਰ ਝੜਪ ਹੋਣ ਤੋਂ ਟਲੀ ਸੀ।

ਫੈਡਰੇਸ਼ਨ ਵਰਕਰਾਂ ਦੇ ਇਥੇ ਪਹੁੰਚੇ ਗਰੁੱਪ ਦੀ ਅਗਵਾਈ ਕਰ ਰਹੇ ਸ. ਭੁਪਿੰਦਰ ਸਿੰਘ ਨੇ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਸਥਾਨਕ ਅਧਿਕਾਰੀ ਉਨ੍ਹਾਂ ਦੀ ਕਿਸੇ ਤਰ੍ਹਾਂ ਮੱਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਕਿਸੇ ਦੀ ਮਦਦ ਦੀ ਮੁਥਾਜ ਨਹੀਂ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਤੇ ਗੁਰਦਾਸਪੁਰ ਜ਼ਿਲਿਆਂ ਤੋਂ ਫੈਡਰੇਸ਼ਨ ਵਰਕਰ ਇਥੇ ਪਹੁੰਚ ਹੋਏ ਹਨ। ਸ: ਭੁਪਿੰਦਰ ਸਿੰਘ ਨੇ ਦੱਸਿਆ ਕਿ ਉਹ ਗੁਰਦੁਆਰੇ ਉਤੇ ਕਬਜ਼ਾ ਕਰਨ ਦਾ ਇਰਾਦਾ ਨਾਹੀਂ ਰੱਖਦੇ। ਉਨ੍ਹਾਂ ਦਾ ਮਕਸਦ ਹੋਲੇ ਮਹੱਲੇ ਦੇ ਮੌਕੇ ਉਤੇ ਕਨਵੈਨਸ਼ਨ ਕਰ ਕੇ ਲੋਕਾਂ ਤੱਕ ਆਪਣੇ ਵਿਚਾਰ ਪਹੁੰਚਾਣ ਦਾ ਹੈ। ਉਨ੍ਹਾਂ ਦੱਸਿਆ ਕਿ ਕਨਵੈਨਸ਼ਨ ਅਮਨ-ਪੂਰਬਕ ਹੋਵੇਗੀ। ਫੈਡਰੇਸ਼ਨ ਤੇ ਟਕਸਾਲ ਦੇ ਉਘੇ ਆਗੂ ਇਸ ਨੂੰ ਸੰਬੋਧਨ ਕਰਨਗੇ। ਇਸੇ ਦੌਰਾਨ ਇਥੇ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰ ਦਿੱਤੇ ਗਏ। ਆਨੰਦਪੁਰ ਸਾਹਿਬ ਨੂੰ ਜਾਂਦੀਆਂ ਸਭ ਸੜਕਾਂ ਉਤੇ ਪੁਲੀਸ ਚੌਕੀਆਂ ਕਾਇਮ ਕਰ ਦਿੱਤੀਆਂ ਗਈਆਂ ਹਨ ਅਤੇ ਆਉਣ ਜਾਣ ਵਾਲੀ ਹਰ ਗੱਡੀ ਦੀ ਤਲਾਸ਼ੀ ਲਈ ਜਾ ਰਹੀ ਹੈ। ਤਖਤ ਕੇਸਗੜ੍ਹ ਸਾਹਿਬ ਦੇ ਚਾਰ ਚੁਫੇਰੇ ਸੀ. ਆਰ. ਪੀ. ਤਾਇਨਾਤ ਕਰ ਦਿੱਤੀ ਗਈ ਹੈ।

# ਡਾਕਟਰਾਂ ਦੀ ਹੜਤਾਲ

ਪਟਿਆਲਾ — ਪੰਜਾਬ ਸਿਵਲ ਮੈਡੀਕਲ ਸਰਵਿਸਜ਼ (ਪੀ. ਸੀ. ਐਮ. ਐਸ.) ਐਸੋਸੀਏਸ਼ਨ ਨੇ ਸਿਹਤ ਮੰਤਰੀ ਵਲੋਂ ਡਾਕਟਰਾਂ ਦੀਆਂ ਮੰਗਾਂ ਪ੍ਰਤੀ 'ਟਾਲਮਟੋਲ ਵਾਲੀ ਨੀਤੀ' ਵਿਰੁਧ ਰੋਸ ਪ੍ਰਗਟ ਲਈ 21 ਮਾਰਚ ਨੂੰ ਹੜਤਾਲ ਕੀਤੀ। ਐਸੋਸੀਏਸ਼ਨ ਦੇ ਪਰਚਾਰ ਸਕੱਤਰ ਡਾ. ਹਰਚਰਨ ਸਿੰਘ ਨੇ ਇਥੇ ਰਾਜ ਦੇ ਸਾਰੇ ਟੈਕਨੋਕਰੇਟਾਂ ਨੂੰ ਅਪੀਲ ਕੀਤੀ ਕਿ ਉਹ ਡਾਕਟਰਾਂ ਦੀਆਂ ਮੰਗਾਂ ਨੂੰ ਸਾਹਮਣੇ ਰੱਖਦਿਆਂ ਇਕਮੁੱਠ ਹੋ ਕੇ ਸਹਿਯੋਗ ਦੇਣ। ਉਨ੍ਹਾਂ ਸਿਹਤ ਮੰਤਰੀ ਦੇ ਇਸ ਦਾਅਵੇ ਦਾ ਵੀ ਖੰਡਨ ਕੀਤਾ ਕਿ ਸਰਕਾਰ ਨੇ ਡਾਕਟਰਾਂ ਦੀਆਂ ਮੰਗਾਂ ਪ੍ਰਵਾਨ ਕਰ ਲਈਆਂ ਹਨ। ਉਨ੍ਹਾਂ ਨੇ ਸਿਹਤ ਮੰਤਰੀ ਦੇ ਇਸ ਦਾਅਵੇ ਨੂੰ 'ਗੈਰਜ਼ਿੰਮੇਵਾਰਾਨਾ ਤੇ ਗੁੰਮਰਾਹਕੁਨ' ਦੱਸਿਆ ਤੇ ਕਿਹਾ ਕਿ ਇਹੋ ਜਿਹੇ ਗਲਤ ਬਿਆਨਾਂ ਨਾਲ ਮਸਲੇ ਹੱਲ ਨਹੀਂ ਹੁੰਦੇ।

# ਜਨਰਲ ਸੁੰਦਰਜੀ ਅਤੇ ਸਾਕਾ ਨੀਲ ਤਾਰਾ

**ਜਨਰਲ ਕ੍ਰਿਸ਼ਨਾ ਸਵਾਮੀ ਸੁੰਦਰਜੀ ਭਾਰਤੀ ਫੌਜ ਦੇ ਮੁਖੀ ਹਨ। ਇਸ ਅਹੁਦੇ ਤੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੇ ਕਈ ਇਕ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ ਜਿਨ੍ਹਾਂ ਵਿਚੋਂ ਇਕ ਜੂਨ 1984 ਦੌਰਾਨ ਅੰਮ੍ਰਿਤਸਰ ਵਿਖੇ ਹੋਈ ਨੀਲ ਤਾਰਾ ਕਾਰਵਾਈ ਸੀ। ਇਸੇ ਵਿਸ਼ੇ ਤੇ ਉਨ੍ਹਾਂ ਨੇ ਪਿਛਲੇ ਦਿਨੀਂ "ਇਲਸਟਰੇਟਿਡ ਵੀਕਲੀ" ਨੂੰ ਇਕ ਇੰਟਰਵਿਊ ਦਿੱਤਾ ਜਿਸ ਦੇ ਕੁਝ ਅੰਸ਼ ਅਸੀਂ ਹੇਠਾਂ ਛਾਪ ਰਹੇ ਹਾਂ।**

? ਅੱਜ ਕੱਲ੍ਹ ਫੌਜ ਦੀ ਸਿਵਲ ਪ੍ਰਸ਼ਾਸਨ ਲਈ ਵਧੇਰੇ ਵਰਤੋਂ ਕਿਉਂ ਹੋਣ ਲੱਗ ਪਈ ਹੈ। ਕੀ ਇਸ ਦਾ ਫੌਜ ਉਤੇ ਤਾਂ ਕੋਈ ਅਸਰ ਨਹੀਂ ਪਏਗਾ?

– ਸੰਵਿਧਾਨਕ ਤੌਰ 'ਤੇ ਫੌਜ ਦਾ ਇਸ ਸਬੰਧ ਵਿਚ ਦੂਸਰੇ ਦਰਜੇ ਦਾ ਰੋਲ ਹੈ! ਜੇ ਫੌਜ ਨੂੰ ਅਮਨ ਤੇ ਕਾਨੂੰਨ ਦੀ ਮੁੜ ਬਹਾਲੀ ਜਾਂ ਕੁਦਰਤੀ ਅਲਾਮਤਾਂ ਵਿਚ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਲਈ ਕਿਹਾ ਜਾਏ ਤਾਂ ਇਹ ਆਪਣੀ ਮਦਦ ਦਿੰਦੀ ਹੈ। ਪਰ ਜਿਵੇਂ ਕਿ ਤੁਸੀਂ ਠੀਕ ਹੀ ਕਿਹਾ ਹੈ ਕਿ ਪਿਛਲੇ ਕੁਝ ਵਰ੍ਹਿਆਂ ਤੋਂ ਫੌਜ ਨੂੰ ਸਿਵਲ ਅਧਿਕਾਰੀਆਂ ਦੀ ਸਹਾਇਤਾ ਲਈ ਵਧੇਰੇ ਬੁਲਾਇਆ ਜਾਣ ਲੱਗ ਪਿਆ ਹੈ।

ਇਸ ਤੋਂ ਬਿਨਾਂ ਇਹ ਫੌਜੀ ਲਈ ਵੀ ਬੜਾ ਨਾਖੁਸ਼ ਗਵਾਰ ਕੰਮ ਹੈ। ਉਹ ਖੁਦ ਇਸ ਕੰਮ ਲਈ ਰਜ਼ਾਮੰਦ ਨਹੀਂ ਹੁੰਦਾ। ਪਰ ਉਸ ਨੂੰ ਬੱਧੇ ਰੁੱਧੇ ਨੂੰ ਆਪਣੇ ਫਰਜ਼ ਵਜੋਂ ਕਰਨਾ ਵੀ ਪੈਂਦਾ ਹੈ। ਉਹ ਤਾਂ ਸਗੋਂ ਉਦੋਂ ਸਿਵਲ ਪ੍ਰਸ਼ਾਸਨ ਦੀ ਸਰਾਹਣਾ ਕਰਦਾ ਹੈ ਜਦੋਂ ਉਸ ਨੂੰ ਇਸ ਲਈ ਬੁਲਾਇਆ ਨਹੀਂ ਜਾਂਦਾ। ਦੂਰ ਕੀ ਜਾਣਾ ਹੈ ਇਸ ਤੱਥ ਨੂੰ ਖੁਦ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀਆਂ ਨੇ ਵੀ ਭਲੀ ਭਾਂਤ ਸਮਝ ਲਿਆ ਹੈ। ਉਹ ਅਮਨ ਕਾਨੂੰਨ ਕਾਇਮ ਰੱਖਣ ਵਾਲੇ ਸਿਵਲ ਅਧਿਕਾਰੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਨਾਉਣ ਲਈ ਕਦਮ ਚੁੱਕ ਰਹੇ ਹਨ। ਮੈਂ ਸਮਝਦਾ ਹਾਂ ਜੇ ਇਹ ਗੱਲ ਕਾਫੀ ਹੱਦ ਤਕ ਪ੍ਰਭਾਵਸ਼ਾਲੀ ਹੋ ਜਾਂਦੀ ਹੈ ਤਾਂ ਫਿਰ ਫੌਜ ਨੂੰ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਲਈ ਸ਼ਾਇਦ ਬਹੁਤਾ ਨਾ ਬੁਲਾਇਆ ਜਾਇਆ ਕਰੇ।

? ਇਸ ਨਾਲ ਕਿਤੇ ਫੌਜ ਦਾ ਸਿਆਸੀਕਰਣ ਤਾਂ ਨਹੀਂ ਹੋ ਜਾਏਗਾ ਖਾਸ ਤੌਰ 'ਤੇ ਪੰਜਾਬ ਵਿਚ?

– ਨਹੀਂ, ਅਜਿਹੀ ਗੱਲ ਨਹੀਂ। ਕਿਉਂਕਿ ਫੌਜ ਨੇ ਹੁਣ ਤਕ ਕਿਸੇ ਵੀ ਥਾਂ ਪ੍ਰਸ਼ਾਸਨ ਖੁਦ ਨਹੀਂ ਸੰਭਾਲਿਆ–ਏਥੋਂ ਤਕ ਕਿ ਐਮਰਜੈਂਸੀ ਵਿਚ ਵੀ ਨਹੀਂ। ਹਾਂ, ਜਿੱਥੋਂ ਤਕ ਪੰਜਾਬ ਦਾ ਸਬੰਧ ਹੈ ਉਥੇ ਜਨਰਲ ਰਣਜੀਤ ਸਿੰਘ ਦਿਆਲ ਨੂੰ ਸੁਰੱਖਿਆ ਮਸਲਿਆਂ ਸਬੰਧੀ ਰਾਜਪਾਲ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਕਿਉਂਕਿ ਉਦੋਂ ਇਨ੍ਹਾਂ ਮਸਲਿਆਂ ਵਿਚ ਫੌਜ ਦੀ ਕਾਫੀ ਸ਼ਮੂਲੀਅਤ ਸੀ। ਦੂਜੇ ਪਾਸੇ ਪੁਲੀਸ ਸਲਾਹਕਾਰ ਰਾਜਪਾਲ ਨੂੰ ਫੌਜੀ ਮਸਲਿਆਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਦੇ ਸਕਦਾ। ਇਸ ਕਰ ਕੇ ਜਨਰਲ ਦਿਆਲ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ।

? ਤੁਹਾਨੂੰ ਨੀਲ ਤਾਰਾ ਕਾਰਵਾਈ ਨੇਪਰੇ ਚਾੜ੍ਹਨ ਲਈ ਕਦੋਂ ਆਖਿਆ ਗਿਆ?

– ਜਦੋਂ ਕਦੀ ਸੰਭਵ ਸਥਿਤੀ ਅਸੰਭਵ ਵਾਲੀ ਹੋਣ ਲਗਦੀ ਹੈ ਤਾਂ ਆਮ ਕਰ ਕੇ ਪਹਿਲਾਂ ਚਿਤਾਵਨੀ ਦਿੱਤੀ ਜਾਂਦੀ ਹੈ। ਪਰ ਅਸੀਂ 1983 ਦੇ ਅੰਤ ਤੋਂ ਪਹਿਲਾਂ ਹੀ ਇਸ ਮਸਲੇ ਬਾਰੇ ਕਾਫੀ ਜਾਣੂ ਹੋ ਗਏ ਸਾਂ। ਉਂਜ ਇਸ ਸਬੰਧੀ ਠੋਸ ਫੈਸਲਾ ਸ਼ਾਇਦ ਮਈ ਦੇ ਅੰਤ ਜਿਹੇ ਵਿਚ ਹੋਇਆ ਜਦੋਂ ਇਹ ਇਕ ਤਰ੍ਹਾਂ ਜ਼ਰੂਰੀ ਬਣ ਗਿਆ ਸੀ।

? ਕੀ ਤੁਹਾਨੂੰ ਅਤਿਵਾਦੀਆਂ ਬਾਰੇ ਕਾਫੀ ਜਾਣਕਾਰੀ ਸੀ?

– ਹਾਂ, ਸਾਨੂੰ ਉਨ੍ਹਾਂ ਦੇ ਰੇਡੀਓ ਨੈਟਵਰਕ ਤੋਂ ਬਿਨਾਂ ਹੋਰ ਸਭ ਕਾਸੇ ਬਾਰੇ ਜਾਣਕਾਰੀ ਸੀ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਕੰਮ ਕਰਦੇ ਇਹ ਰੇਡੀਓ ਬੜੀ ਉਚੇਰੀ ਫਰੀਕੁਐਂਸੀ ਵਾਲੇ ਸਨ। ਉਥੇ ਤਿੰਨ ਟੈਲੀਪ੍ਰਿੰਟਰ ਵੀ ਸਨ। ਉਥੇ ਪਾਕਿਸਤਾਨੀ ਐਸ. ਐਸ. ਜੀ. ਵਿਅਕਤੀਆਂ ਦਾ ਵੀ ਇਕ ਟੋਲਾ ਸੀ। ਨੀਮ ਕਮਾਂਡੋ ਵੀ ਸਨ ਜੋ, ਮਾਰਚ ਤੋਂ ਲੈ ਕੇ ਅਗਸਤ ਤਕ ਪੰਜਾਬ ਵਿਚ ਆਪਣੀਆਂ ਸਰਗਰਮੀਆਂ ਵਿਚ ਰੁੱਝੇ ਹੋਏ ਸਨ।

? ਤੁਹਾਡਾ ਭਾਵ ਉਹ ਅੱਤਵਾਦੀਆਂ ਦਾ ਸਾਥ ਦੇ ਰਹੇ ਸਨ?

– ਉਹ ਪੰਜਾਬ ਤੋਂ ਸਿਆਲਕੋਟ ਨੇੜੇ ਆਪਣੇ ਮੁਖ ਸਟੇਸ਼ਨ ਅਤੇ ਭਾਰਤ ਵਿਚ ਬਣੇ ਆਪਣੇ ਹੋਰ ਸਟੇਸ਼ਨਾਂ ਨਾਲ ਗੱਲਬਾਤ ਕਰਦੇ ਸਨ। ਇਨ੍ਹਾਂ ਦਾ ਸਾਨੂੰ ਜੁਲਾਈ ਵਿਚ ਉਦੋਂ ਅਚਾਨਕ ਪਤਾ ਲੱਗਾ ਜਦੋਂ ਕਿ ਕਾਫੀ ਦੇਰ ਹੋ ਚੁੱਕੀ ਸੀ। ਉਨ੍ਹਾਂ ਦੀਆਂ ਗੱਲਾਂ ਬਾਤਾਂ ਤੋਂ ਸਾਨੂੰ ਇਹ ਪਤਾ ਲੱਗਾ ਕਿ ਉਹ ਤਾਂ ਮਾਰਚ ਤੋਂ ਆਪਣੀਆਂ ਗਤੀਵਿਧੀਆਂ ਵਿਚ ਰੁੱਝੇ ਹੋਏ ਸਨ।

? ਤੁਹਾਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਵਾਲੇ ਦਿਨ 3 ਜੂਨ ਨੂੰ ਹੀ ਇਹ ਨੀਲ ਤਾਰਾ ਕਾਰਵਾਈ ਕਿਉਂ ਕਰਨੀ ਪਈ ਜਦੋਂ ਕਿ ਉਸ ਦਿਨ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਲੱਖਾਂ ਹਜ਼ਾਰਾਂ ਸ਼ਰਧਾਲੂਆਂ ਨੇ ਪੁੱਜਣਾ ਸੀ?

– ਹਰ ਇਕ ਦੇ ਮਨ ਦੀ ਇਹ ਧਾਰਨਾ ਹੁੰਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਅਜਿਹੇ ਆਮ ਸਮਿਆਂ ਤੇ ਹਜ਼ਾਰਾਂ ਲੋਕ ਇਕੱਠੇ ਹੁੰਦੇ ਹਨ। ਪਰ ਅਸਲ ਵਿਚ ਉਥੇ 1500 ਤੋਂ ਵੱਧ ਲੋਕ ਨਹੀਂ ਸਨ। ਕਾਰਨ ਸ਼ਾਇਦ ਇਹ ਸੀ ਕਿ 27-28 ਮਈ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰੋਂ ਅੰਦਰੋਂ ਗੋਲਾਬਾਰੀ ਹੁੰਦੀ ਰਹੀ ਸੀ। ਇਸੇ ਕਾਰਨ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਗੋਲੀਆਂ ਦੇ ਕਈ ਨਿਸ਼ਾਨ ਪੈ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਨਿਸ਼ਾਨਾਂ ਨੂੰ ਗਿਣਿਆ ਅਤੇ ਇਨ੍ਹਾਂ ਦੇ ਦੁਆਲੇ ਲਾਲ ਸਿਆਹੀ ਨਾਲ ਚੱਕਰ ਲਗਾ ਦਿੱਤੇ ਤੇ ਉਪਰ ਪਹਿਲੀ ਜੂਨ ਲਿਖ ਦਿੱਤਾ।

ਅਸੀਂ 2 ਜੂਨ ਨੂੰ 9.30 ਵਜੇ ਉਥੇ ਪੁੱਜੇ ਅਤੇ ਕੰਪਲੈਕਸ ਦੇ ਦੁਆਲੇ ਕੇਂਦਰੀ ਰੀਜ਼ਰਵ ਪੁਲੀਸ ਫੋਰਸ ਦਾ ਘੇਰਾ ਲਾਗੂ ਕਰ ਦਿੱਤਾ। ਨਤੀਜੇ ਵਜੋਂ ਬਸ ਗਿਣਤੀ ਦੇ ਕੁਝ ਇਕ ਬਹੁਤ ਦਲੇਰ ਅਤੇ ਸਖਤ ਰਵੱਈਏ ਵਾਲੇ ਲੋਕਾਂ ਨੂੰ ਛੱਡ ਕੇ ਬਾਕੀ ਨਾ ਕੋਈ ਕੰਪਲੈਕਸ ਦੇ ਅੰਦਰ ਜਾ ਸਕਿਆ ਤੇ ਨਾ ਕੋਈ ਉਥੋਂ ਬਾਹਰ ਆ ਸਕਿਆ। ਇਸ ਨਾਕਾਬੰਦੀ ਦਾ ਮੰਤਵ ਨਾ ਕਿਸੇ ਨੂੰ ਕੰਪਲੈਕਸ ਅੰਦਰ ਜਾਣ ਦੇਣਾ ਸੀ ਤੇ ਨਾ ਹੀ ਬਾਹਰ ਆਉਣ ਦੇਣਾ ਸੀ। ਇਉਂ ਗਿਣਤੀ ਦੇ ਲੋਕ ਹੀ ਅੰਦਰ ਗਏ। ਜਿਹੜੇ ਬਦਕਿਸਮਤ ਲੋਕ ਇਸ ਨਾਕਾਬੰਦੀ ਵਿਚ ਫਸ ਗਏ ਉਹ ਪਹਿਲਾਂ ਦੇ ਹੀ ਅੰਦਰ ਗਏ ਹੋਏ ਸਨ। ਜੇ ਕਿਤੇ ਕੰਪਲੈਕਸ ਵਿਚ ਹਜ਼ਾਰਾਂ ਸ਼ਰਧਾਲੂਆਂ ਦਾ ਇਕੱਠ ਹੁੰਦਾ ਤਾਂ ਫੌਜ ਦਾ ਇਸ ਕਾਰਵਾਈ ਨੂੰ ਅਮਲੀ ਰੂਪ ਦੇਣਾ ਉਂਜ ਹੀ ਬੜਾ ਔਖਾ ਹੋ ਜਾਣਾ ਸੀ। ਉਨ੍ਹਾਂ ਸ਼ਰਧਾਲੂਆਂ ਨੇ ਤਾਂ ਬਸ ਏਨਾ ਹੀ ਕਰਨਾ ਸੀ ਕਿ ਉਨ੍ਹਾਂ ਨੇ ਪ੍ਰਕਰਮਾ ਵਿਚ ਬੈਠ ਜਾਣਾ ਸੀ ਅਤੇ ਫੌਜ ਲਈ ਇਹ ਕੰਮ ਅਸੰਭਵ ਹੋ ਜਾਣਾ ਸੀ।

? ਪਰ ਆਖਰ ਤੁਹਾਡੀਆਂ ਕੀ ਮਜਬੂਰੀਆਂ ਸਨ?

– ਅਸੀਂ ਜਿਉਂ ਹੀ ਅੰਮ੍ਰਿਤਸਰ ਪੁੱਜੇ ਅਤਿਵਾਦੀਆਂ ਨੂੰ ਇਹ ਪਤਾ ਲੱਗ ਗਿਆ ਕਿ ਫੌਜ ਬੁਲਾ ਲਈ ਗਈ ਹੈ। ਯਕੀਨ ਕਰੋ ਉਨ੍ਹਾਂ ਦੀ ਸੂਹੀਆ ਏਜੰਸੀ ਕਮਾਲ ਦੀ ਸੀ। ਤੁਸੀਂ ਤਾਂ ਬਸ ਕਿਸੇ ਮਸਲੇ ਬਾਰੇ ਸੋਚਦੇ ਹੀ ਸਓ ਕਿ ਇਸ ਦੀ ਉਨ੍ਹਾਂ ਨੂੰ ਝੱਟ ਜਾਣਕਾਰੀ ਮਿਲ ਜਾਂਦੀ। 2 ਜੂਨ ਵਾਲੇ ਦਿਨ ਭਿੰਡਰਾਂਵਾਲੇ ਦੇ ਹੈਡਕੁਆਰਟਰ ਤੋਂ ਸਭਨਾਂ ਨੂੰ ਟੈਲੀਫੋਨ ਰਾਹੀਂ ਇਹ ਖਬਰ ਦਿਤੀ ਗਈ: "ਅੱਜ ਫੌਜ ਆ ਰਹੀ ਹੈ। ਹੁਣ ਸਾਡੇ ਸਾਹਮਣੇ ਕੋਈ ਹੋਰ ਰਾਹ ਨਹੀਂ। ਜੇ ਅਜਿਹਾ ਨਾ ਹੁੰਦਾ ਤਾਂ ਅਸੀਂ ਸ਼ਾਇਦ 6 ਜਾਂ 7 ਜੂਨ ਨੂੰ ਹੀ ਜਾ ਸਕਦੇ ਪਰ ਸਾਡੀ ਕਿਸਮਤ ਸਾਥ ਨਹੀਂ ਸੀ ਦੇ ਰਹੀ। ਉਨ੍ਹਾਂ ਦੀ ਸਭ ਤੋਂ ਵਧੀਆ ਗੱਲ ਇਹ ਸੀ ਕਿ ਉਹ ਆਪਣੀ ਸਾਰੀ ਗੱਲਬਾਤ ਟੈਲੀਫੋਨ ਰਾਹੀਂ ਕਰਦੇ। ਸਾਨੂੰ ਇਹ ਵੀ ਤਾਂ ਡਰ ਸੀ ਕਿ ਇਉਂ

ਬਾਕੀ ਪੰਨਾ 7 ਤੇ


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

**ਆਓ ਅਸੀਂ ਤੁਹਾਡੀ ਮੱਦਦ ਕਰੀਏ ਜਿਵੇਂ ਅਸੀਂ 1946 ਤੋਂ ਕਰਦੇ ਆ ਰਹੇ ਹਾਂ !**

**ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ**

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ, ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ। ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਤੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ' ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਨਾ ਹੋਏ ਹੋਣ ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿੱਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ ਤਾਂ ਅਸੀਂ ਕਾਨੂੰਨੀ ਤੌਰ ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ

**ਮਲਕੀਤ ਸਿੰਘ ਪਰਹਾਰ**

**OFF.(604)733-1644**

**Res. 228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ। ਜੇਕਰ ਤੁਸੀਂ ਆਪਣਾ ਬਿਜ਼ਨਿਸ ਵਧਾ ਰਹੇ ਹੋ ਤੇ ਉਸ ਵਿਚ ਮੱਦਦ ਕਰਨ ਲਈ ਆਪਣੇ ਕਿਸੇ ਰਿਸ਼ਤੇਦਾਰ ਜਾਂ ਸਬੰਧੀ ਨੂੰ ਸੱਦਣਾ ਚਾਹੁੰਦੇ ਹੋ ਤਾਂ ਉਸਨੂੰ ਤੁਸੀਂ ਇੰਮੀਗਰੈਂਟ ਤੌਰ ਉਤੇ ਸੱਦ ਸਕਦੇ ਹੋ। ਉਸਦੇ ਬਾਰੇ ਸਾਡੇ ਕੋਲੋਂ ਪੁਛਗਿਛ ਕਰ ਸਕਦੇ ਹੋ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਈਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਈਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸੇ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਤੁਸੀਂ ਆਪਣੇ ਮੰਗੇਤਰ ਲਈ ਅਰਜ਼ੀ ਭਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਕਿਸ ਕਿਸ documents (ਕਾਗਜ਼ਾਂ) ਦੀ ਲੋੜ ਹੈ — ਉਹ ਅਸੀਂ ਤੁਹਾਨੂੰ ਦੱਸ ਸਕਦੇ ਹਾਂ।
- ਜੇ ਤੁਹਾਡਾ ਕੋਈ ਕਿਸੇ ਇੰਮੀਗਰੈਂਟ ਰਿਸ਼ਤੇਦਾਰ ਦੀ ਮਨਿਆਦ ਲੰਘ ਗਈ ਹੋਵੇ ਉਹ ਵਾਪਸ ਕੈਨੇਡਾ ਕਿਵੇਂ ਆ ਸਕਦਾ ਹੈ — ਤੁਸੀਂ ਸਾਥੋਂ ਪੁੱਛ ਪੜਤਾਲ ਕਰ ਸਕਦੇ ਹੋ।
- ਜੇ ਤੁਹਾਨੂੰ ਜਨਮ, ਸਕੂਲ, ਵਿਆਹ, ਡਾਈਵੋਰਸ ਜਾਂ ਹੋਰ ਕਿਸੇ ਤਰ੍ਹਾਂ ਦੇ ਸਰਟੀਫਿਕੇਟ ਜਾਂ documents ਦੀ ਲੋੜ ਹੋਵੇ ਤਾਂ ਉਹ ਅਸੀਂ ਇੰਡੀਆ ਤੋਂ ਬਣਵਾ ਜਾਂ ਕੱਢਵਾ ਕੇ ਦੇ ਸਕਦੇ ਹਾਂ।

*World-Wide Immigration To Canada and U.S.A. Ltd.*

# ਅਜੋਕਾ ਇਨਸਾਨ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ

ਜਾਪਦਾ, ਅਜੋਕਾ ਇਨਸਾਨ, ਹਰ ਪ੍ਰਕਾਬ ਦੇ ਮਜ਼ਬੀ, ਰਾਜਸੀ ਤੇ ਇਲਾਕਾਈ ਝੰਜਟਾਂ ਤੋਂ ਸੁਰਖਰੂਈ ਹਾਸਲ ਕਰ ਭਾਵ ਛੁਟਕਾਰਾ ਪ੍ਰਾਪਤ ਕਰ, ਆਪਣੇ ਸੋਚਣ-ਮਾਹੌਲ ਨੂੰ (ਘੇਰੇ ਨੂੰ)ਧਰਤੀਆਂ ਅਸਮਾਨਾਂ ਜੇਡਾ ਵਿਸ਼ਾਲ, ਚੌੜਾ ਤੇ ਲੰਮੇਰਾ ਕਰਦਾ ਜਾ ਰਿਹਾ ਹੈ। ਇਹ ਰੱਬ ਦਾ ਸਰੂਪ ਬੰਦਾ, ਰੱਬ ਵਾਂਗ ਹੀ ਕਿਸੇ ਕੈਦ, ਕਿਸੇ ਵਲਗਣ ਕਿਸੇ ਇਜ਼ਮ ਜਾਂ ਕਿਸੇ ਸਤਾਨ ਵਿਚ ਬੱਝਣਾ ਪਸੰਦ ਨਹੀਂ ਕਰਦਾ ਤੇ ਹਰ ਪਖੋਂ ਆਜ਼ਾਦ ਰਹਿਣਾ, ਆਪਣੇ ਜਮਾਂਦਰੂ ਹਕ ਤੇ ਤਕੜਾ ਤੇ ਨਿਧੜਕ ਹੋ ਪਹਿਰਾ ਦੇਣਾ ਆਪਣਾ ਹੱਕ ਸਮਝਦਾ ਹੈ। ਏਥੋਂ ਤੱਕ ਕਿ ਹੁਣ ਦਾ ਮਨੁਖ, ਡਾਰਵਨਿ ਵਰਗੇ ਸਿਆਣਿਆਂ ਦੀਆਂ ਜਗਤ-ਪ੍ਰਸਿਧ ਥੀਊਰੀਆਂ ਨੂੰ ਗਲਤ ਕਰਦਾ ਵੀ ਝਿਜਕਦਾ ਨਹੀਂ। ਮਨੁੱਖ ਦੀ ਸੋਚਣੀ ਬਹੁਤ ਬਲਵਾਨ ਹੋ ਰਹੀ ਹੈ ਤੇ ਇਹਦੀ ਅਸਮਾਨਾਂ ਵਿਚ, ਧਰਤੀ ਹੇਠਾਂ ਤੇ ਸਮੁੰਦਰਾਂ ਦੀਆਂ ਡੂੰਘਾਈਆਂ ਵਿਚੋਂ ਅਣਡਿਠੀਆਂ ਪ੍ਰਾਪਤੀਆਂ ਦੀ ਤਾਂਘ ਵਧ ਰਹੀ ਹੈ ਤੇ ਇਹਨੂੰ ਕੋਈ ਚੀਜ਼ ਅਸੰਭਵ ਨਹੀਂ ਜਾਪਦੀ।

ਮਾਓ ਸੇ ਤੁੰਗ, ਜੇਹੜਾ ਧਰਤੀ ਤੇ ਸਭ ਤੋਂ ਵਡੇਰੀ ਵਸੋਂ-ਦੇਸ਼ ਦਾ ਜੀਉਂਦਾ ਜਾਗਦਾ ਰੱਬ ਸੀ ਤੇ ਜੇਹਦੀਆਂ ਮੂਰਤਾਂ ਨੂੰ ਚੀਨੇ ਪੂਜਦੇ ਤੇ ਓਹਦੀਆਂ ਲਿਖੀਆਂ ਪੋਇਮਾਂ ਦਾ, ਇਆਇਤੇ-ਹਦੀਸ(ਕੁਰਾਨ ਸ਼ਰੀਫ ਦੇ ਫੁਰਮਾਨ) ਵਾਂਗ ਸਤਿਕਾਰ ਨਾਲ ਪਾਠ ਕਰਦੇ ; ਓਹਦੇ ਪਰਲੋਕ ਸੁਧਾਰਨ ਉਪਰੰਤ ਹੀ ਓਹਦੇ ਸਾਰੇ ਇਸ਼ਟੀ-ਸਿਧਾਂਤਾਂ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ। ਕਲ੍ਹ ਦੇ ਰੱਬ ਨੂੰ ਓਹਦੀ ਅਜੋਕੀ ਜਨਤਾ, ਚੰਗੇ-ਮਾੜੇ ਕਰਤੱਵ-ਕਰਤੂਤਾਂ ਦਾ ਨਾਪ-ਤੋਲ ਕਰ, ਓਹਨੂੰ ਘਿਰਨਾਂ ਨਾਲ ਦੇਖਣ ਲਗ ਪਈ ਹੈ ਤੇ ਓਹਦੀ ਪਿਆਰੀ ਵਹੁਟੀ ਜੀਆਂਗ, ਇਕ ਕਾਤਿਲ- ਅਪਰਾਧੀ ਵਾਂਗ ਸੀਖਾਂ ਪਿਛੇ ਡੱਕੀ ਹੋਈ ਹੈ ਤੇ ਓਹਨੂੰ ਕੁੱਤੇ ਵਾਂਗ ਦੂਰੋਂ ਰੋਟੀ ਦੀਆਂ ਬੁਰਕੀਆਂ ਸੁੱਟੀਆਂ ਜਾਂਦੀਆਂ ਹਨ (ਛਿਨ ਮੇਂ ਰਾਓ ਰੰਕ ਕੋ ਕਰਹੀ, ਰਾਓ ਰੰਕ ਕਰ ਡਾਰੇ)। ਚੀਨ ਦੇ ਅਜੋਕੇ ਨੇਤਾਵਾਂ ਆਪਣੇ ਦਿਕਿੱਆਨੂਸੀ ਰੱਬੀ-ਸਿਧਾਂਤਾਂ, ਜਿਹੜੇ ਪਛੜੀ ਤੇ ਜਿਲ੍ਹ-ਫਾਬੀ ਚੀਨੀ ਜਨਤਾ ਨੂੰ, ਸ੍ਰਿਸ਼ਟੀ ਤੇ ਵਸਦੇ ਤਰੱਕੀ-ਯਾਫਤਾ ਦੇਸ਼ਾਂ ਦੇ ਮਿਆਰ ਵਲ ਛੇਤੀ ਤੋਂ ਛੇਤੀ ਧੂ-ਘੜੀਸ ਕੱਢ ਲਿਆਵੇ, ਅਪਨਾਉਣ ਵਿਚ ਫਖਰ ਮਹਿਸੂਸ ਕਰ ਰਹੇ ਹਨ ਤੇ ਓਹ ਏਸ ਪ੍ਰਾਪਤੀ ਲਈ ਹਰ ਦੇਸ਼ ਤੋਂ ਮਿਲੇ ਸਹਿਯੋਗ ਦਾ ਧੰਨਵਾਦਿ ਕਰ ਰਹੇ ਹਨ।

ਰੂਸ ਦੇ ਮਿਖੇਲ ਗੌਰਵਾਚੌਫ ਵੀ, ਉਪਰੋਕਤ ਸੋਚਣੀ ਕਾਰਨ ਬੜੀ ਦੂਰਅੰਦੇਸ਼ੀ ਦਵਾਰਾ ਤੇ ਬੇਝਿਜਕ ਰੂਸ ਦੀ ਕਈ ਪ੍ਰਕਾਰ ਦੀ ਪਛੜੀ ਸਥਿਤੀ ਬਾਰੇ ਆਪਣੇ ਸਾਥੀਆਂ ਨਾਲ ਖੁਲ੍ਹੇ ਖਿਆਲ ਵਟਾਂਦਰੇ ਕਰ ਸਾਬਕਾ (ਪੁਰਾਣੇ) ਨੇਤਾਵਾਂ ਦੀਆਂ ਪਾਲਸੀਆਂ ਤੇ ਟਿਪਣੀਆਂ ਕਰਨ ਤੋਂ ਜ਼ਰਾ ਨਹੀਂ ਝਿਜਕਦੇ।

ਪਿਛਲੇ ਮਾਰਚ 11, 1985 ਜਦ ਤੋਂ ਓਹ ਪਾਰਟੀ ਦੇ ਜਨਰਲ-ਸੈਕਟਰੀ(ਰੂਸ ਦੀ ਸਭ ਤੋਂ ਉਚੀ ਪਦਵੀ) ਚੁਣੇ ਗਏ ਹਨ, ਗੌਰਬਾਚੌਫ ਸੋਵੀਅਤ ਯੂਨੀਅਨ ਦੀ ਸੱਤਾ-ਬਣਤਰ ਦਾ ਨਵੇਂ ਸਿਰਿਉਂ ਚੇਹਰਾ ਮੋਹਰਾ ਬਣਾਂ ਰਹੇ ਹਨ। ਲੈਓਨਿਡ ਬ੍ਰੇਜ਼ਨਵ ਜਿਹੜਾ 1982 ਤਕ 20 ਸਾਲ ਸੱਤਾ ਵਿਚ ਰਿਹਾ, ਇਹਨੇ ਉਚਯ-ਕੋਟੀ ਦੇ ਓਹਦੇ ਲੰਗੋਟੀਆਂ ਦਾ ਲੱਕ ਤੋੜ ਦਿਤਾ ਹੈ। ਅਜੋਕੇ ਪਾਰਟੀ ਕਰਤਾ-ਧਰਤਾ ਨੇ ਨਿਝੱਕ ਹੋ ਕਰੜੀ ਚੇਤਾਵਨੀ ਦੇ ਦਿਤੀ ਹੈ ਕਿ ਓਹ ਦੇਸ਼ ਵਾਸੀਆਂ ਦੀਆਂ ਪਈਆਂ ਸੁਸਤ ਤੇ ਆਲਸੀ ਆਦਤਾਂ, ਜਿਨ੍ਹਾਂ ਵਿਚ ਸ਼ਰਾਬਨੋਸ਼ੀ, ਵੱਢੀ-ਖੋਰੀ ਤੇ ਜ਼ਿੰਮੇਵਾਰੀਆਂ ਵਲੋਂ ਅਵੇਸਲੇ ਹੋਣਾ ਸ਼ਾਮਲ ਹੈ, ਵਲੋਂ ਛੁਟਕਾਰਾ ਦਵਾਉਣ ਲਈ ਦ੍ਰਿੜ ਹੈ।

ਅਸੂਲਨ ਰੂਸ ਦੀ ਕਾਂਗਰਸ, ਓਥੋਂ ਦੀ ਮੂਲ, ਫੈਸਲਾ ਕਰੂ ਸੰਸਥਾ ਹੈ। ਕਮਿਊਨਿਸਟ ਪਾਰਟੀ ਦੇ ਸਾਢੇ 17 ਮਿਲੀਅਨ (ਇਕ ਕਰੋੜ 75 ਲੱਖ) ਮੈਂਬਰ ਜਿਹੜੇ ਦੇਸ਼ ਦੇ 4200 ਮੀਲਾਂ ਦੇ ਰਕਬੇ ਅੰਦਰ ਖਿਲਰੇ ਹੋਏ ਹਨ, ਆਪਣੇ ਡੈਲੀਗੇਟ ਚੁਣਦੇ ਹਨ। ਓਹ ਪ੍ਰਾਂਤਿਕ ਡੈਲੀਗੇਟ ਲੋਕਾਂ ਦੀ ਮੰਗ ਬਾਰੇ, ਸਿਧਾਂਤਕ ਤੌਰ ਤੇ ਪਾਰਟੀ ਲੀਡਰਾਂ ਨੂੰ ਦੱਸਦੇ ਹਨ ਤੇ ਓਹ ਉਪੜੀਆਂ ਸਾਰੀਆਂ ਦਲੀਲਾਂ ਦਾ ਯੋਗਤਾ ਮੁਜ਼ਬ ਨਿਪਟਾਰਾ ਕਰਦੇ ਸਨ ਤੇ ਡੈਲੀਗੇਟ ਵਾਪਸ ਪਰਤ ਆਪਣੇ ਆਪਣੇ ਹਲਕੇ ਵਿਚ ਪਰੋਗਰਾਮ ਬਾਰੇ ਲੋਕਾਂ ਨੂੰ ਜਾਣਕਾਰੀ ਦਿੰਦੇ ਹਨ।

ਅਸਲ ਵਿਚ ਡੈਲੀਗੇਟਾਂ ਦੀ ਵੱਡੀ ਗਿਣਤੀ ਤੇ ਵਿਦੇਸ਼ੀ ਪਾਲਿਸੀ, ਆਰਥਿਕ ਨਿਸ਼ਾਨੇ ਅਤੇ ਪਾਰਟੀ ਕਰਦਾਰ ਬਾਰੇ ਨੇਤਾਵਾਂ ਦੀਆਂ ਸਪੀਚਾਂ ਸੁਣਨ ਤੱਕ ਹੀ ਮੈਹਦੂਦ ਹੈ ਤੇ ਜਦੋਂ ਕਿਸੇ ਤਜਵੀਜ਼ ਦੀ ਪ੍ਰਵਾਨਗੀ ਲਈ ਵੋਟ ਦੇਣੀ ਹੋਵੇ ਤਾਂ ਡੈਲੀਗੇਟ ਆਪਣੀਆਂ ਆਪਣੀਆਂ ਪ੍ਰਮਾਣਿਕ ਲਾਲ-ਕਿਤਾਬਾਂ ਉਚੀਆਂ ਕਰ ਹਾਂ-ਵੋਟ ਦੇ ਦਿੰਦੇ ਹਨ ; ਬੇਸ਼ੱਕ ਪਾਰਟੀ ਦੀ ਸੈਂਟਰਲ ਕਮੇਟੀ ਜਿਥੇ ਅਸਲ ਸੱਤਾ ਕੇਂਦਰਤ ਹੈ, ਵਿਚ ਸਾਰੀਆਂ ਤਜਵੀਜ਼ਾਂ ਦਾ ਕਾਫੀ ਪਹਿਲਾਂ ਹੀ ਨਿਪਟਾਰਾ ਹੋ ਚੁਕਾ ਹੁੰਦਾ ਹੈ।

ਰੂਸੀ ਸਰਕਾਰ ਅਜ ਇਕ ਓਸ ਮਨੁੱਖ ਦੇ ਧੁਰੇ ਦੁਆਲੇ ਘੁੰਮ ਰਹੀ ਹੈ ਜਿਹੜਾ ਆਪਦੀ ਕੇਂਦਰਤ ਸੁਧਾਰਵਾਦੀ ਸ਼ਕਤੀ ਦਵਾਰਾ ਦੇਸ਼ ਦੀ ਸੁਸਤ ਤੇ ਕੰਮ-ਚੋਰ ਜਨਤਕ ਅਵਸਥਾ ਨੂੰ ਹਲੂਣਾ ਦੇ, ਜਗਾ, ਦੇਸ਼ ਨੂੰ ਸੰਭਾਵੀ ਉਤਮ ਸ਼ਕਤੀ ਬਣਾਉਣ ਲਈ ਬਚਨ-ਬਧ ਹੈ। ਗੌਰਬਾਚੌਫ ਜਿਹੜੀਆਂ ਤਬਦੀਲੀਆਂ ਲਿਆ



ਚੁੱਕਾ ਹੈ, ਇਕ ਸਾਲ ਪਹਿਲਾਂ ਉਨ੍ਹਾਂ ਬਾਰੇ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਸਾਲ ਕੁ ਤੋਂ ਜਦ ਤੋਂ ਉਹ ਕੌਨਸਟੈਂਟਨ ਚਰਨੈਨਕੋ ਮਗਰੋਂ ਏਸ ਪਦਵੀ ਤੇ ਬੈਠਾ ਹੈ, ਪਾਰਟੀ ਦੇ ਉਚਯ ਪੋਲਿਟਬਰੋ ਦੇ 11 ਮੈਂਬਰੀ ਫੈਸਲਾ-ਕਰੂ-ਬਾਡੀ ਦੇ ਤਿੰਨ ਮੈਂਬਰਾਂ ਨੂੰ ਹਟਾ ਚੁਕਾ ਹੈ। ਉਨ੍ਹਾਂ ਦੀ ਥਾਂ ਤਿੰਨ ਓਹ ਗੱਭਰੂ ਲਾਏ ਹਨ ਜਿਹੜੇ ਗੌਰਬਾਚੌਫ ਦੇ ਖ਼ਿਆਲਾਂ ਦੇ ਹਨ। ਨਵਾਂ ਪ੍ਰੀਮੀਅਰ ਅਸਥਾਪਨ ਕਰ ਦਿਤਾ ਹੈ ਅਤੇ 21 ਮਹਿਕਮਿਆਂ ਦੇ ਨਵੇਂ ਮੁਖੀਏ ਲਾ ਦਿਤੇ ਹਨ। ਪਾਰਟੀ ਦੇ ਹੇਠਲੇ-ਪੱਧਰ ਭਾਵ 147 ਪ੍ਰਾਂਤਕ ਸੰਸਥਾਵਾਂ ਵਿਚੋਂ 30 ਪ੍ਰਤੀਸ਼ਤ ਦਾ ਚਾਰਜ ਨਵੇਂ ਚੀਫਸ ਨੂੰ ਸੰਭਾਲ ਦਿਤਾ ਹੈ। 1981 ਦੀ ਚੁਣੀ ਪਾਰਟੀ ਸੈਂਟਰਲ ਕਮੇਟੀ ਦੇ 319 ਮੈਂਬਰਾਂ ਵਿਚੋਂ 35 ਪ੍ਰਤੀਸ਼ਤ ਜਾਂ ਤੇ ਰੀਟਾਇਰ ਕਰ ਦਿਤੇ ਹਨ ਜਾਂ ਹਟਾ ਦਿਤੇ ਤੇ ਜਾਂ ਮਰ ਚੁਕੇ ਹਨ।

ਏਸ ਨਵੇਂ ਲੀਡਰ ਦਾ ਉਪਰੋਕਤ ਨਵਾਂ ਸੁਨੇਹਾ ਪਰਤੱਖ ਸਾਰੇ ਦੇਸ਼ ਵਿਚ ਉਪੜ ਚੁਕਾ ਹੈ। ਲੈਨਿਨਗ੍ਰੈਡ ਵਿਖੇ ਪਿਛਲੀ ਮਈ 27 ਨੂੰ ਗੌਰਾਬਚੌਫ ਨੇ ਆਪਣੇ ਭਾਸ਼ਨ ਵਿਚ ਅਧਿਕਾਰੀਆਂ ਨੂੰ ਬੜੇ ਤਕੜੇ ਸ਼ਬਦਾਂ ਵਿਚ ਤਾੜਨਾ ਕੀਤੀ ਕਿ "ਜਿਹੜੇ ਸਰਕਾਰ ਦੀ ਏਸ ਨਵੀਂ ਪਾਲਸੀ ਮੁਜਬ ਬਦਲਨਾਂ ਨਹੀਂ ਚਾਹੁੰਦੇ ਅਤੇ ਓਹ ਨਵੀਆਂ ਅਪਣਾਈਆਂ ਵਿਧੀਆਂ ਦੀਆਂ ਪੂਰਤੀਆਂ ਦੇ ਰਾਹ ਵਿਚ ਰੋੜਾ ਬਣਦੇ ਹਨ, ਕਿਰਪਾ ਕਰਕੇ ਲਾਂਭੇ ਹੋ ਜਾਉ ਤੇ ਰਸਤਾ ਸਾਫ ਕਰ ਦਿਓ ਅਤੇ ਰੁਕਾਵਟ ਮੱਤ ਬਣੋ।"

ਗੌਰਬਾਚੌਫ ਅਸਲਵਾਦੀ ਹੈ, ਜਿਹੜਾ ਬੜੇ ਬੜੇ ਵਾਅਦੇ ਨਹੀਂ ਕੀਤਾ ਕਰਦਾ ਜਿਵੇਂ 1961 ਦੀ ਪਾਰਟੀ ਕਾਂਗਰਸ ਵਿਚ ਨਿਕੀਤਾ ਖਰੁਸ਼ਚਿਵ ਨੇ ਕੀਤਾ ਸੀ ਕਿ, "1980 ਤਕ ਰੂਸੀ ਸ਼ਹਿਰੀਆਂ ਨੂੰ ਮੁਫਤ ਸਫਰ-ਸਹੂਲਤਾਂ ਤੇ ਮੁਫਤ ਰਿਹਾਇਸ਼ ਮਿਲੇਗੀ, ਮੁਸ਼ੱਕਤੀ-ਕੰਮ ਖਤਮ ਹੋ ਜਾਣਗੇ ਅਤੇ ਰਹਿਣੀ-ਬਹਿਣੀ ਮਿਆਰ ਦੂਜੇ ਸਰਮਾਏਦਾਰ ਦੇਸ਼ਾਂ ਦੇ ਨਾਗਰਿਕਾਂ ਵਰਗਾ ਹੋ ਜਾਵੇਗਾ।" ਵਾਅਦਿਆਂ-ਐਲਾਨਾਂ ਦੀ ਬਜਾਏ ਗੌਰਬਾਚੌਫ ਦੀ 15 ਸਾਲਾ ਯੋਜਨਾਂ ਨੇ ਟੀਚੇ ਰਖ ਦਿਤੇ ਹਨ ਕਿ :— ਕਾਰਖਾਨਿਆਂ ਦੀ ਉਤਪਾਦਨ ਅਤੇ ਦੇਸ਼ ਦੀ ਆਮਦਨ ਬੀਤਦੀ ਸਦੀ ਦੇ ਅੰਤ ਤੱਕ ਡਬਲ ਹੋ ਜਾਵੇਗੀ, ਮੁਸ਼ੱਕਤੀ ਉਪਜ 130 ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਖਾਤਰ ਦੇਸ਼ ਦੀ ਆਰਥਿਕਤਾ 4.7 ਪ੍ਰਤੀਸ਼ਤ ਸਾਲਾਨਾ ਵਧਣੀ ਚਾਹੀਦੀ ਹੈ ਭਾਵ ਪਿਛਲੇ ਦਹਾਕੇ ਦੇ ਮੁਕਾਬਲੇ ਦੋ ਗੁਣਾਂ।

ਗੌਰਬਾਚੌਫ ਨੂੰ ਏਸ ਗਲ ਦਾ ਯਕੀਨ ਹੈ ਕਿ ਦੇਸ਼ ਦੇ ਆਪਣੇ ਮੌਜੂਦਾ ਸਾਧਨਾਂ ਦੀ ਯੋਗ ਵਰਤੋਂ ਦਵਾਰਾ ਹੀ ਉਪਰੋਕਤ ਪ੍ਰਾਪਤੀਆਂ ਸੰਭਵ ਹਨ। ਓਹ ਦ੍ਰਿੜ੍ਹ ਹੈ ਕਿ ਅਧਿਕਾਰਤ ਥਾਵਾਂ ਤੇ ਯੋਗ ਵਿਅਕਤੀਆਂ ਦੀ ਨਿਯੁਕਤੀ ਆਰਥਿਕਤਾ ਦੇ ਚੰਗੇ ਸਿੱਟੇ ਕੱਢ ਸਕਦੀ ਹੈ। ਓਹਨੇ ਪਿਛਲੇ ਜੂਨ 85 ਨੂੰ ਐਲਾਨ ਕੀਤਾ ਸੀ ਕਿ ਪੋਲਿਟਬਰੋ ਨੇ 1986-90 ਵਾਲੀ ਪੰਜ ਸਾਲਾ ਯੋਜਨਾ ਰੱਦ ਕਰ ਦਿੱਤੀ ਹੈ ਕਿਉਂ ਜੋ ਇਹ ਵਿਅਰਥੀ ਤੇ ਰੱਦੀ-ਸੁੱਟ ਨੂੰ ਉਤਸ਼ਾਹਤ ਕਰਦੀ ਹੈ। ਸਟੇਟ ਪਲੈਨਿੰਗ ਕਮੇਟੀ ਦਾ ਬੜਾ ਪੁਰਾਣਾਂ ਡਾਇਰੈਕਟਰ ਜਿਹਨੇ ਓਸ ਯੋਜਨਾ ਦਾ ਆਰਥਿਕ ਨਕਸ਼ਾ ਤਿਆਰ ਕੀਤਾ ਸੀ, ਓਹਦੀ ਛੁੱਟੀ ਕਰ ਦਿੱਤੀ ਹੈ।

ਗੌਰਬਾਚੌਫ ਨੇ ਨਵੀਂ ਕਾਰੀਗਰੀ (ਟੈਕਨਾਲੋਜੀ) ਅਪਣਾਈ ਹੈ ਤਾਕਿ ਸੋਵੀਅਤ ਪ੍ਰਣਾਲੀ ਵਧੇਰੇ ਯੋਗਤਾ ਨਾਲ ਚਲ ਸਕੇ। ਓਹਦਾ ਦੇਸ਼ ਲਹਿੰਦੇ ਦੇਸ਼ਾਂ ਦੇ ਮੁਕਾਬਲੇ ਤਰਸਯੋਗ-ਹਾਲਤ ਪਿਛੇ ਰਹਿ ਗਿਆ ਹੈ, ਖਾਸ ਕਰ ਉਪਜ ਅਤੇ ਹਰ ਪੱਖ ਦੇ ਕੰਪਿਊਟਰੀ ਸਾਇੰਸ ਵਲੋਂ। ਗੌਰਬਾਚੌਫ ਦੇ ਸਾਥੀ (ਟੀਮ) ਦੇਸ਼ ਦੇ ਸਾਰੇ ਸਕੂਲ-ਸਿਸਟਮ ਵਿਚ ਕੰਪਿਊਟਰ-ਕੋਰਸਾਂ ਦੇ ਸ਼ੁਰੂ ਕਰ ਦੇਣ ਦੀ ਮਹੱਤਤਾ ਤੇ ਜ਼ੋਰ ਦੇ ਰਹੇ ਹਨ। ਰੂਸੀ ਇਸਕਰਾ ਮਸ਼ੀਨ ਜਿਸਦਾ ਭਾਰ 110 ਪੌਂਡ ਹੈ ਪਰ ਉਹ 28 ਪੌਂਡ ਵਜ਼ਨੀ ਆਈ. ਬੀ. ਐਮ. (ਕੰਪਿਊਟਰ) ਨਾਲੋਂ ਯੋਗਤਾ ਵਿਚ ਮਸਾਂ ਦਸਵਾਂ ਹਿਸਾ ਹੈ।

ਰੂਸ ਦਾ ਮੰਦ-ਭਾਗਾ ਐਗਰੀਕਲਚਰ ਪਰੋਗਰਾਮ ਜਿਹਦਾ ਬ੍ਰੇਜ਼ਨੇਵ ਦੇ ਰਾਜ ਸਮੇਂ ਕੁਝ ਚਿਰ ਗੌਰਬਾਚੌਫ ਹੈਡ ਵੀ ਰਿਹਾ ਸੀ, ਹੁਣ ਛਾਣ-ਬੀਣ ਕਰਕੇ ਨਵੇਂ ਸਿਰਿਉਂ ਓਹਦਾ ਪ੍ਰਬੰਧ ਹੋ ਰਿਹਾ ਹੈ। ਦੇਸ਼ ਲਈ ਇਕ ਹੋਰ ਤੇਲ ਸਮੱਸਿਆ ਹੈ। ਪੈਟਰੋਲੀਅਮ ਵਸਤਾਂ ਜਿਨ੍ਹਾਂ ਉਪਰ ਦੇਸ਼ ਦੀ 2/3 ਵਿਦੇਸ਼ੀ-ਮੁਦਰਾ ਕਮਾਈ ਆਧਾਰਤ ਹੈ, (ਮੌਜੂਦਾ ਧਰਤੀ ਉਪਰ ਤੇਲ-ਉਪਰ-ਹੜ੍ਹ ਤੋਂ ਵੀ ਪਹਿਲਾਂ) ਦੀ ਉਪਜ ਕਾਫੀ ਘਟ ਚੁਕੀ ਹੈ ਜਿਹੜੀ ਕਿ ਅਜੋਕੇ ਧਰਤੀ ਉਪਰ ਕੀਮਤਾਂ ਦੇ ਘਟਣ ਕਰਕੇ ਹੋਰ ਘਟਣੀ ਵੀ ਸੰਭਵ ਹੈ। ਵਾਸ਼ਿੰਗਟਨ ਦਾ ਜੈਨ ਵੈਨੂਸ, ਜਿਹੜਾ ਰੂਸੀ ਆਰਥਿਕਤਾ ਦਾ ਵੰਡਕਾਰ ਹੈ, ਕਹਿੰਦਾ, "ਦੂਜੇ ਸੰਸਾਰ ਯੁੱਧ ਦੇ ਸਮੇਂ ਤੋਂ ਲੈ ਕੇ, ਤੇਲ ਦੀਆਂ ਘਟ ਰਹੀਆਂ ਕੀਮਤਾਂ ਰੂਸ ਲਈ ਇਕ ਬੜੀ ਤਕੜੀ ਬਾਹਰਲੀ ਪ੍ਰਦੇਸੀ ਚਣੌਤੀ ਹੈ।"

ਪਾਰਟੀ ਕਾਂਗਰਸ ਦੇ ਭਵਿੱਖੀ, ਰੇਖਾ-ਚਿਤਰ (ਨਕਸ਼ਾ) ਬਣਤਰ ਸਮੇਂ ਗੌਰਾਬਚੌਫ ਦਾ ਮੌਜੂਦਾ ਸੰਕਟ ਲਈ ਪਹਿਲੀ ਬ੍ਰੇਜ਼ਨੇਵ ਸਰਕਾਰ ਦੀ ਵੱਢੀ-ਖੋਰੀ ਅਤੇ ਅਯੋਗਤਾ ਜਿਹੜੀਆਂ ਰੂਸੀ-ਜ਼ਿੰਦਗੀ ਵਿਚ ਰਿਸਦੀਆਂ ਸਿੰਮਦੀਆਂ ਰਹੀਆਂ, ਨੂੰ ਕਸੂਰਵਾਰ ਠਹਿਰਾਉਣਾ ਵੀ ਸੰਭਵ ਹੈ। ਬ੍ਰੇਜ਼ਨੇਵ ਨੇ ਜਿਹੜੀ ਆਪਣੇ ਲੰਗੋਟੀਆਂ ਦੀ ਨਾਜਾਇਜ਼ ਪਾਲਣਾਂ ਪੋਸ਼ਣਾ ਕੀਤੀ, ਰੂਸੀ ਜਨਤਾ ਦੇ ਦਿਲਾਂ ਵਿਚ ਓਹਦੇ ਬਾਰੇ ਘਿਰਣਾਂ ਤੇ ਕਰੋਧ ਵਧ ਰਿਹਾ ਹੈ। ਗੌਰਬਾਚੌਫ ਦੇ ਪਹਿਲੇ ਰੂਸੀ ਲੀਡਰ ਦੀਆਂ ਗਲਤੀਆਂ ਬਾਰੇ ਹਮਲੇ 20ਵੀਂ ਪਾਰਟੀ ਕਾਂਗਰਸ ਜਿਹੜੀ 25 ਫਰਵਰੀ 1956 ਨੂੰ ਹੋਈ ਸੀ, ਜਿਸ ਵਿਚ ਖਰੁਸ਼ਚਵ ਨੇ ਚਾਰ ਘੰਟਿਆਂ ਦੀ ਆਪਣੀ ਰਪੋਟ ਪੇਸ਼ ਕੀਤੀ, ਜਿਸ ਵਿਚ ਜੋਜ਼ਫ-ਸਟਾਲਿਨ ਦੇ ਜਨਤਾ ਦੇ ਸਮੂਹਕ ਦੇਸ਼-ਨਿਕਾਲੇ, ਸਮੂਹਕ ਕੈਦਾਂ, ਤਸੀਹੇ ਅਤੇ ਕਤਲਾਂ ਦੀ ਓਹਦੇ ਅਸਲ ਵਿਰੋਧੀਆਂ ਅਤੇ ਸ਼ੱਕੀਆਂ ਦੀ ਬੜੀ ਲੰਮੀ ਸੂਚੀ ਸੀ, ਦੀ ਯਾਦ ਮੁੜ ਤਾਜ਼ਾ ਕਰਵਾ ਦਿਤੀ ਹੈ।

ਹੁਣੇ ਗੌਰਬਾਚੌਫ ਨੇ ਬ੍ਰੇਜ਼ਨੇਵ ਕਾਲ ਦੇ ਸ਼ਾਸਕਾਂ ਨੂੰ ਪੈਂਤੜੇ ਬਾਜ਼ੀ ਅਤੇ ਨਰੋਏ-ਹੱਥੀਂ ਲਾਹਿਆ ਹੈ। ਗ੍ਰਿਗੋਰੀ ਰੋਮਾਂਨਵ ਪੋਲਿਟਬਰੋ ਮੈਂਬਰ, ਜਿਹੜਾ ਸੋਵੀਅਤ ਯੂਨੀਅਨ ਦੇ ਮਿਲਟਰੀ-ਇੰਨਡਸਟ੍ਰੀਅਲ ਕੰਪਲੈਕਸ ਦਾ ਜ਼ਿੰਮੇਵਾਰ ਸੀ ਅਤੇ ਜਿਹਨੇ ਗੌਰਬਾਚੌਫ ਦੀ ਸੱਤਾ-ਚੋਣ ਵਿਚ ਅੜਚਨ ਵੀ ਡਾਹੀ ਸੀ ਅਤੇ ਜਿਹੜਾ ਸ਼ਰਾਬ-ਨੋਸ਼ੀ ਦੇ ਘੁਸਰ-ਮੁਸਰ ਅੰਦੋਲਨ ਦਾ ਨਿਸ਼ਾਨਾ ਸੀ। ਓਹਨੂੰ ਪਿਛਲੀ ਜੁਲਾਈ ਕੱਢ ਮਾਰਿਆ। ਇਕ ਦਿਨ ਮਗਰੋਂ ਐਂਡ੍ਰੀ-ਗ੍ਰੋਮੀਕੋ ਜਿਹੜਾ 1957 ਤੋਂ ਵਦੇਸ਼ੀ ਵਜ਼ੀਰ ਰਿਹਾ ਨੂੰ ਬੜੇ ਮਾਣ ਨਾਲ ਪ੍ਰਧਾਨ ਬਣਾਂ ਦਿਤਾ। ਪਿਛਲੇ ਮਹੀਨੇ ਐਡਮੂਲ ਸਰਗੀ ਗੋਰਸ਼ਕਵ, ਜਿਹੜਾ 1956 ਤੋਂ ਰੂਸੀ ਨੇਵੀ ਦਾ ਕਮਾਂਡਰ ਸੀ, ਵੀ ਬਦਲ ਦਿਤਾ ਹੈ। ਨਿਕੋਲਾਈ ਤਿਖੋਨਵ ਜਿਹੜਾ 1980 ਤੋਂ ਪ੍ਰੀਮੀਅਰ ਚਲਿਆ ਆਉਂਦਾ ਸੀ ਅਤੇ ਬਰੇਜ਼ਨੇਵ ਕਾਲ ਨਾਲ ਬੱਝਾ ਹੋਇਆ ਸੀ, ਓਹਨੂੰ ਵੀ ਮਾੜੀ-ਸੇਹਤ-ਬਹਾਨਾ ਬਣਾ ਕੇ ਪਿਛਲੇ ਸਤੰਬਰ ਲਾਹ ਦਿਤਾ ਹੈ।

ਜਨਕਤ ਰਾਏ ਸਹਾਇਤਾ ਪ੍ਰਾਪਤੀ ਲਈ ਗੌਰਬਾਚੌਫ ਨੇ ਪ੍ਰਾਪੇਗੰਡਾ ਮਸ਼ੀਨਰੀ ਦਾ ਪੂਰਾ ਪੂਰਾ ਲਾਭ ਲਿਆ ਹੈ। ਸੋਵੀਅਤ-ਸਕੱਈਆ ਰੋਜ਼ੀਆ ਨਾਮੇਂ ਅਖਬਾਰੀ ਲੇਖਾਂ ਨੇ ਜਿਨ੍ਹਾਂ ਮਾਸਕੋ ਦੇ 22 ਸਾਲਾਂ ਤੋਂ ਚਲੇ ਆਉਂਦੇ ਮੇਅਰ, ਵਲਾਡੀਮੀਰ ਪ੍ਰੋਮਿਸਲਵ ਦੇ, ਲੋਕਲ ਘਰ-ਉਸਾਰੂ ਸੰਸਥਾ ਵਿਚੋਂ, ਵੱਢੀ ਖਾਧੀ ਨੰਗੀ ਕੀਤੀ ਦੇ ਆਧਾਰ ਤੇ ਉਸਨੂੰ ਅਸਤੀਫਾ ਦੇਣ ਲਈ ਮਜ਼ਬੂਰ ਕਰ ਦਿਤਾ। ਇਕ ਹੋਰ ਵਿਕਟਰ ਗ੍ਰਿਸ਼ਨ ਜਿਹੜਾ ਮਾਸਕੋ ਸ਼ਹਿਰ ਦੀ ਪਾਰਟੀ ਕਮੇਟੀ ਦਾ ਹੈਡ ਸੀ, ਨੂੰ ਵੀ ਅਖਬਾਰੀ ਲੇਖਾਂ ਨੇ ਓਹਦੀ ਜੌਬ ਤੋਂ ਲਾਹ ਮਾਰਿਆ।

ਗੌਰਬਾਚੌਫ ਦੇ ਨਵੇਂ ਬੰਦੇ ਅਮੂਮਨ ਓਹਦੀ ਪਿਛਲੀ ਉਚ ਵਿਦਿਆ ਅਤੇ ਵਿਸ਼ਾਲ ਪ੍ਰਬੰਧਕੀ ਯੋਗਤਾ ਅਤੇ ਤਜਰਬੇ ਕਾਰਨ ਓਹਦੀ ਭਾਈਵਾਲੀ ਤੇ ਮਾਣ ਕਰਦੇ ਹਨ। ਐਹ ਨਵੇਂ ਲੀਡਰ, ਪੁਰਾਣੇ ਰਾਜਸੀ, ਉਜੱਡ, ਮਧੋਲੇ ਹੋਏ ਭਾੜੇ ਦੇ ਟੱਟੂਆਂ ਦੇ ਮੁਕਾਬਲੇ ਵਧੇਰੇ ਯੋਗ ਪ੍ਰਬੰਧਕ ਜਾਪਦੇ ਹਨ। ਕਈ ਇਕ ਤੇ ਲਹਿੰਦੇ ਅਮੀਰਕਨ ਅਤੇ ਯੂਰਪੀ ਦੇਸ਼ਾਂ ਦਾ ਦੌਰਾ ਕਰਨ ਕਰਕੇ ਉਨ੍ਹਾਂ ਦੇ ਸੱਜਰੇ ਟੈਕਨੀਕੀ ਰੁਝਾਨਾਂ (ਝੁਕਾ) ਦੀ ਆਪਣੇ ਆਪਣੇ ਮਹਿਕਮੇਂ ਬਾਰੇ ਜਾਣਕਾਰੀ ਰਖਦੇ ਹਨ। ਇਨ੍ਹਾਂ ਦੀ ਪ੍ਰਬੰਧਕੀ ਕਾਮਯਾਬੀ, ਪੁਰਾਣੀਆਂ ਪ੍ਰਚੱਲਤ ਗੁਲਾਮਾਂ ਵਾਲੀਆਂ ਵਿਧੀਆਂ ਨੂੰ ਚਿੰਬੜੇ ਰਹਿਣ ਦੀ ਬਜਾਏ, ਨਵੀਆਂ ਕਾਢਾਂ ਪ੍ਰਾਪਤੀਆਂ ਤੇ ਆਧਾਰਤ ਹੈ।

56 ਸਾਲੇ ਪ੍ਰੀਮੀਅਰ ਨਿਕੋਲਾਏ ਰਿਜ਼ਕਵ ਜੋ ਸਾਏਬੇਰੀਆ ਦੇ ਸਵਰਲਵਸਕ ਸ਼ਹਿਰ ਤੋਂ ਹੈ ਨੇ ਹਰ ਪਖੋਂ ਉਨਤੀ ਕਰ, ਇਕ ਤਕੜਾ ਪ੍ਰਬੰਧਕ ਹੋਣ ਦੀ ਧਾਂਕ ਬਠਾਲ ਲਈ ਹੈ। 55 ਸਾਲਾ ਬੋਰਿਸ ਯੇਲਸਿਨ ਜਿਹਨੇ ਮਾਸਕੋ ਦੇ ਗ੍ਰਿਸ਼ਨ ਵਾਲੀ ਪਾਰਟੀ ਬੌਸ ਦੀ ਥਾਂ ਸੰਭਾਲੀ ਹੈ, ਵੀ ਸਾਏਬੇਰੀਆ ਤੋਂ ਹੀ ਹੈ। ਬੋਰਿਸ ਯੇਲਸਿਨ ਨੇ ਜਦ ਰਾਜਧਾਨੀ ਸ਼ਹਿਰ ਦੀ ਬੱਸ-ਸਰਵਿਸ ਦੀ ਤਰਸਯੋਗ ਹਾਲਤ ਬਾਰੇ ਸੁਣਿਆ ਤਾਂ ਓਹ ਆਪ, ਭੀੜ-ਫਾਥੀਆਂ ਬਸਾਂ ਵਿਚ ਚੜ੍ਹਿਆ ਅਤੇ ਸਿਟੀ-ਟਰਾਂਸਪੋਰਟ ਡੀਪਾਰਟਮੈਂਟ ਦੇ ਹੈਡ ਨੂੰ ਵੀ ਉਸੇ ਤਰ੍ਹਾਂ ਚੜ੍ਹ ਜਾਣ ਲਈ ਹੁਕਮ ਦਿਤਾ।

ਏਸ ਗੱਲ ਨੂੰ ਮੁਖ ਰੱਖਦਿਆਂ ਮਤੇ ਕਿਸੇ ਸੋਵੀਅਤ ਲੀਡਰ ਨੂੰ ਖੁਫੀਆ ਕੇ. ਜੀ. ਬੀ. ਦੀ ਮਦਦ ਦੀ ਲੋੜ ਨਾ ਪਵੇ, ਗੌਰਬਾਚੌਫ ਨੇ 62 ਸਾਲੇ ਵਿਕਟਰ ਚੈਬ੍ਰੀਕਵ ਕੇ. ਜੀ. ਬੀ. ਚੀਫ ਨੂੰ ਪਿਛਲੇ ਅਪ੍ਰੈਲ ਪੋਲਿਟਬਰੋ ਦਾ ਪੂਰਾ ਮੈਂਬਰ ਬਣਾ ਦਿਤਾ ਹੈ। ਓਹਨੇ ਲੈਨਿਨਗ੍ਰੈਂਡ ਦੇ ਉਘੇ ਪਾਰਟੀ-ਚੀਫ 62 ਸਾਲੇ ਲੈਵ ਜ਼ੈਖੋਵ ਨੂੰ

ਬਾਕੀ ਪੰਨਾ 16 ਤੇ


FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER
NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ ਦਰਸ਼ਨ ਗਿੱਲ ਨੂੰ ਫੋਨ ਕਰੋ

NORTH AMERICAN LIFE ASSURANCE CO.

# 320 - 815 W. HASTINGS ST.
VANCOUVER, B.C.

CONTACT

Bus: 685-9335
Res: 581-4473



DARSHAN GILL

ਨਜ਼ਮ ੦ ਜ਼ਖ਼ਮ

**ਬਲਬੀਰ ਪਰਵਾਨਾ**

ਕੂਲੀ ਕੂਲੀ ਚਾਨਣੀ ਦੁੱਧ-ਨਹਾਤੀ ਜਹੀ
ਪਿੰਡੋਂ ਨਿਕਲਦੀ ਸੁੰਨਸਾਨ ਰਾਹ
ਸੈਰ ਕਰਨੀ ਫਿਰ ਵੀ ਚੰਗੀ ਨਹੀਂ ਲਗਦੀ ,
ਕੀ ਮਿਲਿਆ ਵਰਿਆਂ ਬੱਧੀ
ਪੜ੍ਹਾਈ ਦੇ ਬਨਵਾਸ ਤੋਂ ਬਾਅਦ—ਕੁਝ ਵੀ ਨਹੀਂ
ਸਿਰਫ਼ ਤਿੜਕਦਾ ਹੋਇਆ ਵਰਤਮਾਨ
ਟੁਕੜਿਆਂ ਥੀਂ ਵੰਡਿਆ ਭਵਿੱਖ
ਹਨੇਰੇ 'ਚ ਲਿਪਟੇ ਰੁੱਖ—ਉਦਾਸੇ ਉਦਾਸੇ
ਕਦੀ ਆਪਣੇ ਜਹੇ ਲਗਦੇ
ਤੇ ਕਦੀ ਮਹਿਬੂਬ ਕੁੜੀ ਵਰਗੇ
ਉਮਰ ਉਹ ਵੀ ਨਹੀਂ —ਬੰਦਾ ਨਾਂ ਈ ਲਿਖਦਾ ਰਹੇ
ਤਾਰਿਆਂ ਨੂੰ ਜੋੜ ਜੋੜ ਜਾਂ ਲਭਦਾ ਰਹੇ ਘਰ ਦਾ ਰਾਹ
ਯਥਾਰਥ ਪਰੀ-ਕਹਾਣੀਆਂ ਵਿਚਲੀ
ਦਿਓ ਦੀ ਕੈਦ ਨਹੀਂ—ਰੁਮਾਂਟਿਕ ਹੋਵੇਗੀ
ਇਹ ਤਾਂ ਕੱਚ ਦੇ ਟੁਕੜਿਆਂ ਵਰਗਾ
ਜਾਂ ਕੰਮੀਆਂ ਦੇ ਵਿਹੜੇ ਕੱਚੀ ਗਲੀ ਜਿਹਾ
ਹਰ ਚਾਅ ਦੇ ਮੱਥੇ ਤੇ ਜ਼ਖ਼ਮ ਹੈ
ਕੂਲੀ ਕੂਲੀ ਚਾਨਣੀ ਦੁੱਧ-ਨਹਾਤੀ ਜਹੀ
ਪਿੱਛੋਂ ਨਿਕਲਦੀ ਸੁੰਨਸਾਨ ਰਾਹ
ਸੈਰ ਕਰਨੀ ਫਿਰ ਵੀ ਚੰਗੀ ਨਹੀਂ ਲਗਦੀ
੦

## ਗਰਮੀਆਂ ਦੀ ਸ਼ਾਮ

੦

**ਸ਼ੀਲਾ ਗੁਜਰਾਲ**

ਦਰਵੇਸ਼ ਦਾ ਚੋਗਾ ਓੜ 'ਕੇ
ਜਦ ਤੂੰ ਹੌਲੇ ਜਿਹੇ ਆਈ
ਤਾਂ ਤੇਰੀ ਘਣੀ ਛਾਇਆ ਨੇ
ਅੱਧੇ ਭੂ-ਮੰਡਲ ਨੂੰ ਘੇਰ ਲਿਆ
ਤੇਰਾ ਆਸਰਾ ਪਾ ਕੇ, ਤਪਦੀ ਧਰਤੀ
ਚੈਨ ਦਾ ਸਾਹ ਲੈਣ ਲੱਗੀ
ਰੁਕੀ ਹਵਾ, ਕਿਲਕਾਰਦੀ ਕੁੱਦਣ ਲੱਗੀ
ਖ਼ਾਮੋਸ਼ ਦਿਸ਼ਾਵਾਂ, ਖਿੜ-ਖਿੜਾਂਦੀਆਂ, ਮੋਤੀ ਝਰਨ ਲੱਗੀਆਂ
ਤੇ...ਜੱਗ ਦੇ ਸਾਰੇ ਦੁੱਖ, ਮੋਮ ਬਣ ਪਿਘਲਣ ਲੱਗੇ
ਮੁਰਝਾਏ ਪੇੜ-ਪੌਦੇ ਪਨਪਣ ਲੱਗੇ
ਆਸ਼ਾ ਦੇ ਅੰਕੁਰ ਉੱਭਰਨ ਲੱਗੇ
ਬਸਤੀਆਂ ਵਿਚ ਚੁੱਲ੍ਹੇ ਸੁਲਗਣ ਲੱਗੇ
ਤੇ ਤਾਰਿਆਂ ਨਾਲ ਘਿਰੇ ਚੰਨ ਨੇ
ਸ਼ਬਨਮ ਦੀ ਵਰਖਾ ਵਰਸਾਈ
ਤਾਂ ਦੂਰ ਹੋਈ ਥਕਾਨ
ਮਿਹਨਤਕਸ਼ ਮਜ਼ਦੂਰ ਦੀ !!

## ਘੁੱਗੀਆਂ ਮਾਸਾਹਾਰੀਆਂ

੦

**ਸ਼ਹਰਯਾਰ**

ਘੁੱਗੀਏ ਨੀ ਤੇਰੇ ਨਸ਼ਤਰ ਨਸ਼ਤਰ ਖੰਭ
ਘੁੱਗੀਏ ਨੀ ਤੇਰੀ ਘੁਗੂੰ ਘੂੰ ਵਿਚ ਸੌ ਸੌ ਬਿਸੀਅਰ ਡੰਗ
ਹੋਵੇ ਲੋਕ ਹਰਾਨ ਪਿਆ, ਤੇਰੀ ਯਾਰੀ ਗਿਰਝਾਂ ਨਾਲ
ਤੇਰੇ ਸੁਪਨਿਆਂ ਦੇ ਵਿਚ ਭੂਤਨੇ, ਤੇ ਜਾਗਦਿਆਂ ਚੰਡਾਲ
ਤੇਰੇ ਮੂੰਹ ਵਿਚ ਫੜਕਣਾ, ਫੜਕ ਰਿਹਾ ਕਿ ਤੜਪਦਾ
ਤੇਰਾ ਮਾਸਾਹਾਰੀ ਚੈਨ
ਤੇਰੇ ਬਿਰਖ ਬਿਤਖ ਤੇ ਮਰਸੀਆ
ਤੇਰੇ ਟਾਹਣ ਟਾਹਣ ਤੇ ਵੈਣ
ਲਹੂ ਨੁਹਾਤੇ ਪਾਣੀਆਂ, ਜ਼ਖ਼ਮੀ ਜ਼ਖ਼ਮੀ ਪੌਣ
ਪੁੱਛਿਆ ਬਿਹਬਲ ਰਾਤ ਨੂੰ, ਮੰਦਰਾਂ ਅੰਦਰ ਕੌਣ
ਸੜਕਾਂ ਕਰ ਕੇ ਰੰਡੀਆਂ, ਲਿਖਣੇ ਨਾਂ
ਧਰਤੀ ਹੋਏ ਪਲੀਤ, ਤਾਂ ਕਿਤੇ ਨਾ ਮਿਲਦੀ ਛਾਂ
ਪੁੱਤ ਤਾਂ ਆਖਰ ਪੁੱਤ ਨੇ, ਆਪਣੇ ਨੇ ਜਾਂ ਗੈਰ
ਮਾਵਾਂ ਦੀ ਦੁਰਸੀਸ ਤੋਂ ਕਿਤੇ ਨਾ ਮਿਲਦੀ ਖ਼ੈਰ
ਟਾਹਲੀ ਮੇਰੇ ਬੱਚੜੇ, ਕੂਕਣ ਤਿਲੀਅਰ ਮੋਰ
ਨਾ ਘੁੱਗੀਆਂ ਜੰਮਣ ਹੋਰ

**ਪਰਵੇਸ਼**

## ਨਦੀ

ਉਹਦੇ ਕੋਲ ਇੱਕ ਨਦੀ ਸੀ...।

ਹੁਣ ਅਕਸਰ ਰਾਤ ਨੂੰ
ਸੁੱਤਾ ਪਿਆ ਬੁੜ ਬੁੜਾਣ ਲਗਦਾ ਹੈ :
ਨਦੀ—ਜੋ ਪਾਣੀ ਵਿਚ ਡੁੱਬ ਗਈ
੦

ਨਜ਼ਮ ੦ ਰਮੇਸ਼ ਰਾਜ਼

ਮੇਰੇ ਬੱਚਿਆ !
ਕਿਹੜੀ ਕਥਾ ਸੁਣਾਵਾਂ ??
ਫੂਲਾਂ ਰਾਣੀ ਦੀ ਜਾਂ ਸੱਤ ਧੀਆਂ ਵਾਲੇ ਰਾਜੇ ਦੀ !!
ਜਾਂ...ਉਨ੍ਹਾਂ ਬੇਰਹਿਮ ਦਰਿੰਦਿਆਂ ਦੀ,
ਜਿਨ੍ਹਾਂ ਦੀਆਂ ਅੱਖਾਂ 'ਚ ਵਹਿਸ਼ਤ ਨਹੀਂ,
ਹਾਸਿਆਂ ਦੇ ਪਰਛਾਵੇਂ ਸਨ।
ਉਨ੍ਹਾਂ ਹਾਸਿਆਂ ਪਿੱਛੇ, ਸਿਰਫ਼... ਔਰਤ ਦੀ ਹਵਸ ਸੀ !!
ਜਿਹਦੇ ਨਹੁੰ ਖੋਭੇ ਗਏ
ਬੁੱਢੀਆਂ ਦੀਆਂ ਲਟਕੀਆਂ ਪਿਚਕੀਆਂ ਛਾਤੀਆਂ 'ਚ
ਬੱਚੀਆਂ ਦੀਆਂ ਨੰਗੀਆਂ ਉਦਾਸ ਚੀਕਾਂ 'ਚ
ਉਹ ਉਦਾਸ ਰੂਹਾਂ
ਆਪਣੇ ਵਧੇ ਹੋਏ ਢਿੱਡਾਂ ਦਾ ਭਾਰ
ਕਿਹਦੇ ਮੱਥੇ ਮੜ੍ਹਨ...??
ਰਾਜੇ ਦੇ ?? ਜਾਂ...
'ਬੁੱਢੀ ਜਾਦੂਗਰਨੀ' ਦੇ ??

ਮੇਰੇ ਬਚੜਿਆ...!!
ਸੌਂ ਗਿਐਂ ???
ਕਥਾ ਤਾਂ ਹੁਣ ਸ਼ੁਰੂ ਹੋਈ ਐ !!
ਤੇਰੀ ਮਾਂ ਦੀਆਂ ਚੂੜੀਆਂ ਤੇ ਹਾਸਿਆਂ ਦੀ ਛਣਕਾਰ !!
ਤੁਰ ਗਏ ਮੌਸਮਾਂ ਦੀ ਉਡੀਕ 'ਚ ਉਦਾਸ ਨੇ !!
ਤੇ...ਤੇਰੀਆਂ ਅੱਖਾਂ 'ਚ ਉਤਰਿਆ ਸਹਿਮ
ਕਦੀ ਖ਼ਤਮ ਨਹੀਂ ਹੋਣਾ, ਕਦੀ ਖ਼ਤਮ ਨਹੀਂ ਹੋਣਾ !!

ਅੱਧੀ ਅੱਧੀ ਰਾਤੀਂ, ਨਜ਼ਰੀਂ ਆਉਣਗੇ, ਸੁਪਨਿਆਂ 'ਚ ਤੈਨੂੰ
ਸਿਰਫ਼ ਉਹੀ ਵਹਿਸ਼ੀ ਦਰਿੰਦੇ
ਜ਼ਿੰਦਾ ਇਨਸਾਨਾਂ ਨੂੰ 'ਮਿੱਟੀ ਦਾ ਬਾਵਾ' ਸਮਝ
ਪੈਟਰੋਲ ਦੀ ਚਾਬੀ ਨਾਲ ਨਚਾਉਂਦੇ
ਖਰੂਦ ਪਾਉਂਦੇ ਉਹਦੇ ਦੁਆਲੇ
ਸੜਦੇ ਜਿਸਮ ਦੀ ਬੋ
ਜਿਸਮਾਂ ਉਪਰ ਲਪੇਟ
ਖ਼ੁਸ਼ ਹੁੰਦੇ...ਉਹਦੇ...
ਅਜੀਬ ਜਿਹੇ 'ਭਰਤ ਨਾਟਯਮ' ਤੇ
ਤੁਰੇ ਪੈਂਦੇ ਹੋਰਨਾਂ 'ਬਾਵਿਆਂ' ਦੀ ਤਲਾਸ਼ 'ਚ
ਬਹੁਤ ਫ਼ਰਕ ਨਹੀਂ ਰਿਹਾ !
ਤੇਰੀਆਂ ਅੱਖਾਂ ਵਿਚਲੇ ਸਹਿਮ ਤੇ ਸਿਸਿਫਸ ਦੀ ਮਿੱਥ 'ਚ
ਉਹ ਸਾਰੀ ਜ਼ਿੰਦਗੀ ਪੱਥਰ ਢੋਂਦਾ ਰਿਹੈ...ਤੇ ਤੂੰ ..!!

ਪੰਨਾ 15 ਦੀ ਬਾਕੀ

ਵੀ, ਸੈਂਟਰਲ ਕਮੇਟੀ ਸੈਕਟੇਰੀਅਟ ਦਾ ਮੈਂਬਰ ਲੈਣ ਦੀ ਤਸਦੀਕ ਵੀ ਕਰ ਦਿਤੀ ਹੈ।

ਜੇ ਗੋਰਬਾਚੋਫ ਨੂੰ ਮਿਥੇ ਪਰੋਗਰਾਮਾਂ ਵਲੋਂ ਵਿਰੋਧਤਾ ਹੋ ਸਕਦੀ ਹੈ ਤਾਂ ਓਹ ਯੇਗਰ ਲਿਗਾਸ਼ੇਵ ਵਲੋਂ ਸੰਭਵ ਹੈ ਜਿਹੜਾ ਪਾਰਟੀ ਸਿਧਾਂਤਾਂ ਨੂੰ ਓਪਰਾ ਓਪਰਾ ਦੇਖਦਾ ਹੈ ਤੇ ਓਹ ਬਹੁਤਾ ਲਕੀਰ ਦਾ ਫਕੀਰ ਹੈ ; ਓਹਨੇ ਪਿਛਲੇ ਸਾਲ ਚੇਤਾਵਨੀ ਦਿਤੀ ਸੀ ਕਿ ਆਰਥਿਕ ਸੁਧਾਰ, ਬਾਜ਼ਾਰੀ-ਭਾਉ-ਆਰਥਿਕਤਾ ਅਤੇ ਪ੍ਰਾਈਵੇਟ ਕੰਮਾਂ ਦੇ ਨਿਰਖਾਂ ਵਿਚ ਤਬਦੀਲੀ ਕਰਨ ਤੋਂ ਬਗੈਰ ਨਹੀਂ ਹੋਣੇ ਚਾਹੀਦੇ।

ਹਾਲ ਦੀ ਘੜੀ ਮਿਖੇਲ ਗੋਰਬਾਚੋਫ ਕੋਲ ਆਥਿਕਤਾ ਨੂੰ ਪੁਨਰ-ਜੀਵਤ ਕਰਨ ਲਈ, ਚੜ੍ਹਤਲ ਹੈ, ਟੀਮ ਹਲਾਸ਼ੇਰੀ ਹੈ ਅਤੇ ਸ਼ਕਤੀ ਵੀ ਹੈ। ਪਰ ਸੈਂਟਰਲ ਪਲੈਨਿੰਗ ਢਾਂਚੇ ਦੇ ਕੱਟੜ-ਬੰਦਸ਼ਾਂ ਵਿਚ ਮੁਢਲੀਆਂ ਤਬਦੀਲੀਆਂ ਲਿਆਉਣ ਤੋਂ ਬਗੈਰ, ਬੜਾ ਮੁਸ਼ਕਲ ਜਾਪਦਾ ਹੈ ਕਿ ਓਹ ਦੇਸ਼ ਨੂੰ ਲਹਿੰਦੇ-ਦੇਸ਼ਾਂ ਦੇ ਮੁਕਾਬਲੇ ਇਕ ਯੋਗ ਆਰਥਿਕ ਮੁਕਾਬਲਾ ਬਾਜ਼ ਵਜੋਂ ਤਬਦੀਲ ਕਰ ਖੜਾ ਕਰ ਸਕੇਗਾ ਇਹ ਤੇ ਵਕਤ ਹੀ ਦੱਸੇਗਾ।

ਪ੍ਰਦੇਸੀਂ ਬੈਠੇ ਕਮਿਊਨਿਸਟ ਉਪਾਸ਼ਕ ਜਿਹੜੇ ਰੂਸ ਚੀਨ ਆਦਿ ਦੇ ਸੋਹਲੇ ਗਾਉਂਦੇ ਥਕਦੇ ਨਹੀਂ ਸਨ; ਅਜ ਉਨ੍ਹਾਂ ਦੇਸ਼ਾਂ ਦੇ, ਕਰਤਾ ਧਰਤਾ ਦੇ ਖੁਦ ਇਕਬਾਲ ਕਰਨ ਤੇ ਓਹ ਵਾਕਈ ਲਹਿੰਦੇ ਦੇਸ਼ਾਂ ਤੋਂ ਕਾਫੀ ਪਿਛੇ ਹਨ, ਜ਼ਰੂਰ ਸੋਚਦੇ ਹੋਣਗੇ ਕਿ ਓਹ ਹੁਣ ਤੱਕ ਦੂਰ ਦੇ ਢੋਲ ਹੀ ਸੁਣਕੇ ਪ੍ਰਸੰਨ ਹੁੰਦੇ ਰਹੇ। ਏਸੇ ਤਰ੍ਹਾਂ ਧਰਤ ਗਲੋਬ ਤੇ ਰਾਜ ਕਰਨ ਦੇ ਸੁਪਨੇ ਲੈਣ ਵਾਲੇ ਵਿਅਕਤੀਆਂ ਨੂੰ ਵੀ ਸੋਚਣੀ ਬਦਲਣੀ ਚਾਹੀਦੀ ਹੈ ਕਿ ਕਿਸੇ ਇਕ ਵਿਅਕਤੀ ਜਾਂ ਕੌਮ ਦਾ ਧਰਤੀ ਉਪਰ ਰਾਜ ਕਰਨ ਦੀਆਂ ਦਲੀਲਾਂ ਨਿਰਾ ਅਲਾਦੀਨੀ-ਸੁਪਨੇ ਹੀ ਹਨ।


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167



D. P. Pandia & Associates
Immigration Consultants
Serving the Community Since 1939

Jitendra Desai — D. P.Pandia

Ph. (604)684-3716
#61 - 553 Granville St. Vancouver, B.C.

ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

# ਅਮਰੀਕਾ ਦੇ ਛੇ ਜੰਗੀ ਬੇੜੇ ਕਰਾਚੀ ਬੰਦਰਗਾਹ 'ਤੇ ਪੁੱਜੇ

ਇਸਲਾਮਾਬਾਦ — ਅਮਰੀਕਾ ਦੇ ਛੇ ਜੰਗੀ ਬੇੜੇ ਕਰਾਚੀ ਬੰਦਰਗਾਹ 'ਤੇ ਪੁੱਜੇ। ਇਨ੍ਹਾਂ ਵਿਚ "ਯੂ. ਐਸ. ਐਂਟਰਪ੍ਰਾਈਜ਼" ਨਾਂ ਦਾ ਦੁਨੀਆਂ ਦਾ ਸਭ ਤੋਂ ਵੱਡਾ ਏਅਰ ਕਰਾਫਟ ਕੈਰੀਅਰ ਵੀ ਸ਼ਾਮਲ ਹੈ। 'ਐਂਟਰਪ੍ਰਾਈਜ਼ ਗਰੁੱਪ" ਦੇ ਜੰਗੀ ਬੇੜੇ ਇਥੇ ਪੰਦਰਾਂ ਸਾਲ ਦੇ ਵਕਫੇ ਪਿਛੋਂ ਆਏ ਹਨ। ਇਹ ਜੰਗੀ ਬੇੜੇ ਅਮਰੀਕਾ ਦੇ ਉਸ ਬਹੁ-ਚਰਚਿਤ "ਸੈਵਨਥ ਫਲੀਟ" ਦਾ ਇਕ ਹਿਸਾ ਹਨ ਜਿਸ ਨੂੰ 1971 ਦੀ ਬੰਗਲਾਦੇਸ਼ ਦੀ ਲੜਾਈ ਸਮੇਂ ਪਾਕਿਸਤਾਨ ਦੀ ਮਦਦ ਵਾਸਤੇ ਤੁਰਨ ਦਾ ਆਦੇਸ਼ ਦਿੱਤਾ ਗਿਆ ਸੀ। ਸਮਝਿਆ ਜਾਂਦਾ ਹੈ ਕਿ ਇਸ ਸਰਗਰਮੀ ਨਾਲ ਇਰਾਨ-ਇਰਾਕ ਜੰਗ ਹੋਰ ਗੰਭੀਰ ਰੂਪ ਧਾਰਨ ਕਰ ਰਹੀ ਹੈ।

# ਪਛੜੀਆਂ ਸ਼੍ਰੇਣੀਆਂ ਦੇ ਹਿਤਾਂ ਲਈ ਕਮੇਟੀ ਕਾਇਮ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ 20 ਮੈਂਬਰੀ ਉਚ ਪੱਧਰੀ ਕਮੇਟੀ ਕਾਇਮ ਕੀਤੀ ਹੈ। ਇਸ ਕਮੇਟੀ ਦੇ ਚੇਅਰਮੈਨ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਹਨ। ਇਸ ਕਮੇਟੀ ਵਲੋਂ ਕਾਰਪੋਰੇਸ਼ਨ, ਬੋਰਡਾਂ ਅਤੇ ਹੋਰਨਾਂ ਨੀਮ ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਸਮੇਂ ਇਨ੍ਹਾਂ ਸ਼੍ਰੇਣੀਆਂ ਦੇ ਹਿਤਾਂ ਦਾ ਧਿਆਨ ਰੱਖਿਆ ਜਾਵੇਗਾ। ਕਮੇਟੀ ਦੇ ਦੂਜੇ ਮੈਂਬਰਾਂ ਵਿਚ ਵਿਤ ਮੰਤਰੀ, ਸਮਾਜ ਭਲਾਈ ਮੰਤਰੀ, ਮੁਖ ਸਕੱਤਰ, ਵਿਤ ਕਮਿਸ਼ਨਰ, ਵਿਕਾਸ ਕਮਿਸ਼ਨਰ. ਮਾਲ ਕਮਿਸ਼ਨਰ, ਆਬਕਾਰੀ ਅਤੇ ਕਰ ਸਕੱਤਰ, ਸਿੰਜਾਈ ਅਤੇ ਬਿਜਲੀ ਸਕੱਤਰ, ਸਿਖਿਆ ਸਕੱਤਰ, ਸਿਹਤ ਸਕੱਤਰ, ਪੀ. ਡਬਲਿਊ. ਡੀ. ਸਕੱਤਰ, ਸਨਅਤ ਸਕੱਤਰ, ਸਮਾਜ ਭਲਾਈ ਸਕੱਤਰ ਅਤੇ ਟ੍ਰਾਂਸਪੋਰਟ ਸਕੱਤਰ ਸ਼ਾਮਲ ਹਨ। ਸਮਾਜ ਭਲਾਈ ਦੇ ਡਾਇਰੈਕਟਰ ਕਮੇਟੀ ਦੇ ਮੈਂਬਰ ਸਕੱਤਰ ਹਨ।

ਕਮੇਟੀ ਵਿਚ ਛੇ ਗੈਰ ਸਰਕਾਰੀ ਮੈਂਬਰ ਵੀ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚ ਰਣਜੀਤ ਸਿੰਘ ਐਮ. ਐਲ. ਏ. (ਜੰਡਿਆਲਾ), ਸ਼ਿਵ ਚੰਦ ਐਮ. ਐਲ. ਏ.(ਮਲੋਟ), ਬਲਵੰਤ ਸਿੰਘ ਐਮ. ਐਲ. ਏ. (ਲੋਹੀਆਂ), ਰਾਮ ਲਾਲ ਐਮ. ਐਲ. ਏ. (ਨਰੋਟ ਮਹਿਰਾ), ਦਲੀਪ ਸਿੰਘ ਪਾਂਧੀ ਐਮ. ਐਲ. ਏ.(ਅਮਲੋਹ) ਅਤੇ ਗੋਬਿੰਦ ਸਿੰਘ ਕਾਂਝਲਾ ਐਮ ਐਲ ਏ (ਸ਼ੇਰਪੁਰ) ਸ਼ਾਮਲ ਹਨ। ਕਮੇਟੀ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਪਰੋਗਰਾਮ ਤਿਆਰ ਕਰ ਕੇ ਸਰਕਾਰ ਨੂੰ ਦੇਵੇਗੀ।

---

ਪਲਕ ਨੂੰ ਚੁੰਮਾਂ, ਇਹਨਾਂ ਨੂੰ ਪੀ ਲਵਾਂ।
ਇਹ ਪੁਰਾਣੀ-ਜ਼ਿੰਦਗੀ ਦਾ ਪਿਆਰ ਨੇ।

# ਅਰੁਣ ਨਹਿਰੂ ਬਰਨਾਲਾ ਦੇ ਬਿਆਨਾਂ ਤੋਂ ਨਾਰਾਜ਼

**ਜ. ਸ. ਸਿੱਧੂ**

ਕੇਂਦਰ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੇ ਪੰਜਾਬ ਮਸਲੇ ਬਾਰੇ ਹਾਲ ਹੀ ਵਿਚ ਦਿੱਤੇ ਬਿਆਨਾਂ ਤੋਂ ਸਖਤ ਨਾਰਾਜ਼ ਹੈ। ਬਹੁਤ ਹੀ ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਸ੍ਰੀ ਅਰੁਨ ਨਹਿਰੂ ਨੇ ਪੰਜਾਬ ਤੋਂ ਗਏ ਤਿੰਨ ਅਕਾਲੀ ਆਗੂਆਂ ਕੋਲ ਬਰਨਾਲਾ ਸਰਕਾਰ ਨੂੰ "ਹਲੂਣਾ" ਦੇਣ ਦੀ ਆਪਣੀ 'ਇੱਛਾ' ਦਾ ਵੀ ਪ੍ਰਗਟਾਵਾ ਕੀਤਾ ਹੈ।

ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੀ ਲੀਡਰਸ਼ਿਪ ਵਿਚ ਪੈਦਾ ਹੋਏ ਝਗੜੇ ਕਾਰਨ ਪੰਜਾਬ ਦੇ ਅਕਾਲੀ ਆਗੂਆਂ ਨੂੰ ਕਈ ਵਾਰ ਦਿੱਲੀ ਜਾਣਾ ਪਿਆ। ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਵੀ ਇਸ ਮਾਮਲੇ ਵਿਚ ਦਖਲ ਦੇ ਚੁੱਕੇ ਹਨ। ਇਸ ਸਿਲਸਿਲੇ ਵਿਚ ਹੀ ਦਿੱਲੀ ਦੇ ਅਕਾਲੀ ਆਗੂਆਂ ਨੇ ਪੰਜਾਬ ਦੇ ਉਕਤ ਤਿੰਨ ਅਕਾਲੀ ਆਗੂਆਂ ਨੂੰ ਦਿੱਲੀ ਬੁਲਾਇਆ। ਉਨ੍ਹਾਂ ਵਿਚ ਪਾਰਟੀ ਦਾ ਇਕ ਸੀਨੀਅਰ ਆਗੂ ਵੀ ਸ਼ਾਮਲ ਸੀ। ਪਤਾ ਲੱਗਾ ਹੈ ਕਿ ਦਿੱਲੀ ਦੇ ਅਕਾਲੀ ਆਗੂਆਂ ਦੇ ਨਾਲ ਪੰਜਾਬ ਦੀ ਤਿੰਨ ਅਕਾਲੀ ਆਗੂ ਇਕ ਸਮਾਗਮ ਵਿਚ ਵੀ ਸ਼ਾਮਲ ਹੋਣ ਗਏ। ਉਸ ਸਮਾਗਮ ਵਿਚ ਇਸ ਵੇਲੇ ਕੇਂਦਰ ਵਿਚ 'ਸ਼ਕਤੀਸ਼ਾਲੀ' ਸਮਝਿਆ ਜਾ ਰਿਹਾ ਆਗੂ ਸ੍ਰੀ ਅਰੁਨ ਨਹਿਰੂ ਵੀ ਸ਼ਾਮਲ ਸੀ। ਸ੍ਰੀ ਅਰੁਨ ਨਹਿਰੂ ਨੇ ਉਨ੍ਹਾਂ ਆਗੂਆਂ ਨੂੰ ਕਿਹਾ ਕਿ ਪੰਜਾਬ ਵਿਚ ਕੀ ਹੋ ਰਿਹਾ ਹੈ। ਮੁੱਖ ਮੰਤਰੀ ਸ੍ਰੀ ਬਰਨਾਲਾ ਦੇ ਬਿਆਨਾਂ ਨੇ ਸਥਿਤੀ ਨੂੰ ਸੁਲਝਾਉਣ ਵਿਚ ਕੋਈ ਮਦਦ ਨਹੀਂ ਕੀਤੀ। ਅਮਨ ਕਾਨੂੰਨ ਦੀ ਹਾਲਤ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਸ੍ਰੀ ਅਰੁਨ ਨਹਿਰੂ ਨੇ ਕਿਹਾ, "ਕੇਂਦਰ ਪੰਜਾਬੀ ਵਿਚ ਮਜ਼ਬੂਤ ਲੀਡਰਸ਼ਿਪ ਚਾਹੁੰਦਾ ਹੈ।" ਉਨ੍ਹਾਂ ਨੇ ਇਹ ਵੀ ਸੰਕੇਤ ਦਿਤਾ ਕਿ ਸਰਕਾਰ ਤਾਂ ਅਕਾਲੀ ਦਲ ਦੀ ਹੀ ਚਲੇਗੀ ਪ੍ਰੰਤੂ ਇਸ ਦੀ ਵਰਤਮਾਨ ਲੀਡਰਸਿਪ ਉਤੇ ਉਨ੍ਹਾਂ ਨੇ ਕਿੰਤੂ ਕੀਤਾ।

ਇਹ ਵੀ ਸਮਝਿਆ ਜਾਂਦਾ ਹੈ ਕਿ ਕੇਂਦਰ ਕੋਈ ਵੀ ਗਲਬਾਤ ਸਿਰੇ ਚਾੜ੍ਹਨ ਤੋਂ ਪਹਿਲਾਂ ਹਰਿਆਣਾ ਨੂੰ ਵਧੇਰੇ ਪਾਣੀ ਦੇਣ ਬਾਰੇ ਅਕਾਲੀ ਲੀਡਰਸ਼ਿਪ ਦਾ ਪੱਕਾ ਭਰੋਸਾ ਚਾਹੁੰਦਾ ਹੈ। ਇਸ ਵੇਲੇ ਹਰਿਆਣਾ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਕਾਂਗਰਸ (ਇ) ਪਾਰਟੀ ਅਤੇ ਕੇਂਦਰ ਲਈ ਹਰਿਆਣਾ ਨੂੰ ਵਧੇਰੇ ਪਾਣੀ ਦੇਣਾ ਬਹੁਤ ਜ਼ਰੂਰੀ ਬਣਿਆ ਹੋਇਆ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਦਿੱਲੀ ਦੇ ਆਗੂਆਂ ਨੂੰ ਸਤਲੁਜ-ਯਮਨਾ ਲਿੰਕ ਨਹਿਰ ਮੁਕੰਮਲ ਕਰਨ ਦਾ ਤਾਂ ਭਰੋਸਾ ਦਿਤਾ ਹੈ ਪ੍ਰੰਤੂ "ਵਾਟਰ ਟ੍ਰਿਬਿਊਨਲ" ਨੂੰ ਉਸੇ ਰੂਪ ਵਿਚ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਅਕਾਲੀ ਲੀਡਰਸਿਪ ਇਹ ਮਹਿਸੂਸ ਕਰ ਰਹੀ ਹੈ ਕਿ ਕੇਂਦਰ "ਰਾਜੀਵ-ਲੌਂਗੋਵਾਲ" ਸਮਝੌਤੇ ਤੋਂ ਪਿਛੇ ਹਟ ਰਿਹਾ ਹੈ। ਹੁਣ ਇਹ ਸਾਰਾ ਦੋਸ਼ ਅਕਾਲੀ ਦਲ ਸਿਰ ਮੜ੍ਹਨ ਲਈ ਰਾਜ ਦੀ ਅਮਨ ਕਾਨੂੰਨ ਦੀ ਹਾਲਤ ਨੂੰ ਸਮਝੌਤੇ ਤੋਂ ਵੀ ਉਪਰ ਰੱਖਿਆ ਜਾ ਰਿਹਾ ਹੈ। ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਵਿਚ "ਪੰਜਾਬ ਵਿਰੋਧੀ ਧਿਰ" ਇਹ ਚਾਹੁੰਦੀ ਹੈ ਕਿ ਦੇਸ਼ ਦੇ ਲੋਕ ਸਮਝੌਤੇ ਨੂੰ ਭੁੱਲ ਕੇ ਕੇਵਲ ਅਮਨ ਕਾਨੂੰਨ ਦੀ ਹੀ ਗੱਲ ਕਰਨ।

ਸਮਝਿਆ ਜਾਂਦਾ ਹੈ ਕਿ ਦੂਜੇ ਰਾਜਾਂ ਵਿਚ ਵਸਦੇ ਸਿੱਖਾਂ ਅਤੇ ਦਮਦਮੀ ਟਕਸਾਲ ਤੇ ਸਿੱਖ ਫੈਡਰੇਸ਼ਨ ਬਾਰੇ ਅਕਾਲੀ ਲੀਡਰਸਿਪ ਦਾ ਸਟੈਂਡ ਵੀ ਕੇਂਦਰ ਨੂੰ ਪ੍ਰਵਾਨ ਨਹੀਂ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਅਕਾਲੀ ਦਲ ਅਤੇ ਸਿੱਖ ਫੈਡਰੇਸ਼ਨ ਵਿਚਕਾਰ ਟਕਰਾਅ ਦਾ ਮਾਹੌਲ ਕਾਫੀ ਪਿਛੇ ਪੈ ਗਿਆ ਹੈ। ਕੇਂਦਰ ਨੇ ਇਸ ਨਰਮ ਨੀਤੀ ਨੂੰ ਨਾਪਸੰਦ ਕੀਤਾ ਹੈ।

ਸਮਝਿਆ ਜਾਂਦਾ ਹੈ ਕਿ ਮੁਖ ਮੰਤਰੀ ਨੇ ਇਨ੍ਹਾਂ ਦੋਹਾਂ ਜਥੇਬੰਦੀਆਂ ਨਾਲ ਆਪ ਸੰਪਰਕ ਬਣਾਇਆ ਹੋਇਆ ਹੈ। ਇਸੇ ਦੌਰਾਨ ਇਹ ਪਤਾ ਲੱਗਾ ਹੈ ਕਿ ਜਿਨ੍ਹਾਂ 39 ਵਿਧਾਇਕਾਂ ਨੇ ਡੀਜ਼ਲ ਅਤੇ ਆਬਿਆਨਾ ਕਰ ਘੱਟ ਕਰਨ ਬਾਰੇ ਸ੍ਰੀ ਬਰਨਾਲਾ ਨੂੰ ਦਿੱਤੇ ਯਾਦ-ਪੱਤਰ ਉਤੇ ਦਸਤਖਤ ਕੀਤੇ ਸਨ ਉਨ੍ਹਾਂ ਵਿਚੋਂ ਬਹੁਤੇ ਸ੍ਰੀ ਬਰਨਾਲਾ ਨੂੰ ਮਿਲ ਕੇ ਇਸ ਸਪਸ਼ਟ ਕਰ ਚੁੱਕੇ ਹਨ ਕਿ ਉਨ੍ਹਾਂ ਦਾ ਮੰਤਵ ਲੀਡਰਸ਼ਿਪ ਨੂੰ ਚਣੌਤੀ ਦੇਣਾ ਨਹੀਂ।

# ਪੰਜਾਬ ਬਾਰੇ ਨਵੀਂ ਫਿਲਮ

ਨਵੀਂ ਦਿੱਲੀ, . (ਹਰੀਸ਼ ਗੁਪਤਾ) – ਰਾਜਧਾਨੀ ਵਿਚ ਕੁਝ ਵਿਵਾਦਪੂਰਨ ਦਸਤਾਵੇਜ਼ੀ ਤੇ ਵੀਡੀਓ ਫਿਲਮਾਂ ਵਿਖਾਈਆਂ ਜਾ ਰਹੀਆਂ ਹਨ। ਇਹ ਫਿਲਮਾਂ ਅਹਿਮ ਵਿਅਕਤੀਆਂ, ਵੱਡੇ ਬਿਜ਼ਨੈਸਮੈਨਾਂ ਤੇ ਹੋਰਨਾਂ ਦੇ ਘਰਾਂ ਵਿਚ ਗੁਪਤ ਰੂਪ ਵਿਚ ਵਿਖਾਈਆਂ ਜਾ ਰਹੀਆਂ ਹਨ। ਇਨ੍ਹਾਂ ਫਿਲਮਾਂ ਵਿਚੋਂ ਤਾਜ਼ਾ-ਤਰੀਨ ਦਸਤਾਵੇਜ਼ੀ ਫਿਲਮ ਪੰਜਾਬ ਬਾਰੇ ਹੈ।

ਜਾਣਕਾਰ ਸੂਤਰਾਂ ਅਨੁਸਾਰ 90 ਮਿੰਟਾਂ ਦੀ ਇਹ ਫਿਲਮ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ 26 ਜਨਵਰੀ ਤੋਂ ਹੋਈਆਂ ਘਟਨਾਵਾਂ ਦੀ ਸਪਸ਼ਟ ਤਸਵੀਰ ਪੇਸ਼ ਕਰਦੀ ਹੈ।

ਕੁਝ ਦਿਨ ਪਹਿਲਾਂ ਇਹ ਦਸਤਾਵੇਜ਼ੀ ਫਿਲਮ ਕੁਝ ਚੁਨਿੰਦਾ ਕਾਂਗਰਸੀ ਮੰਤਰੀਆਂ, ਸੰਸਦ ਮੈਂਬਰਾਂ ਅਤੇ ਹੋਰਨਾਂ ਨੂੰ ਵਿਖਾਈ ਗਈ। ਇਸ ਫਿਲਮ ਦਾ ਬਹੁਤਾ ਸਬੰਧ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਾਲੰਟੀਅਰਾਂ ਦੀਆਂ ਗਤੀਵਿਧੀਆਂ, ਕਾਰ ਸੇਵਾ ਤੇ ਕਾਰ ਸੇਵਾ ਕਰਨ ਵਾਲਿਆਂ ਨਾਲ ਗੱਲਬਾਤ ਨਾਲ ਹੈ।

ਦਿਲਚਸਪ ਗੱਲ ਇਹ ਹੈ ਕਿ ਜਿਸ ਔਰਤ ਨੇ ਫੈਡਰੇਸ਼ਨ ਦੇ ਮੁਖੀ ਹਰਿੰਦਰ ਸਿੰਘ ਕਾਹਲੋਂ ਦੀ ਇੰਟਰਵਿਊ ਲਈ, ਉਹ ਪਰਦੇ ਵਿਚ ਹੈ। ਉਸ ਨੇ ਬੰਗਾਲ ਤੋਂ ਪ੍ਰਕਾਸ਼ਿਤ ਹੋਣ ਵਾਲੇ ਇਕ ਅਖਬਾਰ ਵਿਚ ਕੰਮ ਕੀਤਾ ਹੈ ਅਤੇ ਇਸ ਵੇਲੇ ਉਹ ਇਕ ਬਰਤਾਨਵੀ ਅਖਬਾਰ ਲਈ ਕੰਮ ਕਰਦੀ ਹੈ।

ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਫਿਲਮ ਦਾ ਨਿਰਮਾਣ ਕਿਸ ਨੇ ਕੀਤਾ ਜਾਂ ਕਿਸ ਨੇ ਇਸ ਦੇ ਨਿਰਮਾਣ 'ਤੇ ਪੈਸਾ ਲਾਇਆ।

ਪੰਜਾਬ ਬਾਰੇ ਇਹ ਦੂਜੀ ਅਜਿਹੀ ਫਿਲਮ ਹੈ ਜਿਹੜੀ ਕਿ ਆਮ ਲੋਕਾਂ ਨੂੰ ਨਹੀਂ ਵਿਖਾਈ ਜਾ ਰਹੀ।


AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर इंडिया
AIR-INDIA
WE'RE YOUR AIRLINE
Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

# ਫ਼ਿਲਮ-ਲੋਰ

## ਫ਼ਿਲਮਾਂ ਵਿਚ ਚੁੰਮਣ

**ਨਵਸੰਗੀਤ ਸਿੰਘ**

ਪਿਛੇ ਜਿਹੇ ਰਮੇਸ਼ ਸਿਪੀ ਦੀ ਇਕ ਫਿਲਮ ਰਿਲੀਜ਼ ਹੋਈ ਹੈ — 'ਸਾਗਰ'। ਇਸ ਫਿਲਮ ਵਿਚ ਇਕ ਚੁੰਮਣ-ਦ੍ਰਿਸ਼ ਦੌਰਾਨ ਰਿਸ਼ੀ ਕਪੂਰ ਅਤੇ ਡਿੰਪਲ ਨੂੰ 320 ਵਾਰ 'ਰੀਟੇਕ' ਦੇਣਾ ਪਿਆ ਸੀ ਤਾਂ ਕਿਤੇ ਜਾ ਕੇ ਉਸ ਦ੍ਰਿਸ਼ ਦੀ ਪੇਸ਼ਕਾਰੀ ਸੰਭਵ ਹੋ ਸਕੀ ਸੀ। ਡਿੰਪਲ ਦਾ ਕਹਿਣਾ ਹੈ ਕਿ ਇੰਨੀ ਵਾਰੀ 'ਰੀਟੇਕ' ਦੇਣ ਕਾਰਨ ਉਸ ਦੇ ਹੋਠ ਤਕ ਛਿੱਲੇ ਗਏ ਹਨ। ਫਿਲਮ ਰਿਲੀਜ਼ ਹੋਣ ਪਿਛੋਂ ਇਹ ਦ੍ਰਿਸ਼ ਦੇਖਣ ਤੋਂ ਬਾਅਦ ਕੋਈ ਵੀ ਵਿਅਕਤੀ ਇਹ ਸੋਚਣ 'ਤੇ ਮਜ਼ਬੂਰ ਹੋ ਜਾਂਦਾ ਹੈ ਕਿ ਇਸ ਮਾਮੂਲੀ ਜਿਹੇ ਦ੍ਰਿਸ਼ ਲਈ 320 ਵਾਰ 'ਰੀਟੇਕ' ਲੈਣ ਦੀ ਕੀ ਲੋੜ ਸੀ? ਜਦ ਕਿ ਇਸ ਦ੍ਰਿਸ਼ ਦੀ ਫਿਲਮ ਵਿਚ ਕੋਈ ਖਾਸ ਅਹਿਮੀਅਤ ਨਹੀਂ ਹੈ ਕਿਉਂਕਿ ਇਸ ਨਾਲ ਫਿਲਮ ਦੀ ਕਹਾਣੀ ਵਿਚ ਕੋਈ ਫਰਕ ਨਹੀਂ ਸੀ ਪੈਣਾ। ਜ਼ਾਹਿਰ ਹੈ ਕਿ ਫਿਲਮ ਵਿਚ ਇਹ ਦ੍ਰਿਸ਼ ਜਾਣ ਬੁੱਝ ਕੇ ਪਾਇਆ ਗਿਆ ਹੈ।

ਹੁਣ ਲਗਭਗ ਹਰ ਫਿਲਮ ਵਿਚ ਚੁੰਮਣ ਦੇ ਦ੍ਰਿਸ਼ ਜਾਣ-ਬੁੱਝ ਕੇ ਦਿਤੇ ਜਾਂਦੇ ਹਨ। ਕੇਵਲ ਇਸ ਲਈ ਕਿ ਨਿਰਮਾਤਾ ਦੀ ਦ੍ਰਿਸ਼ਟੀ ਵਿਚ ਚੁੰਮਣ ਕਿਸੇ ਵੀ ਫਿਲਮ ਦੀ ਗੁਰੰਟੀ ਬਣ ਗਿਆ ਹੈ।

ਫਿਲਮਾਂ ਵਿਚ ਚੁੰਮਣ ਦਾ ਦੌਰ ਕਦੋਂ ਅਤੇ ਕਿਵੇਂ ਸ਼ੁਰੂ ਹੋਇਆ, ਇਸ ਸਬੰਧੀ ਠੀਕ ਤਰ੍ਹਾਂ ਕੁਝ ਕਹਿਣਾ ਕਾਫੀ ਕਠਿਨ ਹੈ ਪ੍ਰੰਤੂ ਰਾਜ ਕਪੂਰ ਦੀ ਫਿਲਮ 'ਸਤਯਮ ਸ਼ਿਵਮ ਸੁੰਦਰਮ' ਵਿਚ ਪਹਿਲੀ ਵੇਰ ਭਰਪੂਰ ਚੁੰਮਣਾਂ ਦਾ ਪਰਯੋਗ ਕੀਤਾ ਗਿਆ ਸੀ ਪਰ ਇਸ ਫਿਲਮ ਵਿਚ ਚੁੰਮਣ ਦੇ ਦ੍ਰਿਸ਼ ਵਧੇਰੇ ਚਰਚਾ ਦਾ ਵਿਸ਼ਾ ਨਹੀਂ ਸਨ ਬਣੇ।

ਚੁੰਮਣ ਦੇ ਦ੍ਰਿਸ਼ਾਂ ਨੂੰ ਲੈ ਕੇ ਸਭ ਤੋਂ ਪਹਿਲਾ ਧਮਾਕਾ ਹੋਇਆ, ਫਿਲਮ 'ਬੇਤਾਬ' ਨਾਲ। ਇਸ ਫਿਲਮ ਲਈ ਰਾਹੁਲ ਰਵੇਲ ਨੇ ਅੰਮ੍ਰਿਤਾ ਸਿੰਘ ਤੇ ਸੰਨੀ ਦਿਓਲ ਨੂੰ ਲੈ ਕੇ ਇਕ ਚੁੰਮਣ ਦ੍ਰਿਸ਼ ਦੀ ਪੇਸ਼ਕਾਰੀ ਕੀਤੀ ਸੀ। ਹਾਲਾਂ ਕਿ ਇਹ ਚੁੰਮਣ ਦ੍ਰਿਸ਼ ਕੋਈ ਬਹੁਤਾ ਉਤੇਜਨਾ ਪੂਰਨ ਨਹੀਂ ਸੀ। ਨਾ ਹੀ ਇਸ ਦ੍ਰਿਸ਼ ਨੂੰ ਵੇਖ ਕੇ ਦਰਸ਼ਕਾਂ ਦੀਆਂ ਭਾਵਨਾਵਾਂ 'ਤੇ ਕੋਈ ਪ੍ਰਭਾਵ ਪਿਆ ਸੀ। ਸੰਨੀ ਦਿਓਲ ਨੇ ਅੰਮ੍ਰਿਤਾ ਸਿੰਘ ਦਾ ਚੁੰਮਣ ਕੇਵਲ ਬਦਲੇ ਦੀ ਭਾਵਨਾ ਕਾਰਨ ਗੁੱਸੇ ਵਿਚ ਲਿਆ ਸੀ ਪ੍ਰੰਤੂ 'ਬੇਤਾਬ' ਤੋਂ ਪਿਛੋਂ ਹਿੰਦੀ ਫਿਲਮਾਂ ਵਿਚ ਚੁੰਮਣਾਂ ਦੀ ਵਾਛੜ ਸ਼ੁਰੂ ਹੋ ਗਈ।

ਹਿੰਦੀ ਫਿਲਮਾਂ ਵਿਚ ਚੁੰਮਣਾਂ ਦੀ ਭਰਮਾਰ ਦੇ ਦੋ ਮੁੱਖ ਕਾਰਨ ਹਨ: ਇਕ ਤਾਂ ਇਹ ਕਿ ਫਿਲਮ ਵਾਲਿਆਂ ਨੇ 'ਬੇਤਾਬ' ਦੀ ਸਫਲਤਾ ਦਾ ਰਾਜ਼ ਕੇਵਲ ਚੁੰਮਣ ਦ੍ਰਿਸ਼ ਨੂੰ ਹੀ ਸਮਝ ਲਿਆ ਸੀ।

ਦੂਜਾ ਇਹ ਕਿ ਇਸ ਫਿਲਮ ਤੋਂ ਸੈਂਸਰ ਬੋਰਡ ਨੇ ਚੁੰਮਣ ਦ੍ਰਿਸ਼ਾਂ ਨੂੰ ਫਿਲਮ-ਸਕਰੀਨ 'ਤੇ ਵਿਖਾਉਣ ਦੀ ਖੁਲ੍ਹੀ ਛੁੱਟੀ ਦੇ ਦਿੱਤੀ ਸੀ। ਨਿਰਮਾਤਾਵਾਂ ਨੂੰ ਸੈਂਸਰ ਦੀ ਇਸ ਖੁੱਲ ਨੂੰ ਆਪਣੀਆਂ ਫਿਲਮਾਂ ਦੁਆਰਾ ਕੈਸ਼ ਕਰਨ ਦਾ ਚੰਗਾ ਮੌਕਾ ਹੱਥ ਲੱਗ ਗਿਆ ਸੀ।

ਹੁਣ ਹਾਲਤ ਇਹ ਹੋ ਗਈ ਹੈ ਕਿ ਚੁੰਮਣ ਸਾਡੀਆਂ ਫਿਲਮਾਂ ਦਾ ਇਕ ਜ਼ਰੂਰੀ ਹਿਸਾ ਬਣ ਕੇ ਰਹਿ ਗਿਆ। 'ਬੇਤਾਬ' ਨੇ ਅੱਜ ਹਿੰਦੀ ਫਿਲਮਾਂ ਵਿਚ ਚੁੰਮਣ ਦਾ ਇਕ ਨਵਾਂ 'ਟਰੈਂਡ' ਸਥਾਪਤ ਕਰ ਦਿੱਤਾ ਹੈ।

'ਬੇਤਾਬ' ਪਿੱਛੋਂ ਕੁਮਾਰ ਗੌਰਵ ਅਤੇ ਪੂਨਮ ਢਿੱਲੋਂ ਨੇ 'ਤੇਰੀ ਕਸਮ' ਵਿਚ ਚੁੰਮਣ ਦ੍ਰਿਸ਼ ਪੇਸ਼ ਕੀਤਾ। ਪੂਨਮ ਢਿੱਲੋਂ ਨੇ ਹੀ ਇਕ ਹੋਰ ਫਿਲਮ 'ਸੋਹਣੀ ਮਹੀਂਵਾਲ' ਵਿਚ ਲਗਭਗ ਪੰਜ ਦਿਨ ਦਾ ਇਕ ਲੰਬਾ ਚੁੰਮਣ ਦ੍ਰਿਸ਼ ਦਿਤਾ।

ਇਸ ਫਿਲਮ ਵਿਚ ਸੰਨੀ ਦਿਓਲ ਚੁੰਮਣ ਦ੍ਰਿਸ਼ ਦੀ ਸ਼ੁਰੂਆਤ ਪੂਨਮ ਢਿੱਲੋਂ ਦੇ ਮੱਥੇ ਤੋਂ ਕਰਦਾ ਹੈ ਅਤੇ ਉਸ ਦੀਆਂ ਅੱਖਾਂ, ਗੱਲ੍ਹਾਂ, ਠੋਡੀ, ਧੌਣ ਆਦਿ ਦਾ ਚੁੰਮਣ ਲੈਣ ਪਿਛੋਂ ਅੰਤ ਵਿਚ ਬੁਲ੍ਹਾਂ 'ਤੇ ਇਕ ਭਰਪੂਰ ਚੁੰਮਣ ਦਿੰਦਾ ਹੈ। ਫਿਲਮ 'ਸੋਹਣੀ ਮਹੀਂਵਾਲ' ਦਾ ਇਹ ਚੁੰਮਣ ਦ੍ਰਿਸ਼ ਇਨਾ ਉਤੇਜਨਾ ਪੂਰਨ ਸੀ ਕਿ ਹਾਲ ਵਿਚ ਬੈਠੇ ਦਰਸ਼ਕ ਮੱਥੇ ਤੋਂ ਪਸੀਨਾ ਪੂੰਝਣ ਲਗ ਪੈਂਦੇ ਹਨ।

ਪ੍ਰੰਤੂ ਇਹ ਉਤੇਜਨਾ ਪੂਰਨ ਦ੍ਰਿਸ਼ ਵੀ ਇਸ ਫਿਲਮ ਨੂੰ 'ਫਲਾਪ' ਹੋਣ ਤੋਂ ਬਚਾ ਨਾ ਸਕਿਆ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨਿਰਮਾਤਾਵਾਂ ਦਾ ਇਹ ਖਿਆਲ, ਭਰਮ ਵਾਲਾ ਹੈ ਕਿ ਚੁੰਮਣ ਕਿਸੇ ਵੀ ਫਿਲਮ ਦੀ ਸਫਲਤਾ ਦੀ ਗਰੰਟੀ ਹੈ।

ਚੁੰਮਣ ਨੂੰ ਫਿਲਮਾਂ ਵਿਚ ਸਫਲਤਾ ਦੀ ਗਰੰਟੀ ਸਮਝ ਕੇ ਜਿਨ੍ਹਾਂ ਨਿਰਮਾਤਾਵਾਂ ਦੁਆਰਾ ਇਸ ਨੂੰ ਆਪਣੀਆਂ ਫਿਲਮਾਂ ਵਿਚ ਕੈਸ਼ ਕਰਨ ਦੀ



ਰਿਸ਼ੀ ਕਪੂਰ ਅਤੇ ਅੰਮ੍ਰਿਤਾ

ਕੋਸ਼ਿਸ਼ ਕੀਤੀ ਗਈ, ਉਨ੍ਹਾਂ ਫਿਲਮਾਂ ਦੇ ਨਾਂ ਹਨ: 'ਅਰਜੁਨ'(ਸੰਨੀ-ਡਿੰਪਲ), 'ਮਿਸਾਲ'(ਸ਼ਾਹਰੁਖ ਮਿਰਜ਼ਾ-ਮਨਜੀਤ ਕੌਰ), 'ਮੁਹੱਬਤ'(ਅਨਿਲ ਕਪੂਰ—ਵਿਜੈਤਾ ਪੰਡਿਤ). ਪ੍ਰੰਤੂ ਇਹ ਫਿਲਮਾਂ ਬਾਕਸ ਆਫਿਸ 'ਤੇ ਕਿਸੇ ਤਰ੍ਹਾਂ ਵੀ ਸਫਲ ਨਹੀਂ ਹੋ ਸਕੀਆਂ। 'ਚੁੰਮਣ' ਨਾਮਕ ਤਿਨਕਾ ਵੀ ਇਨ੍ਹਾਂ ਫਿਲਮਾਂ ਨੂੰ ਡੁੱਬਣ ਤੋਂ ਬਚਾ ਨਹੀਂ ਸਕਿਆ। ਰਾਜ ਕਪੂਰ ਦੀ ਫਿਲਮ 'ਰਾਮ ਤੇਰੀ ਗੰਗਾ ਮੈਲੀ' ਵਿਚ ਵੀ ਇਸੇ ਵਿਸ਼ੇ ਨੂੰ ਕੈਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਇਸ ਫਿਲਮ ਨੂੰ ਉਕਤ ਲੜੀ ਵਿਚ ਇਸ ਲਈ ਨਹੀਂ ਜੋੜਿਆ ਜਾ ਸਕਦਾ ਕਿਉਂਕਿ ਸ਼ੁਰੂ ਤੋਂ ਲੈ ਕੇ ਹੁਣ ਤਕ ਰਾਜ ਕਪੂਰ ਆਪਣੀਆਂ ਫਿਲਮਾਂ ਵਿਚ ਸੈਕਸ ਨੂੰ ਹੀ 'ਐਕਸਪਲਾਇਟ' ਕਰਦਾ ਹੈ। ਇਸ ਲਈ 'ਰਾਮ ਤੇਰੀ ਗੰਗਾ ਮੈਲੀ' ਵਿਚ ਉਸ ਨੇ ਸੈਕਸੀ ਦ੍ਰਿਸ਼ ਦੇ ਕੇ ਭੇਡਚਾਲ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਨਹੀਂ ਕੀਤੀ ਹੈ।

ਜਦੋਂ ਸੈਂਸਰ ਬੋਰਡ ਨੇ ਚੁੰਮਣ ਦੇ ਵਿਸ਼ੇ ਵਿਚ ਆਪਣੇ ਵਲੋਂ 'ਗਰੀਨ ਸਿਗਨਲ' ਦੇ ਦਿੱਤਾ ਹੈ ਤਾਂ ਜ਼ਾਹਿਰ ਹੈ ਕਿ ਇਸ ਬਾਰੇ ਅਭਿਨੇਤਰੀਆਂ ਦੇ ਵਿਚਾਰ ਵੀ ਜਾਣ ਲੈਣੇ ਜ਼ਰੂਰੀ ਹਨ।

ਡਿੰਪਲ ਦਾ ਵਿਚਾਰ ਹੈ ਕਿ "ਜੇ ਫਿਲਮਾਂ ਵਿਚ ਮੱਥੇ ਦਾ, ਅੱਖਾਂ ਦਾ, ਗੱਲ੍ਹਾਂ ਦਾ, ਧੌਣ ਆਦਿ ਦਾ ਚੁੰਮਣ ਵਿਖਾਉਣ ਨਾਲ ਨਵੀਂ ਪੀੜ੍ਹੀ ਤਬਾਹ ਨਹੀਂ ਹੋਈ ਤਾਂ ਬੁੱਲ੍ਹਾ ਦਾ ਚੁੰਮਣ ਦਿਖਾਏ ਜਾਣ 'ਤੇ ਇਸ ਪੀੜ੍ਹੀ 'ਤੇ ਕੀ ਅਸਰ ਪੈ ਸਕਦਾ ਹੈ? ਚੁੰਮਣ ਪਿਆਰ ਦੀ ਇਕ ਖੂਬਸੂਰਤ ਅਭਿਵਿਅਕਤੀ ਹੈ। ਹੁਣ ਇਹ ਦਰਸ਼ਕ ਦਾ ਆਪਣਾ ਦ੍ਰਿਸ਼ਟੀਕੋਣ ਹੈ ਕਿ ਉਹ ਉਸ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਦਾ ਹੈ। ਡਿੰਪਲ ਦਾ ਇਹ ਵੀ ਕਹਿਣਾ ਹੈ ਕਿ ਚੁੰਮਣ ਦੇ ਆਉਣ ਨਾਲ ਫਿਲਮਾਂ ਵਿਚ ਇਕ ਨਵੀਂ ਤਾਜ਼ਗੀ ਆਵੇਗੀ।"

ਮੀਨਾਕਸ਼ੀ ਸ਼ੇਸ਼ਦਾਰੀ ਇਸ ਸਬੰਧੀ ਕਹਿੰਦੀ ਹੈ, "ਚੁੰਮਣ ਫਿਲਮਾਂ ਵਿਚ ਹੁਣ ਇਕ ਫੈਸ਼ਨ ਬਣ ਗਿਆ ਹੈ ਅਤੇ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੋਈ ਵੀ ਫੈਸ਼ਨ ਜ਼ਿਆਦਾ ਦਿਨ ਟਿਕ ਨਹੀਂ ਸਕਦਾ।

ਰੱਬ ਦਾ ਸ਼ੁਕਰ ਹੈ ਕਿ ਮੇਰੀ ਫਿਲਮ ਦੇ ਨਿਰਮਾਤਾਵਾਂ ਨੇ ਅਜੇ ਤੱਕ ਮੈਨੂੰ ਚੁੰਮਣ ਦ੍ਰਿਸ਼ ਦੇਣ ਲਈ ਨਹੀਂ ਕਿਹਾ ਹੈ। ਜੇ ਮੈਨੂੰ ਅਜਿਹਾ ਕਰਨ ਲਈ ਕਿਹਾ ਗਿਆ ਤਾਂ ਮੈਂ ਸਪਸ਼ਟ ਇਨਕਾਰ ਕਰ ਦੇਵਾਂਗੀ। ਫਿਰ ਵੀ ਜ਼ੋਰ ਪਾਇਆ ਗਿਆ ਤੇ ਜੇ ਕਹਾਣੀ ਦੀ ਮੰਗ ਹੋਈ ਤਾਂ ਮੈਨੂੰ ਚੁੰਮਣ ਦ੍ਰਿਸ਼ ਦੇਣ ਤੋਂ ਪਰਹੇਜ਼ ਨਹੀਂ ਹੋਵੇਗਾ।"

ਜ਼ੀਨਤ ਅਮਾਨ ਦਾ ਕਹਿਣਾ ਹੈ, "ਇਹ ਗਲਤ ਹੈ ਕਿ ਚੁੰਮਣ ਦ੍ਰਿਸ਼ਾਂ ਪਿਛੋਂ ਫਿਲਮਾਂ ਵਿਚ ਇਕ ਨਵੇਂ ਦੌਰ ਦਾ ਆਗਾਜ਼ ਹੋਵੇਗਾ। ਚੁੰਮਣ ਤੋਂ ਬਿਨਾਂ ਵੀ ਕਿਸੇ ਵਧੀਆ ਫਿਲਮ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਮੈਂ ਚੁੰਮਣ ਦੇ ਵਿਰੁੱਧ ਨਹੀਂ। ਮੈਂ ਵੀ ਫਿਲਮਾਂ ਵਿਚ ਚੁੰਮਣ ਦ੍ਰਿਸ਼ ਦਿਤੇ ਹਨ। ਪ੍ਰੰਤੂ ਕਿਸੇ ਵੀ ਪ੍ਰੇਮ-ਦ੍ਰਿਸ਼ ਲਈ ਚੁੰਮਣ ਜ਼ਰੂਰੀ ਹੋਵੇ — ਅਜਿਹਾ ਮੈਂ ਨਹੀਂ ਸਮਝਦੀ।"

ਨਵੀਂ ਉਭਰ ਰਹੀ ਅਨਿਤਰੀ ਤਾਰਿਕਾ ਖੁਸ਼ਬੂ ਦਾ ਕਹਿਣਾ ਹੈ, "ਹਿੰਦੀ ਫਿਲਮਾਂ ਵਿਚ ਚੁੰਮਣ ਵਿਖਾਉਣਾ ਸਾਡੀ ਸਭਿਅਤਾ ਦੇ ਬਿਲਕੁਲ ਉਲਟ ਹੈ। ਖੁਸ਼ਬੂ ਨੇ 'ਜਾਨੂ', 'ਜਾਮਿਨ', 'ਸੌਤੇਲਾ ਪਤੀ' ਆਦਿ ਫਿਲਮਾਂ ਵਿਚ ਚੁੰਮਣ ਦ੍ਰਿਸ਼ ਦਿਤੇ ਹਨ। ਇਨ੍ਹਾਂ ਵਿਚ 'ਜਾਨੂ' ਨੂੰ ਛੱਡ ਕੇ ਕੋਈ ਦ੍ਰਿਸ਼ ਸੁਭਾਵਿਕ ਨਹੀਂ ਹੈ।

'ਮੈਂ ਜਾਣਦੀ ਹਾਂ ਕਿ ਬਾਕ ਦੋ ਫਿਲਮਾਂ ਵਿਚ ਮੈਨੂੰ ਐਕਸਪਲਾਇਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਮੈਂ ਕਰ ਵੀ ਕੀ ਸਕਦੀ ਹਾਂ। ਫਿਲਮਾਂ 'ਚ ਮੈਂ ਆਪਦਾ ਕੈਰੀਅਰ ਜੋ ਬਣਾਉਣਾ ਹੈ।"

ਵਧੇਰੇ ਅਭਿਨੇਤਰੀਆਂ ਫਿਲਮਾਂ ਵਿਚ ਚੁੰਮਣ ਦ੍ਰਿਸ਼ ਦਿਖਾਉਣ ਦੇ ਵਿਰੁਧ ਰਹੀਆਂ ਹਨ।

ਜੋ ਹੱਕ ਵਿਚ ਹਨ, ਉਨ੍ਹਾਂ ਦਾ ਕਹਿਣਾ ਵੀ ਇਹੋ ਹੈ ਕਿ ਜੇ ਕਹਾਣੀ ਦੀ ਡਿਮਾਂਡ ਹੋਵੇ ਤਾਂ ਚੁੰਮਣ ਦ੍ਰਿਸ਼ ਦੇਣ ਵਿਚ ਕੋਈ ਹਰਜ ਨਹੀਂ ਹੈ।

ਜ਼ਾਹਿਰ ਹੈ ਕਿ ਅਜਿਹੀ ਸਥਿਤੀ ਵਿਚ ਨਿਰਮਾਤਾ ਸਿਰਫ ਨਵੀਆਂ ਅਭਿਨੇਤਰੀਆਂ ਨੂੰ ਐਕਸਪਲਾਇਟ ਕਰਕੇ ਫਿਲਮਾਂ ਵਿਚ ਚੁੰਮਣ ਦੇ ਜ਼ਹਿਰ ਨੂੰ ਫੈਲਾਉਣ ਦੀ ਕੋਸ਼ਿਸ਼ ਕਰਨਗੇ। ਵੇਖਣਾ ਇਹ ਹੈ ਕਿ ਇਹ ਨਵੀਆਂ ਅਭਿਨੇਤਰੀਆਂ ਇਸ ਜ਼ਹਿਰ ਨੂੰ ਰੋਕਣ ਵਿਚ ਕਿਸ ਤਰ੍ਹਾਂ ਦੇ ਠੋਸ ਕਦਮ ਉਠਾਉਂਦੀਆਂ ਹਨ।



ਸੰਨੀ ਦਿਓਲ ਅਤੇ ਪੂਨਮ ਢਿੱਲੋਂ

ਮਾਨਸ ਦੀ ਜ਼ਾਤ ਸਭ ਇਕੋ ਪਛਾਣਦੇ,
ਲੱਭੋ ਜਿਹੜੇ ਵੰਡਦੇ ਨੇ ਪਿਆਰ ਜ਼ਿੰਦਗੀ ਦਾ।
ਮੂੰਹ ਜਿਨ੍ਹਾਂ ਲਗਿਆ ਏ ਬੰਦਿਆਂ ਦਾ ਲਹੂ,
ਨਿਤਾਣਿਆਂ ਦਾ ਚੂੱਪ ਗਏ ਨੇ ਸਾਰ ਜ਼ਿੰਦਗੀ ਦਾ।
ਬੰਦੇ ਹੱਥੋਂ ਬੰਦੇ ਦੀ ਲੁਟ ਦਾ ਨਜ਼ਾਮ ਇਹ,
ਲਾਹ ਕੇ ਪਰ੍ਹੇ ਸੁਟਣਾ ਏ ਭਾਰ ਜ਼ਿੰਦਗੀ ਦਾ।




AMIN LADHA

**AMIN ON MARINE**

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

**dueck**
CHEVROLET-OLDSMOBILE-CADILLAC LTD.

86 SE Marine Dr., [between Main & Cambie]

**Ph: 324-7222**

Res.: 433-1681
Pager 687-7711 Pager #2122

**DUECK CHEVROLET OLDSMOBILE CADILLAC LTD.**



**United Realty Ltd.**

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

■ **BUYING**
■ **SELLING**

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

# “ਬਟਾਲਾ ਕਾਂਡ ਲਈ ਜ਼ਿੰਮੇਵਾਰ ਅਨਸਰ ਗ੍ਰਿਫਤਾਰ ਕਰੋ”

ਅੰਮ੍ਰਿਤਸਰ — ਦਮਦਮੀ ਟਕਸਾਲ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪੰਜ ਮੈਂਬਰੀ ਪੰਥਕ ਕਮੇਟੀ ਨੇ ਮੁੱਖ ਮੰਤਰੀ, ਪੰਜਾਬ ਨੂੰ ਭੇਜੀ ਇਕ ਤਾਰ ਵਿਚ ਮੰਗ ਕੀਤੀ ਹੈ ਕਿ ਬਟਾਲਾ ਵਿਚ “ਸਿੱਖ-ਵਿਰੋਧੀ” ਘਟਨਾਵਾਂ ਲਈ ਜ਼ਿੰਮੇਵਾਰ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਸੀ. ਆਰ. ਪੀ. ਮੁਲਾਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਜਾਵੇ। ਤਾਰ ਵਿਚ ਮੰਗ ਕੀਤੀ ਗਈ ਕਿ ਬਟਾਲਾ ਵਿਚ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ, ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਵੇ। ਤਾਰ ਵਿਚ ਦੋਸ਼ ਲਾਇਆ ਗਿਆ ਕਿ ਬਟਾਲਾ ਦੀਆਂ ਘਟਨਾਵਾਂ ਵਿਚ ਦਸ ਵਿਅਕਤੀ ਮਾਰੇ ਗਏ ਅਤੇ 36 ਫੱਟੜ ਹੋਏ। ਬਟਾਲਾ ਦੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਫੈਡਰੇਸ਼ਨ ਵਰਕਰਾਂ ਨੇ ਅੰਮ੍ਰਿਤਸਰ-ਫਿਰੋਜ਼ਪੁਰ ਸੜਕ ’ਤੇ ਸਰਹਾਲੀ ਵਿਖੇ ਕੁਝ ਸਮੇਂ ਲਈ ਆਵਾਜਾਈ ਠੱਪ ਕੀਤੀ।

ਉਧਰ ਕੇਂਦਰੀ ਆਰੀਆ ਸਮਾਜ ਦੇ ਸਕੱਤਰ ਸ੍ਰੀ ਨੰਦ ਕਿਸ਼ੋਰ ਨੇ ਦੋਸ਼ ਲਾਇਆ ਹੈ ਕਿ ਪੰਜਾਬ ਵਿਚ ਖੂਨ-ਖਰਾਬੇ ਲਈ ਬਰਨਾਲਾ ਸਰਕਾਰ ਜ਼ਿੰਮੇਵਾਰ ਹੈ ਉਨ੍ਹਾਂ ਕਿਹਾ ਕਿ ਬਰਨਾਲਾ ਸਰਕਾਰ ਦਾ ਹਸ਼ਰ ਵੀ ਜੰਮੂ ਕਸ਼ਮੀਰ ਦੀ ਸ਼ਾਹ ਸਰਕਾਰ ਵਾਲਾ ਹੋਵੇਗਾ।

## “ਕਾਲੇ ਦਿਨ” ਦਾ ਸੱਦਾ

ਇਸੇ ਦੌਰਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਹਰਿੰਦਰ ਸਿੰਘ ਕਾਹਲੋਂ ਨੇ ਬਟਾਲਾ ਦੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ 20 ਮਾਰਚ ਨੂੰ “ਕਾਲਾ ਦਿਨ” ਮਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ “ਸਿੱਖ ਵਿਰੋਧੀ” ਤਾਕਤਾਂ ਦੇ ਸਮਾਜਕ ਬਾਈਕਾਟ ਦਾ ਵੀ ਸੱਦਾ ਦਿੱਤਾ।

# 10 ਤਾਮਿਲ ਅਤਿਵਾਦੀ ਹਲਾਕ

ਕੋਲੰਬੋ — ਕੌਮੀ ਸੁਰੱਖਿਆ ਮੰਤਰਾਲੇ ਨੇ ਦੱਸਿਆ ਕਿ ਉਤਰੀ ਸ੍ਰੀਲੰਕਾ ਵਿਚ ਫੌਜ ਨੇ ਭੰਨ ਤੋੜ ਵਿਚ ਲਗੇ ਦਸ ਤਾਮਿਲ ਅਤਿਵਾਦੀਆਂ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਹੈ। ਮੰਤਰਾਲੇ ਅਨੁਸਾਰ ਸੱਤ ਅਤਿਵਾਦੀਆਂ ਨੂੰ ਉਸ ਸਮੇਂ ਮਾਰਿਆ ਗਿਆ ਜਦੋਂ ਉਨ੍ਹਾਂ ਨੇ ਫੌਜ ਦੀ ਇਕ ਟੁਕੜੀ ਉਤੇ ਕਿਲੀਨੋਛਡੀ ਵਿਚ ਹਮਲਾ ਕਰ ਦਿੱਤਾ।

# ਅਕਾਲ ਤਖਤ ਦੀ ‘ਕੈਬਨਿਟ’ ਵਲੋਂ ਸੀ. ਆਰ. ਪੀ. ਤੇ ਦੋਸ਼

ਅੰਮ੍ਰਿਤਸਰ — ਅਕਾਲ ਤਖਤ ਦੀ ਪੰਜ ਮੈਂਬਰੀ ‘ਕੈਬਨਿਟ’ ਨੇ ਕੇਂਦਰੀ ਸੁਰੱਖਿਆ ਪੁਲੀਸ ਉਪਰ ਗੁਰਦਾਸਪੁਰ ਜ਼ਿਲੇ ਦੇ ਸ਼ਹਿਰ ਬਟਾਲੇ ਅੰਦਰ ਸਥਿਤੀ ਨੂੰ ‘ਬਹੁਤ ਹੀ ਗੈਰਜ਼ਿੰਮੇਵਾਰਾਨਾ ਤੇ ਗਲਤ ਤਰੀਕੇ’ ਨਾਲ ਹੈਂਡਲ ਕਰਨ ਦਾ ਦੋਸ਼ ਲਗਾਇਆ ਹੈ ਅਤੇ ਸੀ. ਆਰ. ਪੀ. ਨੂੰ ਫੌਰੀ ਤੌਰ ’ਤੇ ਪੰਜਾਬ ’ਚੋਂ ਬਾਹਰ ਕੱਢੇ ਜਾਣ ਦੀ ਮੰਗ ਕੀਤੀ ਹੈ। ‘ਕੈਬਨਿਟ’ ਵਲੋਂ ਪ੍ਰੈਸ ਦੇ ਨਾਂ ਜਾਰੀ ਕੀਤੇ ਗਏ ਬਿਆਨ ਵਿਚ ਬਰਨਾਲਾ ਸਰਕਾਰ ਨੂੰ ਕੇਂਦਰੀ ਸੁਰੱਖਿਆ ਦਲਾਂ ਨੂੰ ਪੰਜਾਬ ਤੋਂ ਵਾਪਸ ਭੇਜ ਦੇਣ ਅਤੇ ‘ਸਮਾਜ ਵਿਰੋਧੀ’ ਫਿਰਕੂ ਤੇ ਮುಜਰਮਾਨਾ ਕਿਸਮ ਦੇ ਅਨਸਰਾਂ ਨਾਲ ਸਖਤ ਹੱਥਾਂ ਨਾਲ ਨਜਿਠਣ ਲਈ ਕਿਹਾ ਗਿਆ ਹੈ।

ਕਮੇਟੀ ਨੇ ਮੁੱਖ ਮੰਤਰੀ ਨੂੰ ਕੇਂਦਰ ਸਰਕਾਰ ਨੂੰ ਵੀ ਸਪਸ਼ਟ ਸ਼ਬਦਾਂ ਵਿਚ ਇਹ ਦਸ ਦੇਣ ਲਈ ਕਿਹਾ ਹੈ ਕਿ ਉਹ ਪੰਜਾਬ ਦੀ ਅੰਦਰੂਨੀ ਸਥਿਤੀ ਵਿਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਨਾ ਕਰੇ। ਇਸੇ ਦੌਰਾਨ ਸਾਡੇ ਨੁਮਾਇੰਦੇ ਸ੍ਰੀ ਭੰਵਰ ਅਨੁਸਾਰ ਮੱਖਣ ਸਿੰਘ ਲਹਿਰਾ ਬੇਗਾ ਅਤੇ ਗੁਰਮੀਤ ਸਿੰਘ ਪੂਹਲੀ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਬਠਿੰਡਾ ਜ਼ਿਲਾ ਇਕਾਈ ਦੇ ਕ੍ਰਮਵਾਰ ਕੋ-ਕਨਵੀਨਰ ਅਤੇ ਜਨਰਲ ਸਕੱਤਰ ਨਾਮਜ਼ਦ ਕੀਤਾ ਗਿਆ ਹੈ। ਇਸੇ ਤਰ੍ਹਾਂ ਇਕਬਾਲ ਸਿੰਘ ਪੂਹਲੀ ਅਤੇ ਅਜੀਤ ਸਿੰਘ ਲਹਿਰਾ ਬੇਗਾ ਨੂੰ ਫੈਡਰੇਸ਼ਨ ਦੀ ਨਥਾਣਾ ਇਕਾਈ ਦੇ ਕ੍ਰਮਵਾਰ ਕਨਵੀਨਰ ਅਤੇ ਕੋ-ਕਨਵੀਨਰ ਨਾਮਜ਼ਦ ਕੀਤਾ ਗਿਆ ਹੈ।

# 10+2 ਪ੍ਰਣਾਲੀ ਵਿਚ ਐਮ. ਏ. 17 ਸਾਲਾਂ ਵਿਚ ਹੋਏਗੀ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਅਗਲੇ ਵਿਦਿਅਕ ਸੈਸ਼ਨ 1986-87 ਤੋਂ ਰਾਜ ਦੇ 165 ਸਰਕਾਰੀ ਅਤੇ ਪ੍ਰਾਈਵੇਟ ਹਾਇਰ ਸੈਕੰਡਰੀ ਸਕੂਲਾਂ ਵਿਚ ਦਸ ਜਮ੍ਹਾਂ ਦੋ ਦੀ ਨਵੀਂ ਵਿਦਿਅਕ ਪ੍ਰਣਾਂਲੀ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਸਿਖਿਆ ਮੰਤਰੀ ਸ੍ਰੀ ਸੁਖਜਿੰਦਰ ਸਿੰਘ ਨੇ ਸੁਆਲ-ਜੁਆਬ ਦੇ ਸਮੇਂ ਪੰਜਾਬ ਅਸੈਂਬਲੀ ਵਿਚ ਸਦਨ ਨੂੰ ਨਵੀਂ ਪ੍ਰਣਾਲੀ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਐਮ. ਏ. ਜਿਥੇ ਪਹਿਲਾਂ 16 ਸਾਲ ਵਿਚ ਮੁਕੰਮਲ ਹੁੰਦੀ ਸੀ ਹੁਣ 17 ਸਾਲ ਵਿਚ ਮੁਕੰਮਲ ਹੋਵੇਗੀ। ਬੀ. ਏ. ਪੰਦਰਾਂ ਸਾਲ ਵਿਚ ਮੁਕੰਮਲ ਹੋਇਆ ਕਰੇਗੀ। ਉਨ੍ਹਾਂ ਦੱਸਿਆ ਕਿ 10 ਜਮ੍ਹਾਂ 2 ਪ੍ਰਣਾਲੀ ਸਕੂਲਾਂ ਅਤੇ ਕਾਲਜਾਂ ਦੋਵਾਂ ਵਿਚ ਲਾਗੂ ਹੋਵੇਗੀ।

ਉਨ੍ਹਾਂ ਕਿਹਾ ਕਿ 99 ਸਰਕਾਰੀ ਅਤੇ 65 ਪ੍ਰਾਈਵੇਟ ਹਾਇਰ ਸੈਕੰਡਰੀ ਸਕੂਲਾਂ ਵਿਚ ਦਸ ਜਮ੍ਹਾਂ ਦੋ ਪ੍ਰਣਾਲੀ ਨੂੰ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਮਨੋਰਥ ਵਿਦਿਆਰਥੀਆਂ ਨੂੰ ਪਹਿਲਾਂ ਨਾਲੋਂ ਵਧੇਰੇ ਸੁਯੋਗ ਵਿਦਿਆ ਦੇਣਾ ਹੈ। ਇਸ ਸਕੀਮ ਅਧੀਨ ਲੜਕੇ ਅਤੇ ਲੜਕੀਆਂ ਦੋਹਾਂ ਦੇ ਹੀ ਸਕੂਲ ਆਉਂਦੇ ਹਨ। ਇਸ ਸਕੀਮ ਵਿਚ ਸਭ ਤੋਂ ਵਧੇਰੇ ਲਾਭ ਅੰਮ੍ਰਿਤਸਰ ਜ਼ਿਲੇ ਨੂੰ ਹੋਵੇਗਾ ਜਿਥੇ ਕਿ 27 ਸਰਕਾਰੀ ਅਤੇ ਗੈਰ ਸਰਕਾਰੀ ਸਕੂਲ ਹਨ।

# ਮਹਾਰਾਜਾ ਰਣਜੀਤ ਸਿੰਘ ਚੇਅਰ ਸਥਾਪਤ ਕਰਨ ਦਾ ਫੈਸਲਾ

ਅੰਮ੍ਰਿਤਸਰ — ਪੰਜਾਬ ਦੇ ਸਿਖਿਆ ਮੰਤਰੀ ਸੁਖਜਿੰਦਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮਹਾਰਾਜਾ ਰਣਜੀਤ ਸਿੰਘ ਚੇਅਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਉਹ ਇਥੇ ਸੋਹਨ ਲਾਲ ਸੂਰੀ ਦੀ ਫਾਰਸੀ ਪੁਸਤਕ ‘ਉਮਕਤ-ਉਤਤਵਾਰੀਖ’ ਨੂੰ ਰੀਲੀਜ਼ ਕਰ ਰਹੇ ਸਨ ਜਿਸ ਦਾ ਅਨੁਵਾਦ ਡਾ. ਜੇ. ਐਸ. ਗਰੇਵਾਲ ਅਤੇ ਪ੍ਰੋ: ਇੰਦੂ ਬੰਗਾ ਨੇ ਕੀਤਾ ਹੈ। ਪੁਸਤਕ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਹੈ।

ਮੰਤਰੀ ਨੇ ਕੈਂਪਸ ਉਤੇ ਗੁਰੂ ਨਾਨਕ ਭਵਨ ਦੀ ਇਮਾਰਤ ਲਈ 15 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਪੰਜ ਲੱਖ ਰੁਪਏ ਉਨ੍ਹਾਂ ਯੂਨੀਵਰਸਿਟੀ ਪ੍ਰੈਸ ਲਈ ਦੇਣ ਦਾ ਵੀ ਐਲਾਨ ਕੀਤਾ।


## ‘ਕੈਨੇਡਾ ਦਰਪਣ’ ਦੇ ਚੰਦੇ ਦਾ ਫਾਰਮ
## SUBSCRIPTION FORM

To

The Canada Darpan
P.O.Box. 67344,STN.‘O’
VANCOUVER,B.C.
CANADA V5W 3T1

I am enclosing a ☐cheque ☐M.O. ☐Draft as my Subscription for the year(s)....... I may be sent the newspaper at the following address :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA........................ | 100 dollars[a year] |
| U.S.A. ..................... | 30 dollars [a year] |
| Europe ..................... | 100 dollars[a year] |
| Africa ..................... | 100 dollars [a year] |


Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.


ਜਨਤਾ ਦੀ ਜਿੱਤ ਹੋਵੇਗੀ,
ਜੁੜ ਗਏ ਦੁਨੀਆਂ ਭਰ ਦੇ ਲੋਕ
ਝੁੱਗੀਆਂ ਦੇ ਦਿਨ ਪਲਟੇ ਨੇ,
ਮਾਲਕ ਬਣ ਗਏ ਬਰਦੇ ਲੋਕ।


## ਕੰਨਿਆ ਦੀ ਲੋੜ

ਇਕ 32 ਸਾਲਾ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕਾ ਕੰਮ ਤੇ ਲੱਗਾ ਹੋਇਆ ਹੈ ਤੇ 16 ਡਾਲਰ ਘੰਟੇ ਦੇ ਲੈਂਦਾ ਹੈ। ਲੜਕਾ ਕੈਨੇਡੀਅਨ ਸਿਟੀਜ਼ਨ ਹੈ ਤੇ ਜੱਟ ਸਿਖ ਪਰਵਾਰ ਨਾਲ ਸਬੰਧਤ ਹੈ। ਤੇ ਕਲੀਨ-ਸ਼ੇਵਨ ਹੈ। ਲੜਕੀ ਇੰਮੀਗਰੈਂਟ ਜਾਂ ਸਿਟੀਜ਼ਨ ਹੋਵੇ। ਲੜਕਾ ਤਲਾਕਸ਼ੁਦਾ ਹੈ। ਹੋਰ ਜਾਣਕਾਰੀ ਲਈ ਲਿਖੋ

J.S.P.
C/o Canada Darpan
P.O.BOX 67344 Stn. 0
Vancouver, B.C.

## ਕੰਨਿਆ ਦੀ ਲੋੜ

26 ਸਾਲਾ ਜੱਟ ਸਿਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇੰਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇੰਮੀਗਰੈਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1

## ਮੈਟਰੀਮੋਨੀਅਲ

ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।

ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।

ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1

## ਵਰ ਦੀ ਲੋੜ

ਇਕ 21 ਸਾਲਾ ਲੜਕੀ ਲਈ ਕੰਮ ਤੇ ਲੱਗੇ ਹੋਏ ਲੜਕੇ ਦੀ ਲੋੜ ਹੈ। ਲੜਕੀ ਕੰਮ ਕਰਦੀ ਹੈ ਅਤੇ ਇੰਡੀਆਂ ਦੀਆਂ ਦਸ ਜਮਾਤਾਂ ਪਾਸ ਹੈ ਅਤੇ ਕੈਨੇਡਾ ਆ ਕੇ ਵੀ 2-3 ਸਾਲ ਪੜ੍ਹਾਈ ਨੂੰ ਲਾਏ ਹਨ। ਹੋਰ ਜਾਣਕਾਰੀ ਫੋਨ ਤੇ ਜਾਂ ਚਿੱਠੀ ਪੱਤਰ ਕਰਕੇ ਪਤਾ ਕਰ ਸਕਦੇ ਹੋ।

K.S.
C/o Canada Darpan
P.O.BOX 67344 Stn. 0
Vancouver, B.C. V5W 3T1

## ਕੰਨਿਆ ਦੀ ਲੋੜ

25 ਸਾਲਾ ਟਾਂਕ ਕਸ਼ੱਤਰੀ ਨੌਜਵਾਨ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ, ਲੜਕਾ H/Sc. ਪਾਸ ਹੈ, ਕੰਮ ਦੇ ਲੱਗਾ ਹੋਇਆ ਹੈ, ਖੂਬਸੂਰਤ ਹੈ ਲਈ 18 ਤੋਂ 24 ਸਾਲ ਤੱਕ ਦੀ Canadian Immigrant ਜਾਂ ਕਨੇਡੀਅਨ ਸਿਟੀਜਨ ਲੜਕੀ ਦੀ ਲੋੜ ਹੈ। ਵਿਆਹ ਸਾਦਾ ਤੇ ਜਲਦੀ, ਪੱਤਰ ਵਿਹਾਰ ਲਈ ਲਿਖੋ :—

A.S.
C/o Canada Darpan
P.O.BOX 67344 Stn O
Vancouver, B.C. V5W 3T1

# ROKKO SAREES & FABRICS

**6201 Fraser Street**
**VANCOUVER**
**Tel: 327-3033**

## ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ

## ਖੁਲ੍ਹਾ ਰਹਿੰਦਾ ਹੈ




## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

## ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ ਆਉਣਾ
ਨਾ ਭੁਲੋ!!

**ROKKO SAREES & FABRICS**
6201 Fraser Street
VANCOUVER
**Tel: 327-3033**